39ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ

# TARKSHEEL

ਮਾਰਚ-ਅਪ੍ਰੈਲ 2025

ਅੰਤਰ ਝਾਤ:



ਵਿਗਿਆਨ ਦਾ ਸਫ਼ਰ (8)



ਅਛੂਤ ਦਾ ਸਵਾਲ (17)



ਜੱਗ ਬੀਤੀ (ਸ਼ੋਸ਼ਲ ਮੀਡੀਆ ਅਤੇ ਨੌਜਵਾਨ) (24)



ਸ਼ਬਦ ਚਿੱਤਰ (ਪਾਸ਼ : ਨੁਕੀਲੀਆਂ ਅੱਖਾਂ ਦੀ ਤੀਖਣ ਦ੍ਰਿਸ਼ਟੀ) (35)



ਮਹਾਂ ਕੁੰਭ ਮੇਲਾ (6)

30/-

ਦਰਖ਼ਤ ਦੀ ਤਰ੍ਹਾਂ ਬਣੋ ਅਤੇ ਮਰੇ ਹੋਏ ਪੱਤਿਆਂ ਨੂੰ ਡਿੱਗਣ ਦਿਓ: ਰੂਮੀ

*ਮਹਿਲਾ ਦਿਵਸ 'ਤੇ*

# ਚਿੜੀਆਂ ਦਾ ਚੰਬਾ

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ,
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ,
ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ,
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ 'ਤੇ ਫੇਰੇਗਾ।

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ,
ਐਥੇ ਹੀ ਕਿਤੇ ਉਰੇ ਪਰੇ ਲੁਕ ਕੇ,
ਕੱਲਮ ਕੱਲਿਆਂ ਰੋਇਆ ਕਰੇਗਾ,
ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।

ਚਿੜੀਆਂ ਦੇ ਚੰਬੇ ਨੂੰ ਭੋਰਾ ਵੀ ਖ਼ਬਰ ਨਾ ਹੋਵੇਗੀ,
ਅਚਾਨਕ ਕਿਤਿਉਂ ਲੋਹੇ ਦੀਆਂ ਚੁੰਝਾਂ ਦਾ ਜਾਲ,
ਉਸ ਜੋਗੇ ਆਸਮਾਨ ਉੱਤੇ ਵਿਛ ਜਾਵੇਗਾ,
ਅਤੇ ਲੰਮੀਂ ਉਡਾਰੀ ਦਾ ਉਹਦਾ ਸੁਫ਼ਨਾ,
ਉਹਦੇ ਹਰਨੋਟਿਆਂ ਨੈਣਾਂ ਤੋਂ ਤ੍ਰੈਅ ਖਾਵੇਗਾ।

ਚਿੜੀਆਂ ਦਾ ਚੰਬਾ ਮੁਫ਼ਤ ਹੀ ਪਰੇਸ਼ਾਨ ਹੁੰਦਾ ਹੈ,
ਬਾਬਲ ਤਾਂ ਡੋਲੇ ਨੂੰ ਤੋਰ ਕੇ
ਉੱਖੜੇ ਬੂਹੇ ਨੂੰ ਇੱਟਾਂ ਲਵਾਏਗਾ,
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ਼ ਗਲ਼ੇ ਹੋਏ ਕੁੜਤੇ ਉੱਤੇ ਟਾਕੀ ਸੰਵਾਏਗਾ,
ਜਦੋਂ ਉਹ ਆਪ ਹੀ ਗਲੋਟਿਆਂ ਜਿਉਂ ਕੱਤਿਆ ਜਾਵੇਗਾ,
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉੱਕਾ ਨਹੀਂ ਸਤਾਏਗਾ।

ਚਿੜੀਆਂ ਦਾ ਚੰਬਾ ਉੱਡ ਕੇ,
ਕਿਸੇ ਵੀ ਦੇਸ਼ ਨਹੀਂ ਜਾਏਗਾ,
ਸਾਰੀ ਉਮਰ ਕੰਡ ਚਰ੍ਹੀਆਂ ਦੀ ਹੰਢਾਏਗਾ,
ਤੇ ਚਿੱਟੇ ਚਾਦਰੇ 'ਤੇ ਲੱਗਿਆ,
ਉਹਦੀ ਮਾਹਵਾਰੀ ਦਾ ਖ਼ੂਨ ਉਸ ਦਾ ਮੂੰਹ ਚਿੜਾਏਗਾ।



-ਪਾਸ਼


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
ਪਾਲ ਬਾਗਪੁਰ
ਰਾਜਪਾਲ ਸਿੰਘ
ਜਸਵੰਤ ਮੋਹਾਲੀ
ਸੁਖਦੇਵ ਧੂਰੀ
ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ
ਵਿਸ਼ਵ ਕਾਂਤ
ਡਾ. ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਰਾਜਪਾਲ ਸਿੰਘ

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ, ਵੈਨਕੂਵਰ
ਬੀਰਬਲ ਭਦੌੜ, ਕੈਲਗਿਰੀ
ਬਲਦੇਵ ਰਹਿਪਾ, ਟਰਾਂਟੋ
(+1 41688 17202)
ਅੱਛਰ ਸਿੰਘ ਖਰਲਵੀਰ,
ਕਵੈਂਟਰੀ (ਇੰਗਲੈਂਡ)
+1 44 748 635 1185

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਜੋ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400
ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਔਖ਼ ਆਰਟ ਪ੍ਰੈੱਸ ਬਾਹਰੋਂਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਰਤੀਬ


1. ਸੰਪਾਦਕੀ 1
2. ਮਹਾਂ ਕੁੰਭ ਮੇਲਾ 2
3. ਖ਼ੂਨ ਸੰਘਣਾ ਜਾਂ ਗਾੜ੍ਹਾ ਹੋਣਾ 5
4. ਵਿਗਿਆਨ ਦਾ ਸਫ਼ਰ 8
5. ਸ਼ਾਹ ਦੌਲੇ ਦਾ ਚੂਹਾ (ਕਹਾਣੀ) 11
6. ਕੇਸ ਰਿਪੋਰਟ (ਪ੍ਰੇਤ ਦਾ ਡੰਡਾ) 15
7. ਅਛੂਤ ਦਾ ਸਵਾਲ 17
8. ਵਿਦਿਆਰਥੀ ਕੋਨਾ 20
9. ਅਰਜਕ ਸੰਘ (ਪ੍ਰੇਰਣਾਦਾਇਕ ਸੰਸਥਾਵਾਂ) 21
10. ਜੱਗ ਬੀਤੀ (ਸੋਸ਼ਲ ਮੀਡੀਆ ਅਤੇ ਨੌਜਵਾਨ) 24
11. ਲੱਗ ਰਹੇ ਬੋਰ 'ਚੋਂ ਆਪ ਮੁਹਾਰੇ ਪਾਣੀ ਨਿਕਲਣ ਦੇ ਚਮਤਕਾਰ ਦਾ ਰਹੱਸ-26
12. ਬੋਲ ਸਦੀਵੀ 27
13. ਪੈੜਾਂ 28
14. ਬੁਲੰਦ ਇਰਾਦੇ ਵਾਲੀਆਂ ਔਰਤਾਂ ('ਕਿੱਟੀ' ਡਾਇਰੀ ਵਾਲੀ ਐਨੇ ਫਰਾਂਕ) 30
15. ਸ਼ਬਦ ਚਿੱਤਰ (ਪਾਸ਼ : ਨੁਕੀਲੀਆਂ ਅੱਖਾਂ ਦੀ ਤੀਖਣ ਦ੍ਰਿਸ਼ਟੀ) 35
16. ਚੇਤਨਾ ਪ੍ਰੀਖਿਆ : ਪ੍ਰਭਾਵ ਤੇ ਅਹਿਸਾਸ 39
17. ਮੇਰਾ ਅਨੁਭਵ 41
18. ਸਰੀਰ ਪ੍ਰਣਾਲੀ 42
19. ਭੂਤਾਂ-ਪ੍ਰੇਤਾਂ ਦੇ ਵਾਸੇ ਵਾਲੇ ਚਮਤਕਾਰੀ ਖੰਡੇ ਦਾ ਪਰਦਾਫ਼ਾਸ਼ 43
20. ਪੇਸ਼ ਕਦਮੀਆਂ 44
21. ਪ੍ਰਾਪਤ ਆਰਥਿਕ ਸਹਾਇਤਾ 47
22. F.I.R.A. ਕਾਨਫਰੰਸ 48
23. ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਨਮਾਨ ਸਮਾਗਮ 49
24. ਪ੍ਰਤੀਕਰਮ 51
25. ਜੈਪੁਰ ਵਿਖੇ ਤਰਕਸ਼ੀਲਾਂ ਦੀ ਵਿਚਾਰ ਚਰਚਾ 52
26. ਅੰਤਰ-ਰਾਸ਼ਟਰੀ ਨਾਸਤਿਕ ਕਾਨਫਰੰਸ 54
27. ਆਖਰੀ ਪੰਨਾ 56



**ਕੰਪੋਜ਼ਿੰਗ/ਸੈਟਿੰਗ : ਹਰਪ੍ਰੀਤ 'ਰੂਬੀ'**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਕੀ ਧਾਰਮਿਕ ਸਥਾਨਾਂ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਵੇਖ ਕੇ, ਕਦੇ ਤੁਹਾਡੇ ਮਨ ਵਿੱਚ ਇਹ ਸਵਾਲ ਪੈਦਾ ਹੋਇਆ, ਕਿ ਜਿਸ 'ਦੈਵੀ' ਤਾਕਤ ਦੀ ਤੁਸੀਂ ਇਹ ਸੋਚ ਕੇ ਪੂਜਾ ਕਰਦੇ ਹੋਂ, ਮੰਨਤ ਕਰਦੇ ਹੋਂ, ਕਿ ਉਹ 'ਰੱਬ' ਤੁਹਾਡੀ ਹਰ ਧੋਖਾਧੜੀ, ਬੁਰੀ ਘਟਨਾ, ਕੁੱਝ ਮਾੜਾ ਵਾਪਰਨ, ਚੋਰੀ ਹੋਣ ਤੋਂ ਰੱਖਿਆ ਕਰੇਗਾ, ਉਸ ਨੂੰ ਆਪਣੀ ਨਿਗਰਾਨੀ ਲਈ ਇਨ੍ਹਾਂ ਕੈਮਰਿਆਂ ਦੀ ਲੋੜ ਕਿਉਂ ਪੈਂਦੀ ਹੈ ? ਇਹ ਸੋਚਣਾ ਹੀ ਤਰਕਸ਼ੀਲਤਾ ਵੱਲ ਪਹਿਲਾ ਕਦਮ ਹੈ। ਜੇ ਅਸੀਂ ਧਾਰਮਿਕ ਹਾਂ, ਸਾਡਾ ਪੱਕਾ ਵਿਸ਼ਵਾਸ ਹੈ ਕਿ ਸਭ ਕੁੱਝ ਕਰਨ/ਕਰਾਉਣ ਵਾਲਾ ਉਹ 'ਰੱਬ' ਹੀ ਹੈ ਤਾਂ ਸਾਨੂੰ ਸਾਡੇ ਜੀਵਨ ਵਿੱਚ ਵਾਪਰੀ ਕਿਸੇ ਦੁਰਘਟਨਾ 'ਤੇ ਉਜਰ ਕਿਉਂ ? ਸਭ ਕੁੱਝ ਉਸ ਦੀ ਮਰਜੀ ਨਾਲ, ਲਿਖੇ ਅਨੁਸਾਰ ਹੀ ਤਾਂ ਹੋ ਰਿਹਾ ਹੈ ਫਿਰ ਇਨਸਾਫ਼ ਲੈਣ ਲਈ 'ਦੁਨਿਆਵੀ' ਥਾਨਿਆਂ/ਅਦਾਲਤਾਂ ਦੀ ਲੋੜ ਕਿਉਂ ? ਕੀ ਫਿਰ ਇਹ ਥਾਨੇ/ਅਦਾਲਤਾਂ 'ਰੱਬੀ' ਅਦਾਲਤ ਨਾਲੋਂ ਉੱਪਰ ਹਨ ? ਜੋ ਅਖੌਤੀ ਸਰਵ-ਉੱਚ ਸੱਤਾ 'ਰੱਬ' ਵੱਲੋਂ ਸਾਡੀ ਨਾਲ ਕੀਤੀ ਮਾੜੀ ਗੱਲ ਖਿਲਾਫ਼ ਸਾਨੂੰ ਇਨਸਾਫ਼ ਦਿੰਦੀਆਂ ਹਨ ? ਆਦਿ। ਜੇ ਸਾਡੇ ਦਿਮਾਗ ਵਿੱਚ ਇਹ ਸਵਾਲ ਆਉਣੇ ਸ਼ੁਰੂ ਹੋ ਗਏ ਤਾਂ ਇਨ੍ਹਾਂ ਦੇ ਜਵਾਬ ਵੀ ਲੱਭ ਲਵਾਂਗੇ। ਧਾਰਮਿਕ ਸ਼ਬਦ ਲਿਖ ਕੇ ਪਰਿਵਾਰਕ ਚਿੱਠੀਆਂ ਲਿਖਣ ਵਾਲੇ ਭਗਤ ਸਿੰਘ ਤੋਂ ਜੇਲ੍ਹ ਵਿਚ 'ਮੈਂ ਨਾਸਤਿਕ ਕਿਉਂ ਹਾਂ ?' ਵਰਗੀ ਤਰਕ-ਸੰਗਤ ਉੱਚ ਪੱਧਰੀ ਲਿਖਤ ਸਿਰਜਣ ਵਾਲੇ ਇਨਕਲਾਬੀ ਭਗਤ ਸਿੰਘ ਤੱਕ ਦਾ ਸਫ਼ਰ ਇਨ੍ਹਾਂ ਸਵਾਲਾਂ ਦੇ ਜਵਾਬਾਂ ਦੀ ਭਾਲ ਦਾ ਹੀ ਸਫ਼ਰ ਹੈ। ਇਸ ਲਈ ਸੰਵਾਦ ਰਚਾਉਣਾ ਪਵੇਗਾ, ਅਧਿਐਨ ਕਰਨਾ ਪਵੇਗਾ। ਕਿਤਾਬਾਂ ਦੇ ਕਲਾਵੇ ਵਿੱਚ ਜਾਣਾ ਪਵੇਗਾ। ਕਿਤਾਬਾਂ 'ਚ ਏਨੀ ਤਾਕਤ ਹੈ ਕਿ ਵੱਡੇ-ਵੱਡੇ ਇਨਕਲਾਬ ਕਰਦੀਆਂ ਹਨ। ਪਿਛਾਖੜੀ ਤਾਕਤਾਂ ਇਸ ਲਈ ਕਿਤਾਬਾਂ ਤੋਂ ਘਬਰਾਉਂਦੀਆਂ ਹਨ। ਇਸੇ ਕਰਕੇ ਹੁਣ ਪੁਸਤਕ ਮੇਲੇ ਵੀ 'ਭਾਵਨਾਵਾਂ ਭੜਕਾਉਣ' ਲੱਗੇ ਹਨ। **'ਇੰਡੀਅਨ ਐਕਸਪ੍ਰੈਸ'** ਦੇ ਅਨੁਸਾਰ ਉਤਰਾਖੰਡ ਦੀ ਪੌੜੀ ਗੜ੍ਹਵਾਲ ਕੇਂਦਰੀ ਯੂਨੀਵਰਸਿਟੀ ਵਿੱਚ 'ਕਿਤਾਬ ਕੌਤਕ' ਦੇ ਨਾਮ ਹੇਠ ਲੱਗਣ ਵਾਲਾ ਬਾਰ੍ਹਵਾਂ ਪੁਸਤਕ ਮੇਲਾ ਸੰਘ ਪਰਿਵਾਰ ਨੇ ਰੋਕ ਦਿੱਤਾ। ਉਹਨਾਂ ਨੇ ਨੰਗੀ ਚਿੱਟੀ ਬਦਮਾਸ਼ੀ ਕਰਦਿਆਂ ਸ਼ਰੇਆਮ ਪੁਸਤਕ ਮੇਲਾ ਲੱਗਣ ਦੀ ਸੂਰਤ ਵਿੱਚ ਕਿਤਾਬਾਂ ਨੂੰ ਫੂਕਣ ਦੀ ਧਮਕੀ ਦਿੱਤੀ ਹੈ। ਇਹ ਸਮਾਜ ਲਈ ਇੱਕ ਵੱਡੀ ਖ਼ਤਰੇ ਦੀ ਘੰਟੀ ਵੀ ਹੈ, ਅਤੇ ਨਾਲ ਹੀ ਸੁਨੇਹਾ ਵੀ ਕਿ ਹਨੇਰੇ ਦੀਆਂ ਤਾਕਤਾਂ ਕਿਤਾਬਾਂ ਨੂੰ ਵੇਖ ਕੰਬਦੀਆਂ ਹਨ। ਭਾਰਤ ਸਰਕਾਰ ਵੱਲੋਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ 'ਤੇ ਵਧਾਇਆ ਅਥਾਹ ਖਰਚਾ ਵੀ ਇਸੇ ਦਿਸ਼ਾ ਵਿੱਚ ਹੈ। ਸਮਾਜਿਕ ਤਬਦੀਲੀ ਲਈ ਸਾਨੂੰ ਅਧਿਆਤਮਵਾਦੀ ਸੋਚ ਤਜ ਕੇ ਪਦਾਰਥਵਾਦੀ ਸੋਚ ਦੇ ਧਾਰਨੀ ਬਨਣਾ ਪਵੇਗਾ। ਸੰਪਾਦਕੀ ਦੇ ਸ਼ੁਰੂ ਵਿੱਚ ਉਠਾਏ ਸਵਾਲ ਦਾ ਜਵਾਬ ਪਿਛਲੇ ਮਹੀਨੇ ਛਪੀਆਂ ਤਿੰਨ ਖ਼ਬਰਾਂ ਦੀਆਂ ਹੈੱਡ ਲਾਇਨਾਂ 'ਚੋਂ ਵੀ ਤੁਹਾਨੂੰ ਮਿਲ ਜਾਵੇਗਾ : ਮੰਦਰ 'ਚੋਂ ਛਤਰ ਚੋਰੀ ਕਰਨ ਵਾਲੀ ਔਰਤ ਸਮੇਤ ਦੋ ਕਾਬੂ (ਪਿੰਡ ਤਾਜੀਆ ਖੇੜਾ, ਸਿਰਸਾ), ਧਰਮ ਦੇ ਨਾਮ 'ਤੇ ਠੱਗਣ ਵਾਲਾ ਗ੍ਰਿਫਤਾਰ (ਫਾਜ਼ਿਲਕਾ), ਬ੍ਰਿਟਿਸ਼ ਸਿੱਖ ਭੈਣ ਭਰਾ ਨੂੰ ਦਾਨ 'ਚ ਹੇਰਾ ਫੇਰੀ ਦੇ ਦੋਸ਼ ਹੇਠ ਜੇਲ੍ਹ (ਲੰਡਨ)। ਅਖੌਤੀ ਧਰਮ ਦੇ ਨਾਮ 'ਤੇ ਠੱਗੀਆਂ ਮਾਰਣ, ਧਾਰਮਿਕ ਸਥਾਨਾਂ 'ਚੋਂ ਚੋਰੀ ਕਰਨ ਦੀਆਂ ਇਹਨਾਂ ਘਟਨਾਵਾਂ ਵਿੱਚ ਗ੍ਰਿਫਤਾਰੀਆਂ ਦੁਨਿਆਵੀ ਥਾਨਿਆਂ ਨੇ ਕੀਤੀਆਂ ਹਨ, ਸਜ਼ਾਵਾਂ ਦੁਨਿਆਵੀ ਕੋਰਟਾਂ ਨੇ ਦਿੱਤੀਆਂ ਹਨ, ਕਿਸੇ ਦੈਵੀ ਤਾਕਤ ਨੇ ਨਹੀਂ, ਪਰ ਇਹ ਵੀ ਪੱਕੇ ਨਾ ਹੋ ਜਾਣਾ ਕਿ ਥਾਨੇ/ਅਦਾਲਤਾਂ ਇਨਸਾਫ਼ ਹੀ ਕਰਦੇ ਹਨ। ਇਹੇ ਵੀ ਇਸੇ ਲੋਕ ਦੋਖੀ ਪ੍ਰਬੰਧ ਦੀਆਂ ਖੜ੍ਹੀਆਂ ਕੀਤੀਆਂ ਸੰਸਥਾਵਾਂ ਹਨ। ਇਹ ਜਬਰ ਦਾ ਪ੍ਰਤੀਕ ਹਨ। ਲੋਕਾਂ ਦੀ ਤਾਕਤ ਨਾਲ ਇਨ੍ਹਾਂ ਤੋਂ ਇਨਸਾਫ਼ ਲੈਣਾ ਪੈਂਦਾ। ਆਓ ਇਸ ਇਤਿਹਾਸਕ ਮਹੀਨੇ 23 ਮਾਰਚ ਦੇ ਸ਼ਹੀਦਾਂ-ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਵਿਚਾਰਾਂ ਨੂੰ ਯਾਦ ਕਰਦਿਆਂ ਅਧਿਐਨ ਰਾਹੀਂ ਸਮਾਜਿਕ ਤਬਦੀਲੀ ਦੇ ਰਾਹ ਪਈਏ। ਕਿਸੇ 'ਦੈਵੀ' ਸੱਤਾ ਨੇ ਤੁਹਾਡੀ 'ਹੋਣੀ' ਨਹੀਂ ਬਦਲਣੀ। ਇਸ ਨੂੰ ਬਦਲਣ ਲਈ ਤੁਹਾਨੂੰ ਖ਼ੁਦ ਅੱਗੇ ਆਉਣਾ ਪਵੇਗਾ।

**- ਬਲਬੀਰ ਲੌਂਗੋਵਾਲ**

# ਮਹਾਂ ਕੁੰਭ ਮੇਲਾ



- ਹੇਮ ਰਾਜ ਸਟੈਨੋ

ਅੱਜ-ਕੱਲ੍ਹ ਅਖਬਾਰਾਂ, ਟੀ.ਵੀ. ਚੈਨਲਾਂ, ਸ਼ੋਸ਼ਲ ਮੀਡੀਆ 'ਤੇ ਕੁੰਭ ਮੇਲੇ ਦੀਆਂ ਖਬਰਾਂ ਅਤੇ ਇਸ਼ਤਿਹਾਰਾਂ ਦਾ ਹੜ੍ਹ ਆਇਆ ਹੋਇਆ ਹੈ। ਇਸ ਸਾਰੇ ਕੁੱਝ ਵਿੱਚੋਂ ਹਰ ਕੋਈ ਆਪੋ-ਆਪਣੇ ਨਜ਼ਰੀਏ ਅਨੁਸਾਰ ਕਿਸੇ ਨਾ ਕਿਸੇ ਸਿੱਟੇ 'ਤੇ ਪਹੁੰਚ ਰਿਹਾ ਹੈ। ਇਹ ਮੇਲਾ ਦੇਸ਼-ਪੱਧਰੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇੱਥੋਂ ਤੱਕ ਕਿ ਸਾਡੇ ਦੇਸ਼ ਦੀ ਲੋਕ-ਸਭਾ 'ਚ ਵੀ ਇਸ ਬਾਰੇ ਚਰਚਾ ਹੁੰਦੀ ਦੇਖੀ ਜਾ ਸਕਦੀ ਹੈ। ਇਸ ਲਈ ਅਸੀਂ ਇਸ ਲਿਖਤ ਰਾਹੀਂ ਇਸ ਬਾਰੇ ਚਰਚਾ ਕਰਨ ਜਾ ਰਹੇ ਹਾਂ।

ਕੁੰਭ-ਮੇਲਾ ਸਾਡੇ ਦੇਸ਼ ਦੇ ਚਾਰ ਪਵਿੱਤਰ ਮੰਨੇ ਜਾਂਦੇ ਸ਼ਹਿਰਾਂ-ਪ੍ਰਯਾਗਰਾਜ, ਹਰਿਦੁਆਰ, ਨਾਸਿਕ ਅਤੇ ਉਜੈਨ ਵਿੱਚ ਮਨਾਇਆ ਜਾਂਦਾ ਹੈ। ਪਰ ਪ੍ਰਯਾਗਰਾਜ 'ਚ ਲੱਗਣ ਵਾਲੇ ਕੁੰਭ ਮੇਲੇ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ ਜਿਹੜਾ ਹਰ 12 ਸਾਲਾਂ ਬਾਅਦ ਮਨਾਇਆ ਜਾਂਦਾ ਹੈ। ਇਹ ਮੇਲਾ ਗੰਗਾ, ਯਮੁਨਾ ਅਤੇ ਅਦ੍ਰਿਸ਼ ਹੋ ਚੁੱਕੀ ਸਰਸਵਤੀ ਨਦੀ ਦੇ ਸੰਗਮ ਹੋ ਜਾਣ ਵਾਲੀ ਥਾਂ 'ਤੇ ਮਨਾਇਆ ਜਾਂਦਾ ਹੈ। ਧਾਰਮਿਕ ਆਸਥਾ ਇਹ ਹੈ ਕਿ ਇੱਥੇ ਇਸ਼ਨਾਨ ਕਰਨ ਨਾਲ ਇਸ਼ਨਾਨ ਕਰਨ ਵਾਲੇ ਪ੍ਰਾਣੀਆਂ ਦੇ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਮਹਾਂਕੁੰਭ ਦੀ ਉਤਪਤੀ ਇਸ ਪ੍ਰਾਚੀਨ ਮਾਨਤਾ ਨਾਲ ਜੁੜੀ ਹੋਈ ਹੈ ਕਿ ਪ੍ਰਾਚੀਨ ਸਮਿਆਂ 'ਚ ਦੇਵਤਿਆਂ ਤੇ ਅਸੁਰਾਂ ਨੇ ਮਿਲਕੇ ਅੰਮ੍ਰਿਤ ਦੀ ਖੋਜ ਕੀਤੀ। ਇਸ ਪੁਰਾਣਿਕ ਕਥਾ ਦੇ ਅਨੁਸਾਰ ਇਹ ਖੋਜ 12 ਸਾਲ ਤੱਕ ਚੱਲੀ। ਉਦੋਂ ਤੋਂ ਹੀ ਮਹਾਂਕੁੰਭ 12 ਸਾਲਾਂ ਬਾਅਦ ਆਯੋਜਿਤ ਕੀਤਾ ਜਾਣ ਲੱਗਿਆ। ਇਸ ਮੇਲੇ ਦੇ ਪ੍ਰਮੁੱਖ ਅਨੁਸ਼ਠਾਨ/ਧਾਰਮਿਕ ਕ੍ਰਿਆਵਾਂ-ਇਸ਼ਨਾਨ, ਪ੍ਰਾਰਥਨਾ, ਪੂਜਾ, ਦਾਨ, ਧਿਆਨ ਅਤੇ ਪ੍ਰਵਚਨ ਹਨ।

ਹਰ ਕੁੰਭ ਮੇਲਾ 12 ਸਾਲਾਂ ਬਾਅਦ ਆਉਂਦਾ ਹੈ। ਹੁਣ ਹੋ ਰਹੇ ਕੁੰਭ ਮੇਲੇ ਬਾਰੇ ਸਰਕਾਰ, ਧਾਰਮਿਕ ਅਚਾਰੀਆਂ ਜਾਂ ਸ਼ਰਧਾਲੂਆਂ ਵੱਲੋਂ ਜੋ ਕਿਹਾ ਜਾ ਰਿਹਾ ਹੈ, ਉਹ ਇਹ ਹੈ ਕਿ ਇਹ ਕੁੰਭ ਮੇਲਾ 144 ਸਾਲ ਬਾਅਦ ਆਇਆ ਹੈ। ਇਹ ਮਾਨਤਾ ਇਤਿਹਾਸਕ ਪ੍ਰਮਾਣ ਨਾ ਹੋ ਕੇ ਧਾਰਮਿਕ ਵਿਸ਼ਵਾਸ 'ਤੇ ਅਧਾਰਿਤ ਹੈ। ਕੁੰਭ ਮੇਲਾ ਹਿੰਦੂ ਧਰਮ ਦੇ ਅਨੁਆਈਆਂ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹਿੰਦੂ ਸ਼ਰਧਾਲੂਆਂ ਵਿੱਚ ਗੰਗਾ ਨੂੰ ਪਵਿੱਤਰ ਨਦੀ ਅਤੇ ਉਸਦੇ ਜਲ ਨੂੰ ਪਵਿੱਤਰ ਜਲ ਵਜੋਂ ਮੰਨਣ ਦੀ ਬੜੀ ਡੂੰਘੀ ਆਸਥਾ ਹੈ। ਇਹ ਆਸਥਾ ਇੰਨੀ ਜ਼ਿਆਦਾ ਹੈ ਕਿ ਅੱਜ ਤੋਂ 50-60 ਪਹਿਲਾਂ ਜਦੋਂ ਕੋਈ ਇਨਸਾਨ ਐਨ ਮੌਤ ਦੇ ਕੰਢੇ 'ਤੇ ਹੁੰਦਾ ਸੀ ਤਾਂ ਉਸਦੇ ਮੂੰਹ ਵਿੱਚ ਗੰਗਾ ਜਲ ਪਾਇਆ ਜਾਂਦਾ ਸੀ। ਭਾਵੇਂ ਬਾਅਦ ਵਿੱਚ ਇਸਦੀ ਥਾਂ 'ਤੇ ਇਹ ਧਾਰਨਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿ ਗੰਗਾ ਜਲ ਪਾਉਣ ਦੀ ਜਗ੍ਹਾ ਉਸ ਇਨਸਾਨ ਨੂੰ ਗੀਤਾ ਦਾ ਪਾਠ ਸੁਣਾਇਆ ਜਾਣ ਲੱਗਿਆ। ਹੁਣ ਸਮੇਂ ਦੇ ਫੇਰ ਨਾਲ ਇਹ ਵੀ ਲਗਭਗ ਅਪ੍ਰਚੱਲਿਤ ਹੋ ਗਈ ਹੈ।

ਹੁਣ ਵਾਲੇ ਕੁੰਭ ਮੇਲੇ ਵਿੱਚ ਜਿੱਥੇ ਆਮ ਸ਼ਰਧਾਲੂ ਸ਼ਾਮਲ ਹੋ ਰਹੇ ਹਨ ਉੱਥੇ ਯੂ.ਪੀ. ਦੀ ਸਰਕਾਰ ਹੀ ਨਹੀਂ ਬਲਕਿ ਪ੍ਰਧਾਨ ਮੰਤਰੀ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਦੇਸ਼ ਦੇ ਸਭ ਤੋਂ ਉੱਚ ਅਹੁਦੇ 'ਤੇ ਬਿਰਾਜਮਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੀ ਇਸ ਵਿੱਚ ਹਿੱਸਾ ਲਿਆ-ਡੁਬਕੀਆਂ ਲਗਾਈਆਂ, ਪੂਜਾ ਅਰਚਨਾ ਕੀਤੀ ਅਤੇ ਹੋਰ ਧਾਰਮਿਕ ਰੀਤਾਂ ਨਿਭਾਈਆਂ। ਇਸ ਤੋਂ ਪਹਿਲਾਂ ਸੰਨ 1954 'ਚ ਉਦੋਂ ਦੇ ਸਾਡੇ ਦੇਸ਼ ਦੇ ਰਾਸ਼ਟਰਪਤੀ ਡਾ.ਰਜਿੰਦਰ ਪ੍ਰਸ਼ਾਦ ਨੇ ਕੁੰਭ ਇਸ਼ਨਾਨ ਕੀਤਾ ਸੀ ਕਿਉਂਕਿ ਉਹ ਹਿੰਦੂ ਧਰਮ ਵਿੱਚ ਵਿਸ਼ਵਾਸ ਕਰਦੇ ਸਨ। ਇੱਥੋਂ ਤੱਕ ਕਿ 'ਫਿਲਾਸਫਰ' ਹੋਣ ਦੇ ਬਾਵਜੂਦ ਉਨ੍ਹਾਂ ਦਾ ਪੁਨਰ-ਜਨਮ ਵਿੱਚ ਵੀ ਵਿਸ਼ਵਾਸ ਸੀ।

**ਰਾਜ ਦੀ ਧਰਮ-ਨਿਰਪੱਖਤਾ :**

ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੱਲੋਂ ਆਪਣੇ ਭਾਸ਼ਣ ਦੌਰਾਨ ਕੁੰਭ ਮੇਲੇ 'ਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਗਈ ਕਿ ਉਹ ਜਦੋਂ ਉੱਥੇ ਆਉਣ ਤਾਂ ਉੱਥੇ ਸਰਕਾਰ ਵੱਲੋਂ ਬਣਾਏ ਗਏ ਮਹਾਂਦੇਵ-ਸ਼ਿਵਜੀ- ਦੇ ਤਿਰਸ਼ੂਲ ਅਤੇ ਡਮਰੂ ਦੇ ਦਰਸ਼ਨ ਜ਼ਰੂਰ ਕਰਨ। ਮੁੱਖ ਮੰਤਰੀ ਯੋਗੀ ਨੇ ਇਸ ਕੁੰਭ ਮੇਲੇ ਦੇ ਪ੍ਰਬੰਧਾਂ ਦਾ ਹਵਾਈ ਸਰਵੇਖਣ ਵੀ ਕੀਤਾ। ਪਹਿਲਾਂ ਇਕੱਲਿਆਂ ਯੋਗੀ ਜੀ ਨੇ ਇਹ ਸਰਵੇਖਣ ਕੀਤਾ ਪਰ ਬਾਅਦ 'ਚ ਯੋਗੀ ਅਤੇ ਪ੍ਰਧਾਨ ਮੰਤਰੀ ਮੋਦੀ ਦੋਨੋਂ ਇਕੱਠੇ ਇਹ ਸਰਵੇਖਣ ਕਰਦੇ ਦੇਖੇ ਗਏ।

ਯੂ.ਪੀ. ਦੀ ਯੋਗੀ ਸਰਕਾਰ ਵੱਲੋਂ ਇਸ ਕੁੰਭ ਮੇਲੇ ਨੂੰ ਡਿਜੀਟਲ ਬਣਾਉਣ ਦਾ ਪ੍ਰਚਾਰ ਵੀ ਜ਼ੋਰ-ਸ਼ੋਰ ਨਾਲ ਕੀਤਾ

ਗਿਆ। ਇਸ ਤੋਂ ਇਲਾਵਾ ਕੁੰਭ ਮੇਲੇ 'ਚ ਸ਼ਾਮਲ ਹੋਣ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਵੱਲੋਂ ਦੋਵਾਂ ਦੀਆਂ ਫੋਟੋਆਂ ਵਾਲੇ ਹਿੰਦੀ ਦੇ ਪੋਸਟਰਾਂ ਰਾਹੀਂ, ਸ਼ਰਧਾਲੂਆਂ ਨੂੰ "ਜਨਮ-ਜਨਮ ਕੇ ਪੁੰਨ ਫਲੇਂ, ਆਓ ਮਹਾਂ-ਕੁੰਭ ਚਲੇਂ" ਦੇ ਇਸ਼ਤਿਹਾਰਾਂ ਰਾਹੀਂ ਟੀ.ਵੀ. 'ਤੇ ਅੰਧਾ-ਧੁੰਦ ਪ੍ਰਚਾਰ ਕੀਤਾ ਗਿਆ। ਸ਼ਰਧਾਲੂਆਂ ਨੂੰ ਹਰ ਤਰ੍ਹਾਂ ਦੇ ਸੁਰੱਖਿਆ ਪ੍ਰਬੰਧ ਅਤੇ ਹੋਰ ਜੀਵਨ ਦੀਆਂ ਲੋੜੀਂਦੀਆਂ ਸਹੂਲਤਾਂ ਦੇਣ ਲਈ ਪੱਕੇ ਪ੍ਰਬੰਧਾਂ ਦੇ ਵਿਸ਼ਵਾਸ ਵੀ ਦੁਆਏ ਜਾਂਦੇ ਰਹੇ।

ਸਾਡੇ ਕੋਲ ਸਰਕਾਰੀ ਅੰਕੜਾ ਤਾਂ ਨਹੀਂ ਪਰ ਜੋ ਸਰਕਾਰੀ ਤੌਰ 'ਤੇ ਹੋਰ ਪ੍ਰਾਈਵੇਟ ਪ੍ਰਚਾਰ ਮਾਧਿਅਮਾਂ ਰਾਹੀਂ ਖਬਰਾਂ ਆ ਰਹੀਆਂ ਹਨ, ਉਨ੍ਹਾਂ ਅਨੁਸਾਰ ਇਸ ਮੇਲੇ ਦਾ ਪ੍ਰਬੰਧ ਕਰਨ 'ਤੇ ਹਜ਼ਾਰਾਂ ਕਰੋੜ ਰੁਪਇਆ ਸਰਕਾਰੀ ਤੌਰ 'ਤੇ ਖਰਚ ਕੀਤਾ ਗਿਆ। ਸਰਕਾਰੀ ਅਮਲਾ-ਫੈਲਾ ਲਗਾਇਆ ਗਿਆ।

ਖਰਚਾ ਕਰਨਾ ਤੇ ਅਮਲਾ-ਫੈਲਾ ਲਗਾਉਣਾ ਸੁਰੱਖਿਆ ਦੇ ਪੱਖ ਤੋਂ ਓਪਰੀ ਨਜ਼ਰੇ ਗਲਤ ਨਹੀਂ ਲਗਦਾ। ਪਰ ਇੱਥੇ ਸਵਾਲ ਇਹ ਉੱਠਦਾ ਹੈ ਕਿ ਜਦੋਂ ਰਾਜ-ਸਰਕਾਰ ਨਿਰਪੱਖ ਹੈ ਤਾਂ ਉਹ ਧਾਰਮਿਕ ਮੇਲੇ 'ਤੇ ਇਹ ਖਰਚ ਕਰਕੇ ਧਰਮ-ਨਿਰਪੱਖ ਕਿਵੇਂ ਰਹਿ ਜਾਂਦੀ ਹੈ? ਕਿਵੇਂ ਵੀ ਨਹੀਂ। ਕਿਸੇ ਵੀ ਰਾਜ ਦਾ ਧਰਮ-ਨਿਰਪੇਖ ਨਾ ਰਹਿਣਾ ਸੰਵਿਧਾਨ ਦੀ ਘੋਰ ਉਲੰਘਣਾ ਹੈ।

**ਕੁੰਭ ਮੇਲੇ 'ਚ ਮੌਤਾਂ :**

ਭਗਦੜ ਹੋਣ ਕਾਰਨ ਕੁੰਭ ਮੇਲੇ 'ਚ ਕਿੰਨੀਆਂ ਹੀ ਮੌਤਾਂ ਹੋਈਆਂ। ਪਹਿਲਾਂ ਤਾਂ ਯੂ.ਪੀ. ਹਕੂਮਤ ਨੇ ਦੜ ਵੱਟੀ ਰੱਖੀ ਕਿਉਂਕਿ ਇਸ ਨਾਲ ਐਵੇਂ ਵੱਡੇ ਕੁੰਭ ਦੀ ਪਵਿੱਤਰਤਾ 'ਤੇ ਆਂਚ ਆਉਣ ਦਾ ਡਰ ਸੀ। ਪਰ ਫਿਰ ਜਦੋਂ ਲੋਕਾਂ ਦਾ ਦਬਾਅ ਵਧਿਆ ਤਾਂ ਯੂ.ਪੀ. ਸਰਕਾਰ ਨੇ ਭਗਦੜ ਕਾਰਨ ਮਰਨ ਵਾਲੇ ਇਨਸਾਨਾਂ ਦੀ ਗਿਣਤੀ 30 ਦੱਸੀ। ਇਸ 'ਤੇ ਵੀ ਅਜੇ ਤੱਕ ਸ਼ੰਕਾ ਬਣਿਆ ਹੋਇਆ ਹੈ ਕਿਉਂਕਿ ਲੋਕ ਇਨ੍ਹਾਂ ਮੌਤਾਂ ਦੀ ਗਿਣਤੀ ਸੈਂਕੜਿਆਂ 'ਚ ਹੋਣ ਦਾ ਖਦਸ਼ਾ ਪ੍ਰਗਟ ਕਰ ਰਹੇ ਹਨ। ਪਾਰਲੀਮੈਂਟ 'ਚ ਵੀ ਇਨ੍ਹਾਂ ਮੌਤਾਂ ਦੇ ਸਹੀ ਅੰਕੜੇ ਦੱਸਣ ਲਈ ਵਿਰੋਧੀ ਪਾਰਟੀਆਂ ਵੱਲੋਂ ਹਕੂਮਤ 'ਤੇ ਦਬਾਅ ਬਣਾਇਆ ਜਾਂਦਾ ਰਿਹਾ। ਪਰ ਕੇਂਦਰ ਤੇ ਯੂ.ਪੀ. ਸਰਕਾਰ ਤਾਂ ਇੱਕੋ ਹੀ ਹਨ। ਇਨ੍ਹਾਂ ਮੌਤਾਂ ਬਾਰੇ ਸਹੀ ਸਮੇਂ ਅਤੇ ਸਹੀ ਅੰਕੜਾ ਜਾਰੀ ਨਾ ਕਰ ਸਕਣ 'ਤੇ ਸਮਾਜਵਾਦੀ ਪਾਰਟੀ ਦੇ ਮੁਖੀ ਤੇ ਐਮ.ਪੀ. ਅਖਿਲੇਸ਼ ਯਾਦਵ ਨੇ ਕਿਹਾ ਕਿ ਗੱਲਾਂ ਤਾਂ ਡਿਜੀਟਲ (Digital) ਬਣਾਉਣ ਦੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਡਿਜ਼ਟ (Digit) ਜਾਰੀ ਨਹੀਂ ਕਰ ਰਹੇ। ਖੈਰ...ਸਰਕਾਰ ਦਾ ਕੀ ਜਵਾਬ ਆਉਣਾ ਸੀ। ਉਨ੍ਹਾਂ ਦੀ ਨੀਤੀ ਤਾਂ ਇੱਕੋ ਹੀ ਹੈ ਕਿ ਵਿਰੋਧੀਆਂ ਨੂੰ ਬੋਲੀ ਜਾਣ ਦਿਓ ਆਪਾਂ ਆਪਣਾ ਕੰਮ ਜਾਰੀ ਰੱਖੋ।

ਪਰ ਇਨ੍ਹਾਂ ਇਨਸਾਨਾਂ ਦੀਆਂ ਮੌਤਾਂ ਬਾਰੇ ਇਸ ਤੋਂ ਭੈੜੀ ਗੱਲ ਇਹ ਹੈ ਕਿ ਜਿਹੜਾ ਧੀਰੇਂਦਰ ਸ਼ਾਸਤਰੀ ਹਿੰਦੂ ਧਰਮ ਦਾ ਬੜਾ ਵੱਡਾ ਪ੍ਰਚਾਰਕ ਬਣਿਆ ਹੋਇਆ ਹੈ ਉਸਦੇ ਪ੍ਰਤੀਕਰਮ ਨੇ ਤਾਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ। ਉਸਨੇ ਬਿਆਨ ਦਿੱਤਾ ਕਿ ਜਿਹੜੇ ਇਨਸਾਨ ਕੁੰਭ ਦੇ ਅਸਥਾਨ 'ਤੇ ਮਰੇ ਹਨ ਉਨ੍ਹਾਂ ਦੀਆਂ ਮੌਤਾਂ ਨੂੰ ਮੌਤ ਨਹੀਂ ਕਹਿਣਾ ਚਾਹੀਦਾ ਹੈ। ਅੱਗੇ ਉਸਨੇ ਆਪਣੀ ਅਖੌਤੀ ਦਿਵ ਦ੍ਰਿਸ਼ਟੀ ਨਾਲ ਦੇਖਦਿਆਂ ਕਿਹਾ ਕਿ ਉਹ ਤਾਂ ਮੋਕਸ਼ (ਜਨਮ-ਮਰਨ ਤੋਂ ਮੁਕਤੀ) ਪ੍ਰਾਪਤ ਕਰ ਗਏ ਹਨ। ਇਸਦੀ ਪ੍ਰਤੀਕ੍ਰਿਆ ਵਜੋਂ ਇੱਕ ਹਿੰਦੂ ਅਚਾਰੀਆ ਨਾਲ ਜਦੋਂ ਪੱਤਰਕਾਰਾਂ ਨੇ ਗੱਲ ਕੀਤੀ ਤਾਂ ਉਸ ਅਚਾਰੀਆ ਨੇ ਕਿਹਾ ਕਿ ਉਹ ਏਨਾ ਸੰਵੇਦਨਹੀਣ ਹੈ। ਉਸਨੇ ਅੱਗੇ ਕਿਹਾ ਕਿ ਜੇਕਰ ਉਹ ਇਹੋ ਜਿਹਾ ਮੋਕਸ਼ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਕੋਲ ਆ ਜਾਵੇ ਤੇ ਉਹ ਉਸਨੂੰ ਗੰਗਾ ਨਦੀ 'ਚ ਧੱਕਾ ਦੇ ਕੇ ਮੋਕਸ਼ ਦਿਵਾ ਦੇਣਗੇ। ਇਸੇ ਤਰ੍ਹਾਂ ਦੀ ਪ੍ਰਤੀਕ੍ਰਿਆ ਇਨ੍ਹਾਂ ਮੌਤਾਂ ਬਾਰੇ ਸ਼ੋਲੇ ਫਿਲਮ 'ਚ ਹੀਰੋਇਨ ਦੀ ਭੂਮਿਕਾ ਨਿਭਾਉਣ ਵਾਲੀ ਅਤੇ ਹੁਣ ਭਾਜਪਾ ਦੀ ਸੰਸਦ ਹੇਮਾ ਮਾਲਿਨੀ ਨੇ ਕੀਤੀ। ਉਸਨੇ ਕਿਹਾ ਕਿ ਭਗਦੜ ਤੇ ਹੁਈ ਹੈ, ਪਰ ਕੋਈ ਖਾਸ ਨਹੀਂ। ਚਲੋ ਜੇ ਅਸੀਂ ਇਹ ਮੰਨ ਕੇ ਵੀ ਗੱਲ ਕਰੀਏ ਕਿ ਉੱਥੇ ਸਰਕਾਰੀ ਅੰਕੜਿਆਂ ਅਨੁਸਾਰ 30 ਮੌਤਾਂ ਹੀ ਹੋਈਆਂ ਹਨ, ਤਾਂ ਕੀ ਇਹ ਕੋਈ 'ਮਾਮੂਲੀ ਬਾਤ' ਹੈ। ਇਸ ਦਰਦਨਾਕ ਕਾਂਡ 'ਤੇ ਇੱਥੇ ਸ਼ੋਲੇ ਫਿਲਮ 'ਚ ਹੇਮਾ ਮਾਲਿਨੀ 'ਤੇ ਫਿਲਮਾਇਆ ਗੀਤ ਬਦੋ-ਬਦੀ ਯਾਦ ਆ ਜਾਂਦਾ ਹੈ ਜਦੋਂ ਇਹ ਡਾਨਸ ਕਰਦੀ ਹੋਈ ਹੀਰੋ ਧਰਮਿੰਦਰ ਨੂੰ ਕਹਿੰਦੀ ਹੈ "ਮਾਰ ਦਿਆ ਜਾਏ ਕਿ ਛੋੜ ਦਿਆ ਜਾਏ, ਬੋਲ ਤੇਰੇ ਸਾਥ ਕਿਆ ਸਲੂਕ ਕੀਆ ਜਾਏ"। ਹੇਮਾ ਮਾਲਿਨੀ ਬਾਰੇ ਤਾਂ ਅਸੀਂ ਸਿਰਫ਼ ਇੰਨਾ ਹੀ ਕਹਿ ਸਕਦੇ ਹਾਂ ਕਿ ਮੌਤ 'ਤੇ ਜਿਹੜਾ ਵਿਅਕਤੀ ਸੰਵੇਦਨਹੀਣ ਹੋ ਜਾਵੇ ਉਹ ਮਨੁੱਖ, ਮਨੁੱਖੀ ਖਸਲਤ ਤੋਂ ਵਾਂਝਾ ਹੋ ਜਾਂਦਾ ਹੈ। ਪਰ ਇਕੱਲੀ ਹੇਮਾ ਮਾਲਿਨੀ 'ਤੇ ਕੀ ਟਿੱਪਣੀ ਕਰਾਂਗੇ, ਕਿਉਂਕਿ ਇਨ੍ਹਾਂ ਦੀ ਭਾਜਪਾ ਦਾ ਸਾਰਾ ਟੱਬਰ ਹੀ ਆਊਂ-ਗਾਊਂ ਕਰੀ ਜਾ ਰਿਹਾ ਹੈ।

ਗੱਲ ਇਹ ਨਹੀਂ ਕਿ ਇਨ੍ਹਾਂ 'ਚ ਸੰਵੇਦਨਾ ਨਹੀਂ ਹੈ। ਸਗੋਂ ਇਸਦੇ ਉਲਟ ਇਹ ਪੂਰੇ 'ਸੰਵੇਦਨਸ਼ੀਲ' ਹਨ। ਇਹ ਇਨ੍ਹਾਂ

ਦੀ 'ਸੰਵੇਦਨਸ਼ੀਲਤਾ' ਹੀ ਹੈ ਜਿਹੜੀ ਇਨ੍ਹਾਂ ਨੂੰ ਇਹ ਡਰ ਲੱਗਣ ਲਾਉਂਦੀ ਹੈ ਕਿ 144 ਸਾਲ ਬਾਅਦ ਲੱਗਣ ਵਾਲੇ ਇਸ ਮਹਾਂ-ਕੁੰਭ ਮੇਲੇ 'ਤੇ ਕਿਤੇ ਕੋਈ ਭੱਦੀ ਝਰੀਟ ਨਾ ਆਵੇ ਅਤੇ ਭਗਵੇਂ ਰੰਗ 'ਤੇ ਕੋਈ ਦਾਗ ਨਾ ਲੱਗ ਜਾਵੇ।

**ਭਗਦੜਾਂ ਦੇ ਕਾਰਨ :**

ਇਨਸਾਨਾਂ ਦੀਆਂ ਮੌਤਾਂ ਹੋ ਜਾਣ 'ਤੇ ਇਸਨੂੰ ਇਸ ਤਰ੍ਹਾਂ ਦਿਖਾਇਆ ਜਾਂਦਾ ਹੈ ਕਿ ਇਹ ਉੱਥੇ ਇਕੱਠੇ ਹੋਏ ਸ਼ਰਧਾਲੂਆਂ ਵਿੱਚ ਭਗਦੜ ਮੱਚ ਜਾਣ ਕਾਰਨ ਹੋ ਗਈਆਂ। ਇਹ ਗੱਲ ਠੀਕ ਹੈ ਕਿ ਜਦੋਂ ਵੀ ਇਕੱਠ 'ਚ ਭਗਦੜ ਹੋਵੇਗੀ ਤਾਂ ਮੌਤਾਂ ਤਾਂ ਹੋਣੀਆਂ ਹੀ ਹੋਣੀਆਂ ਹਨ। ਪਰ ਸਵਾਲ ਤਾਂ ਇਹ ਹੈ ਕਿ ਇਹ ਭਗਦੜ ਮੱਚੀ ਕਿਉਂ ? ਸਰਕਾਰ ਵੱਲੋਂ ਕੀਤੇ ਪੁਖਤਾ ਪ੍ਰਬੰਧ ਕਿੱਥੇ ਗਏ ? ਜਦੋਂ ਯੂ.ਪੀ. ਸਰਕਾਰ ਉੱਥੇ 50 ਕਰੋੜ ਸ਼ਰਧਾਲੂਆਂ ਦੇ ਇਸ਼ਨਾਨ ਕਰਨ ਦੀ ਗੱਲ 'ਤੇ ਆਪਣੀ ਪਿੱਠ ਥਪਥਪਾਉਂਦੀ ਹੈ ਤਾਂ ਉਹ ਇਹ ਜ਼ਿਮੇਵਾਰੀ ਲੈਣ ਤੋਂ ਕਿਉਂ ਭੱਜ ਰਹੀ ਹੈ ਕਿ ਉੱਥੇ ਹੋਈਆਂ ਮੌਤਾਂ ਲਈ ਵੀ ਸਿੱਧੇ-ਅਸਿੱਧੇ ਉਸ ਦੁਆਰਾ ਕੀਤੇ ਗਏ ਪ੍ਰਬੰਧ ਹੀ ਜ਼ਿਮੇਵਾਰ ਹਨ। ਮਿਸਾਲ ਦੇ ਤੌਰ 'ਤੇ ਮੇਲੇ 'ਤੇ (VVIP, VIPs) ਲਈ ਵਿਸ਼ੇਸ਼ ਸਹੂਲਤਾਂ ਕਿਉਂ ਪ੍ਰਦਾਨ ਕੀਤੀਆਂ ਗਈਆਂ ? ਇਨ੍ਹਾਂ ਦੀਆਂ ਗੱਡੀਆਂ ਦੇ ਕਾਫ਼ਲੇ ਧੂੜ-ਫਕਦੇ ਪੈਦਲ ਜਾ ਰਹੇ ਕਾਫ਼ਲਿਆਂ ਦੇ ਕੋਲ ਦੀ ਸਾਇਰਨ ਵਜਾਉਂਦੇ ਕਿਉਂ ਲੰਘਦੇ ਗਏ ? ਕੁੰਭ ਮੇਲਾ ਇੱਕ ਧਾਰਮਿਕ ਮੇਲਾ ਹੈ। ਕੀ ਧਰਮ 'ਚ ਵੀ ਹੁਣ ਵੀ.ਆਈ. ਪੀ. ਅਤੇ ਵੀ.ਵੀ.ਆਈ.ਪੀ ਦੀ ਸ਼੍ਰੇਣੀ ਬਣ ਗਈ ਹੈ ? ਇਹ ਠੀਕ ਹੈ ਕਿ ਸੁਰੱਖਿਆ ਦੇ ਪੱਖ ਤੋਂ ਕੁੱਝ ਚੋਣਵੇਂ ਅਹੁਦਿਆਂ -ਜਿਵੇਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਆਦਿ- ਨੂੰ ਇਹ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਉੱਥੇ ਤਾਂ ਹਰ ਕੋਈ ਵੀ.ਆਈ.ਪੀ ਬਣਿਆ ਜਾਪਦਾ ਸੀ ਅਤੇ ਗੱਡੀਆਂ ਦੇ ਹੂਟਰ ਵਜਦੇ ਸੁਣਾਈ ਦਿੰਦੇ ਸਨ। ਜਦੋਂ ਇਹੋ-ਜਿਹਾ ਮਾਹੌਲ ਸੀ ਤਾਂ ਪੈਦਲ ਜਾਣ ਵਾਲਿਆਂ 'ਚ ਕਾਹਲੀ ਨਾਲ ਇਸ਼ਨਾਨ ਕਰਨ ਵਾਲੀ ਥਾਂ 'ਤੇ ਪਹੁੰਚਣ ਲਈ ਭਗਦੜ ਮੱਚ ਜਾਣਾ ਸੁਭਾਵਿਕ ਸੀ। ਕਿੰਨੇ ਰਸਤਿਆਂ ਦੇ ਪੁਲ ਖੁੱਲੇ ਹੋਏ ਨਹੀਂ ਸਨ। ਜਿਸ ਕਰਕੇ ਲੋਕਾਂ ਦੀਆਂ ਭੀੜਾਂ ਦਾ ਕੁੱਝ ਕੁ ਰਸਤਿਆਂ 'ਤੇ ਇਕੱਠੇ ਹੋ ਕੇ ਇਸ਼ਨਾਨ ਵਾਲੀ ਥਾਂ ਨੂੰ ਪਹੁੰਚਣਾ ਵੀ ਭਗਦੜ ਦਾ ਕਾਰਨ ਬਣ ਜਾਣਾ ਸੁਭਾਵਿਕ ਹੈ।

ਇਸ ਲਈ ਇਸ ਭਗਦੜ ਦੇ ਮੱਚ ਜਾਣ ਕਾਰਨ ਹੋਈਆਂ ਮੌਤਾਂ ਨੂੰ ਕਿਸੇ ਹੋਰ ਦੇ ਨਹੀਂ ਬਲਕਿ ਰਾਜ ਸਰਕਾਰ ਦੇ ਪ੍ਰਬੰਧਾਂ ਦੇ ਸਿਰ ਹੀ ਗਿਣਿਆ ਜਾਵੇਗਾ। ਸੋ ਇਹ ਮੌਤਾਂ, ਮੌਤਾਂ ਨਹੀਂ ਬਲਕਿ ਪ੍ਰਬੰਧਕੀ ਕਤਲ ਹਨ।

ਇਸ ਮੇਲੇ 'ਤੇ ਕਈ ਤਰ੍ਹਾਂ ਦੇ ਸਾਧੂਆਂ ਦੇ ਅਖਾੜਿਆਂ ਦੇ ਆਉਣ ਦੀ ਗੱਲ ਸਾਫ ਹੈ। ਇਨ੍ਹਾਂ ਅਖਾੜਿਆਂ ਵਿੱਚ ਨਾਗੇ ਸਾਧੂ, ਅਘੋਰੀ ਸਾਧੂ ਅਤੇ ਹੋਰ ਭਿੰਨ ਭਿੰਨ ਅਖਾੜੇ ਸ਼ਾਮਲ ਹੋਏ। ਇਨ੍ਹਾਂ 'ਤੇ ਅਸੀਂ ਕੋਈ ਟਿੱਪਣੀ ਨਹੀਂ ਕਰਦੇ ਕਿਉਂਕਿ ਇਹ ਸਾਨੂੰ ਬਹੁਤ ਹੀ ਨੀਵੇਂ ਪੱਧਰ 'ਤੇ ਲੈ ਜਾਵੇਗੀ। ਹਾਂ, ਇੱਥੇ ਅਸੀਂ ਇੱਕ ਅਖਾੜੇ ਦੀ ਮਿਸਾਲ ਨਾਲ ਹੀ ਆਪਣੀ ਗੱਲ ਕਰਾਂਗੇ। ਭਾਵੇਂ ਇਹ ਮਿਸਾਲ ਸਾਰੇ ਅਖਾੜਿਆਂ 'ਤੇ ਨਹੀਂ ਢੁੱਕਦੀ ਕਿਉਂਕਿ ਹਰ ਅਖਾੜੇ ਦੀ ਦਿਸ਼ਾ ਤੇ ਦਸ਼ਾ ਅਲੱਗ ਅਲੱਗ ਹੈ। ਇੱਥੇ ਅਸੀਂ ਕਿੰਨਰ ਅਖਾੜੇ ਦੀ ਮਿਸਾਲ ਲੈਂਦੇ ਹਾਂ। ਇਸ ਅਖਾੜੇ ਦੀ ਮਹਾਂਮੰਡਲੇਸ਼ਵਰ (ਮੁਖੀਆ ਆਗੂ) ਮਮਤਾ ਕੁਲਕਰਨੀ ਨੂੰ ਬਣਾਇਆ ਗਿਆ। ਕੁਲਕਰਨੀ ਕਿੰਨਰ ਨਹੀਂ ਹੈ। ਉਹ ਪੂਰਨ ਤੌਰ 'ਤੇ ਇੱਕ ਔਰਤ ਹੈ। ਇਸਦੀ ਸਭ ਪਾਸੇ ਚਰਚਾ ਹੋਈ ਕਿ ਕਿੰਨਰ ਅਖਾੜੇ ਦਾ ਮਹਾਂਮੰਡਲੇਸ਼ਵਰ ਕਿੰਨਰ ਨਾ ਹੋ ਕੇ ਹੋਰ ਕੋਈ ਕਿਵੇਂ ਹੋ ਸਕਦਾ ਹੈ ? ਹੁਣ ਕੁਲਕਰਨੀ ਨੂੰ ਮਹਾਂਮੰਡਲੇਸ਼ਵਰ ਦੀ ਪਦਵੀ ਤੋਂ ਹਟਾ ਦਿੱਤਾ ਗਿਆ ਹੈ। ਹੋਰ ਅਖਾੜਿਆਂ ਬਾਰੇ ਪਾਠਕਾਂ ਨੂੰ ਅਸੀਂ ਇਹੀ ਬੇਨਤੀ ਕਰਾਂਗੇ ਕਿ ਉਹ ਆਪਣੇ ਤੌਰ 'ਤੇ ਇਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਫੈਸਲਾ ਕਰ ਲੈਣ।

ਅੰਤ 'ਚ ਗੱਲ ਸਮੇਟਦਿਆਂ ਅਸੀਂ ਇਹ ਹੀ ਕਹਾਂਗੇ ਕਿ ਇੱਕ ਹਿੰਦੂ ਧਾਰਮਿਕ ਪ੍ਰਥਾ ਨੂੰ ਹਿੰਦੂਤਵ ਨਾਲ ਪਰੋਈ ਹੋਈ ਇੱਕ ਸਿਆਸੀ ਸਰਗਰਮੀ ਬਣਾ ਦਿੱਤਾ ਹੈ। ਇਸ ਰਾਹੀਂ ਇੱਕ ਤਾਂ ਸਰਕਾਰ ਨੇ ਰਾਜ ਦੇ ਧਰਮ-ਨਿਰਪੱਖ ਰਹਿਣ ਦਾ ਗਲਾਫ਼ ਲਾਹ ਮਾਰਿਆ ਹੈ। ਦੂਸਰਾ ਇਹ ਪ੍ਰਭਾਵ ਸਿਰਜਣ ਦਾ ਯਤਨ ਕੀਤਾ ਗਿਆ ਹੈ ਕਿ ਇਹ ਦੇਸ਼ ਪ੍ਰਾਚੀਨ ਭਾਵ ਹਿੰਦੂਆਂ ਦੀਆਂ ਰਹੁ-ਰੀਤਾਂ ਨੂੰ ਮਨਾਉਂਦਾ ਆਇਆ ਇੱਕ ਹਿੰਦੂ ਦੇਸ਼ ਹੈ ਅਤੇ ਇਸ ਤਰ੍ਹਾਂ ਕਰਦਿਆਂ ਹਿੰਦੂ ਰਾਸ਼ਟਰ ਬਣਾਉਣ ਵੱਲ ਵਧਾਇਆ ਇੱਕ ਹੋਰ ਕਦਮ ਹੈ। ਤੇ ਇਹ ਸਾਧਾਰਨ ਗੱਲ ਹਰ ਸਾਧਾਰਨ ਪਾਠਕ ਵੀ ਸਮਝ ਸਕਦਾ ਹੈ ਕਿ ਜਿਸਨੇ ਵੀ ਹਿੰਦੂ ਰਾਸ਼ਟਰ 'ਚ ਨਾਗਰਿਕ ਦੇ ਤੌਰ 'ਤੇ ਰਹਿਣਾ ਹੋਵੇਗਾ ਤਾਂ ਉਸਨੂੰ ਹਿੰਦੂ ਰਹੁ-ਰੀਤਾਂ ਦਾ ਪਾਲਣ ਹੀ ਕਰਨਾ ਪਵੇਗਾ ਭਾਵੇਂ ਉਹ ਕਿਸੇ ਵੀ ਹੋਰ ਧਰਮ ਨੂੰ ਮੰਨਦਾ ਹੋਵੇ ਜਾਂ ਇੱਥੋਂ ਤੱਕ ਕਿ ਨਾਸਤਿਕ ਵੀ ਕਿਉਂ ਨਾ ਹੋਵੇ। ਜਿਹੜਾ ਹਿੰਦੂ ਸਭਿਆਚਾਰਕ ਰਹੁ-ਰੀਤਾਂ ਨੂੰ ਨਹੀਂ ਮੰਨੇਗਾ ਉਸਨੂੰ ਮੋਕਸ਼ ਪ੍ਰਾਪਤ ਕਰਾ ਦਿੱਤਾ ਜਾਇਆ ਕਰੇਗਾ। ਭਾਜਪਾ ਦੁਆਰਾ ਮਹਾਂ-ਕੁੰਭ ਦੁਆਰਾ ਦਿੱਤਾ ਗਿਆ ਇਹੀ ਗੁੱਝਾ ਮਹਾਂ-ਸੰਦੇਸ਼ ਹੈ।

98769-53561

# ਖ਼ੂਨ ਸੰਘਣਾ ਜਾਂ ਗਾੜ੍ਹਾ ਹੋਣਾ

ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਓ.ਪੀ.ਡੀ. ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ ਸ਼ਾਇਦ ਹਰ ਦੂਜੇ ਮਰੀਜ਼ ਦੇ ਹੱਥਾਂ ਵਿੱਚ ਲਿਪਿਡ/ਕੋਲੈਸਟਰੋਲ ਪ੍ਰੋਫਾਈਲ ਦੀ ਰਿਪੋਰਟ ਹੁੰਦੀ ਹੈ ਜਿਸਨੂੰ ਆਮ ਲੋਕ ਖ਼ੂਨ ਸੰਘਣੇ/ਗਾੜ੍ਹੇ ਦੀ ਰਿਪੋਰਟ ਕਹਿੰਦੇ ਹਨ।

**ਕੁੱਝ ਮਿਸਾਲਾਂ :**

1. 15-20 ਸਾਲ ਦਾ ਮੁੰਡਾ ਇਸ ਗੱਲ ਤੋਂ ਪ੍ਰੇਸ਼ਾਨ ਹੁੰਦਾ ਹੈ, ਖਾਸ ਕਰਕੇ ਉਸ ਦੇ ਮਾਂ ਪਿਓ ਕਿ ਸਾਡੇ ਮੁੰਡੇ ਨੂੰ ਕੋਈ ਦਿਲ ਦੀ ਤਕਲੀਫ ਤਾਂ ਨਹੀਂ ਹੋ ਰਹੀ ਕਿਉਂਕਿ ਇਹਦੀ ਰਿਪੋਰਟ ਵਿੱਚ ਖ਼ੂਨ ਸੰਘਣਾ ਆਇਆ ਹੈ।

2. ਪੜ੍ਹਿਆ-ਲਿਖਿਆ ਨੌਕਰੀਪੇਸ਼ਾ ਤੇ ਹੋਰ ਮੱਧ ਵਰਗ, ਵੱਖ-ਵੱਖ ਲੈਬਾਂ ਵਿੱਚ ਹੁੰਦੇ ਹੋਏ ਫੁੱਲ ਬਾਡੀ ਪੈਕੇਜਾਂ ਨੇ "ਪੱਟ" ਰੱਖਿਆ ਹੈ। ਲੋਕ ਇਹ ਪੈਕੇਜ ਜਾਗਰੂਕਤਾ ਵਜੋਂ ਕਰਵਾ ਲੈਂਦੇ ਹਨ ਤੇ ਫਿਰ ਉਹਨਾਂ ਨੂੰ ਖ਼ੂਨ ਗਾੜ੍ਹੇ ਦਾ ਭੈਅ ਚਿੰਬੜ ਜਾਂਦਾ ਹੈ। ਬੰਦਾ ਰਿਪੋਰਟ ਵਿਚਲੀ ਮਾਮੂਲੀ ਗੜਬੜੀ ਨੂੰ ਬਿਮਾਰੀ ਬਣਾ ਕੇ ਆਪਣੇ ਮਨ ਵਿੱਚ ਬਿਠਾ ਲੈਂਦਾ ਹੈ ਅਤੇ ਉਸ ਨੂੰ ਹਰੇਕ ਦਰਦ ਹਾਰਟ ਅਟੈਕ ਦਾ ਦਰਦ ਲੱਗਣ ਲਗਦਾ ਹੈ।

3. ਓ.ਪੀ.ਡੀ. ਵਿੱਚ ਆਉਣ ਵਾਲੀ ਲਗਭਗ ਹਰ ਔਰਤ, ਖਾਸ ਕਰਕੇ ਬਜ਼ੁਰਗ ਮਾਤਾਵਾਂ ਅਕਸਰ ਹੀ ਸੰਘਣੇ ਖ਼ੂਨ ਦੀਆਂ ਰਿਪੋਰਟਾਂ ਕਰਵਾ ਕੇ ਡਾਕਟਰ ਦੀ ਮੇਜ਼ 'ਤੇ ਰੱਖਦੀਆਂ ਹੋਈਆਂ ਕਹਿੰਦੀਆਂ ਨੇ, "ਵੇ ਪੁੱਤ ਮੇਰੇ ਤਾਂ ਹੱਡ ਪੈਰ ਬਹੁਤ ਦੁਖਦੇ ਸੀ, ਕੱਲ੍ਹ ਮੈਂ ਟੈਸਟ ਕਰਾਇਆ ਤਾਂ ਖ਼ੂਨ ਸੰਘਣਾ ਆ ਗਿਆ, ਤੇ ਆਹ ਦਵਾਈ ਵੀ ਮੈਨੂੰ ਪਿੰਡ ਵਾਲੇ ਡਾਕਟਰ ਨੇ ਦੇ ਤੀ ਸੀ।..." ਉਹਨਾਂ ਕੋਲ ਵੀ ਲਿਪਿਡ ਪ੍ਰੋਫਾਈਲ ਦੀਆਂ ਰਿਪੋਰਟਾਂ ਅਤੇ ਦਵਾਈਆਂ ਦੇ 2-3 ਕਿਸਮ ਦੇ ਪੱਤੇ ਹੱਥ ਵਿੱਚ ਹੁੰਦੇ ਹਨ। ਆਦਿ।

ਗੱਲ ਕੀ, ਬਹੁਤੇ ਮਰੀਜ਼ ਆਪਣੀ ਹਰ ਸਮੱਸਿਆ ਦਾ ਕਾਰਨ ਖ਼ੂਨ ਗਾੜ੍ਹੇ ਨੂੰ ਸਮਝਦੇ ਹਨ। ਜੇ ਕਿਸੇ ਨੂੰ ਕਿਸੇ ਵਜਹ ਕਰਕੇ ਚੱਕਰ ਲੱਗ ਜਾਣ ਤਾਂ ਉਹ ਵੀ ਨੇੜੇ-ਤੇੜੇ ਦੀ ਲੈਬ ਵਿੱਚੋਂ ਕੋਲੈਸਟਰੋਲ ਟੈਸਟ ਕਰਵਾ ਰਿਹਾ ਹੁੰਦਾ, ਕੋਈ ਕਹਿ ਰਿਹਾ ਹੁੰਦਾ ਕਿ ਆਹ ਦੇਖੋ ਰਿਪੋਰਟ, ਮੇਰਾ ਖ਼ੂਨ ਸੰਘਣਾ ਹੋ ਗਿਆ, ਇਸ ਕਰਕੇ ਮੈਥੋਂ ਤੁਰਿਆ ਨਹੀਂ ਜਾਂਦਾ ਤੇ ਮੇਰਾ ਸਾਹ ਚੜ੍ਹਦਾ ਹੈ। ਇੱਕ ਹੋਰ ਕਿਸਮ ਹੈ ਮਰੀਜ਼ਾਂ ਦੀ, ਉਹਨਾਂ ਨੂੰ ਇਹ ਕਾਹਲ਼ੀ ਹੁੰਦੀ ਹੈ ਕਿ ਡਾਕਟਰ ਕੋਲੈਸਟਰੋਲ ਦੀ ਦਵਾਈ ਦੇਵੇ, ਸ਼ੂਗਰ, ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨਾ ਉਹਨਾਂ ਲਈ ਫਾਲਤੂ ਗੱਲ ਹੁੰਦੀ ਹੈ।

ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਜਿਹਨਾਂ ਲੋਕਾਂ ਨੂੰ ਡਾਕਟਰ ਸਲਾਹ ਦੇਵੇ ਕਿ ਲਿਪਿਡ ਪ੍ਰੋਫਾਈਲ ਦਾ ਟੈਸਟ ਕਰਵਾ ਲਵੋ, ਉਹ ਅਕਸਰ ਇਹ ਟੈਸਟ ਕਰਵਾਉਣ ਤੋਂ ਆਨਾ-ਕਾਨੀ ਕਰਦੇ ਹਨ। ਨਾਲ਼ ਹੀ ਉਹਨਾਂ ਮਰੀਜਾਂ ਦੀ ਵੱਡੀ ਗਿਣਤੀ ਹੁੰਦੀ ਹੈ ਜਿਹੜੇ ਲਿਪਿਡ ਪ੍ਰੋਫਾਈਲ ਦੇ ਖਰਾਬ ਹੋਣ ਦੇ ਅਸਲ ਕਾਰਨ ਨੂੰ ਜਾਣੇ/ਖੋਜੇ ਵਗੈਰ ਹੀ ਇਲਾਜ ਕਰਨ ਲਈ ਕਹਿਣਗੇ, ਜਦ ਕਿ ਅਜਿਹਾ ਬਿਲਕੁਲ ਗਲਤ ਹੈ ਕਿਉਂਕਿ ਜਿੰਨਾ ਚਿਰ ਤੁਸੀਂ ਕਾਰਨ ਦਾ ਇਲਾਜ ਨਹੀਂ ਕਰੋਗੇ ਤਾਂ ਬਿਮਾਰੀ ਠੀਕ ਕਿਵੇਂ ਹੋਵੇਗੀ।

ਖ਼ੂਨ ਸੰਘਣਾ ਕੀ ਹੁੰਦਾ ਹੈ ?

ਖ਼ੂਨ ਸੰਘਣਾ ਕਿੰਨਾ ਕੁ ਖਤਰਨਾਕ ਹੋ ਸਕਦਾ ਹੈ ?

ਕਿਹੜੇ ਵਿਅਕਤੀਆਂ ਨੂੰ ਖ਼ੂਨ ਸੰਘਣੇ ਦੀ ਤਕਲੀਫ ਹੋ ਸਕਦੀ ਹੈ ?

ਕਿੰਨਾ ਵਿਅਕਤੀਆਂ ਨੂੰ ਇਹਨਾਂ ਟੈਸਟਾਂ ਦੀ ਲੋੜ ਹੁੰਦੀ ਹੈ ?

ਕੀ ਖਰਾਬ ਲਿਪਿਡ ਪ੍ਰੋਫਾਈਲ ਜਾਂ ਸੰਘਣੇ ਖ਼ੂਨ ਦੀ ਰਿਪੋਰਟ ਵਾਲੇ ਹਰੇਕ ਵਿਅਕਤੀ ਨੂੰ ਹੀ ਦਿਲ ਦੀ ਬਿਮਾਰੀ ਦਾ ਖ਼ਤਰਾ ਹੁੰਦਾ ਹੈ ?

ਕੀ ਖ਼ੂਨ ਸੰਘਣੇ ਦੀ ਜਾਂ ਖਰਾਬ ਲਿਪਿਡ ਪ੍ਰੋਫਾਈਲ ਦੀ ਰਿਪੋਰਟ ਵਾਲੇ ਹਰੇਕ ਮਰੀਜ਼ ਨੂੰ ਦਵਾਈ ਦੀ ਲੋੜ ਹੁੰਦੀ ਹੈ ?

ਕੀ ਲਿਪਿਡ ਪ੍ਰੋਫਾਈਲ ਦੇ ਖਰਾਬ ਆਉਣ 'ਤੇ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦਾ ਕੋਈ ਵੀ ਸਾਈਡ ਇਫੈਕਟ ਨਹੀਂ ਹੁੰਦਾ ?

ਖ਼ੂਨ ਸੰਘਣਾ ਹੋਣ ਦੀ ਰਿਪੋਰਟ ਤੋਂ ਬਾਅਦ ਹੋਰ ਕਿਹੜੇ ਟੈਸਟ ਜ਼ਰੂਰੀ ਹੁੰਦੇ ਹਨ ?

**ਖ਼ੂਨ ਸੰਘਣਾ/ਗਾੜ੍ਹਾ ਕੀ ਹੁੰਦਾ ਹੈ ?**

**ਆਮ ਸਮਝ** - ਅਸਲ ਵਿੱਚ ਸੰਘਣੇ ਖ਼ੂਨ ਨੂੰ ਲੈ ਕੇ ਮਰੀਜ਼ ਅਤੇ ਡਾਕਟਰ ਦੀਆਂ ਪਰਿਭਾਸ਼ਾਵਾਂ ਵਿੱਚ ਕੁੱਝ-ਕੁੱਝ ਫ਼ਰਕ ਹੈ। ਜੇ ਮਰੀਜ਼ ਨੂੰ ਪੁੱਛਿਆ ਜਾਵੇ ਤਾਂ ਮਰੀਜ਼ ਦੇ ਹਿਸਾਬ ਨਾਲ ਜਦੋਂ ਖ਼ੂਨ ਵਿੱਚ ਕੋਲੈਸਟਰੋਲ/ਚਰਬੀ ਦੀ ਮਾਤਰਾ ਵੱਧ ਜਾਵੇ ਤਾਂ ਉਹਨੂੰ ਖ਼ੂਨ ਸੰਘਣਾ ਮੰਨ ਲਿਆ ਜਾਂਦਾ ਹੈ। ਉਸ ਅਨੁਸਾਰ ਖ਼ੂਨ ਵਿੱਚ ਕੋਲੈਸਟਰੋਲ/ਚਰਬੀ ਦੀ ਮਾਤਰਾ ਵਧਣ ਨਾਲ ਖ਼ੂਨ ਵਿੱਚ ਗੱਥੇ/ਥੱਕੇ ਜਾਂ ਕਲੋਟ ਬਣ ਜਾਂਦੇ ਹਨ ਜਿਹੜੇ

ਦਿਲ ਦੀਆਂ ਬਰੀਕ ਨਾੜੀਆਂ ਵਿੱਚ ਲੱਗ ਕੇ ਦਿਲ ਦੇ ਦੌਰੇ ਦਾ ਕਾਰਨ ਬਣਦੇ ਹਨ। ਇਸ ਆਮ ਸਮਝ ਅਧੀਨ ਹੀ ਸੰਘਣੇ ਖ਼ੂਨ ਨੂੰ ਠੀਕ ਕਰਨ ਦਾ ਇਲਾਜ ਕਈ ਤਰ੍ਹਾਂ ਦੇ ਸਟੈਟਨ ਸਾਲਟ ਅਤੇ ਫੀਨੋਫੇਬਰੇਟ ਦੀਆਂ ਗੋਲੀਆਂ ਹਨ ਜਿਹਨਾਂ ਨੂੰ ਲੋਕ "ਖ਼ੂਨ ਪਤਲੇ ਦੀਆਂ ਗੋਲੀਆਂ" ਕਹਿੰਦੇ ਹਨ।

**ਡਾਕਟਰੀ ਸਮਝ** - ਡਾਕਟਰੀ ਸਮਝ ਅਨੁਸਾਰ ਖ਼ੂਨ ਆਪਣੇ ਆਪ ਵਿੱਚ ਕਈ ਤੱਤਾਂ ਤੋਂ ਮਿਲ ਕੇ ਬਣਿਆ ਹੁੰਦਾ ਹੈ ਜਿਸ ਵਿੱਚ ਚਿੱਟੇ ਸੈੱਲ (WBC ਸਫੈਦ ਰਕਤਾਣੂ), ਲਾਲ ਸੈੱਲ (RBC), ਪਲੇਟਲੈਟ ਅਤੇ ਪਲਾਜ਼ਮਾ (ਜੋ ਕਿ ਅੱਗੇ ਅਨੇਕਾਂ ਕਿਸਮ ਦੇ ਪ੍ਰੋਟੀਨਾਂ, ਲਿਪਿਡ ਦੀਆਂ ਕਿਸਮਾਂ ਤੇ ਹੋਰ ਕਈ ਰਸਾਇਣਾਂ ਤੋਂ ਮਿਲ ਕੇ ਬਣਦਾ ਹੈ) ਹੁੰਦੇ ਹਨ। ਖ਼ੂਨ ਦੇ ਸੈੱਲਾਂ ਵਿੱਚੋਂ ਕਿਸੇ ਖਾਸ ਦੀ ਗਿਣਤੀ ਜਾਂ ਸਭ ਦੀ ਗਿਣਤੀ ਵਧਣ ਨਾਲ ਹੀ ਖ਼ੂਨ ਦੀ ਸੰਘਣਤਾ/ਘਣਤਾ ਵਿੱਚ ਫਰਕ ਪੈ ਜਾਂਦਾ ਹੈ ਜਿਸ ਨੂੰ ਡਾਕਟਰੀ ਭਾਸ਼ਾ ਵਿੱਚ ਖ਼ੂਨ ਸੰਘਣਾ ਹੋਣਾ (Hyperviscosity Syndrome) ਕਿਹਾ ਜਾਂਦਾ ਹੈ।

ਪਲਾਜ਼ਮਾ ਵਿੱਚ ਕੋਲੈਸਟਰੋਲ ਜਾਂ ਚਰਬੀ ਦੀ ਮਾਤਰਾ ਵਧਣ ਨੂੰ ਡਾਕਟਰੀ ਭਾਸ਼ਾ ਵਿੱਚ "Lipid Disorder" ਕਿਹਾ ਜਾਂਦਾ ਹੈ, ਪਰ ਆਮ ਬੋਲਚਾਲ ਵਿੱਚ ਇਸ ਲਈ ਵੀ "ਖ਼ੂਨ ਸੰਘਣਾ ਹੋਣਾ" ਪ੍ਰਚਲਿਤ ਹੋ ਚੁੱਕਾ ਹੈ, ਇਸ ਲਈ ਅਸੀਂ ਇਸ ਲੇਖ ਵਿੱਚ ਲੋਕਾਂ ਦੀ ਪਰਿਭਾਸ਼ਾ ਅਰਥਾਤ ਚਰਬੀ ਜਾਂ ਕੋਲੈਸਟਰੋਲ ਦੇ ਵਧਣ ਕਾਰਨ "ਸੰਘਣੇ ਹੋਏ ਖ਼ੂਨ" ਬਾਰੇ ਵਿਚਾਰ ਕਰਾਂਗੇ। ਖ਼ੂਨ ਅੰਦਰ ਚਰਬੀ ਜਾਂ ਕੋਲੈਸਟਰੋਲ ਦੀ ਮਾਤਰਾ ਨੂੰ ਜਾਂਚਣ ਲਈ ਜਿਹੜਾ ਟੈਸਟ ਵਰਤਿਆ ਜਾਂਦਾ ਹੈ ਉਸ ਨੂੰ "ਲਿਪਿਡ ਪ੍ਰੋਫਾਈਲ" ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਲਿਪਿਡ ਪ੍ਰੋਫਾਈਲ ਵਿੱਚ ਹੇਠ ਲਿਖੇ ਵੱਖ-ਵੱਖ ਤਰ੍ਹਾਂ ਦੇ ਕੋਲੈਸਟਰੋਲ/ਚਰਬੀ ਨੂੰ ਦਰਸਾਉਂਦੇ ਇਹ ਨਾਮ ਮਿਲਦੇ ਹਨ - Cholesterol, HDL, VLDL, LDL, Triglycerides। ਜ਼ਿਆਦਾ ਬਿਹਤਰ ਲੈਬਾਂ ਕੁੱਝ ਹੋਰ ਨਤੀਜੇ ਵੀ ਰਿਪੋਰਟ ਵਿੱਚ ਸ਼ਾਮਿਲ ਕਰਦੀਆਂ ਹਨ ਪਰ ਉਹਨਾਂ ਬਾਰੇ ਗੱਲਬਾਤ ਸਾਡੇ ਲੇਖ ਨੂੰ ਜ਼ਿਆਦਾ ਗੁੰਝਲਦਾਰ ਬਣਾ ਦੇਵੇਗੀ, ਇਸ ਲਈ ਅਸੀਂ Cholesterol, HDL, VLDL, LDL, Triglycerides ਤੱਕ ਸੀਮਤ ਰਹਾਂਗੇ।

**1. ਕੋਲੈਸਟਰੋਲ (Cholesterol)** - ਕੋਲੈਸਟਰੋਲ ਸਾਡੇ ਸਰੀਰ ਵਿੱਚ ਬਹੁਤ ਤਰ੍ਹਾਂ ਦੇ ਹਾਰਮੋਨ ਬਣਾਉਣ ਵਿੱਚ ਲੋੜੀਂਦਾ ਹੁੰਦਾ ਹੈ। ਵਿਟਾਮਿਨ ਡੀ ਵੀ ਇਸੇ ਕੋਲੈਸਟਰੋਲ ਤੋਂ ਹੀ ਬਣਦਾ ਹੈ। ਸਾਡੇ ਸਰੀਰ ਵਿੱਚ ਭੋਜਨ ਨੂੰ ਪਚਾਉਣ ਵਾਸਤੇ ਵਰਤੇ ਜਾਣ ਵਾਲੇ ਜੂਸ ਵਿੱਚ ਵੀ ਕੋਲੈਸਟਰੋਲ ਦਾ ਯੋਗਦਾਨ ਹੁੰਦਾ ਹੈ। ਸਾਡੇ ਸਰੀਰ ਦੇ ਸਾਰੇ ਸੈਲਾਂ ਦੀ ਬਣਤਰ ਵਿੱਚ ਵੀ ਕੋਲੈਸਟਰੋਲ ਲੋੜੀਂਦਾ ਹੁੰਦਾ ਹੈ। ਪਰ ਇਹ ਵੀ ਸੱਚ ਹੈ ਕਿ ਸਾਡੇ ਸਰੀਰ ਵਿੱਚ ਕੋਲੈਸਟਰੋਲ ਦੀ ਬਹੁਤ ਜਿਆਦਾ ਮਾਤਰਾ ਹੋਣ ਦੇ ਨਾਲ ਕੁੱਝ ਮਰੀਜ਼ਾਂ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ।

**2. HDL, LDL** ਇਹ ਦੋਵੇਂ ਸਰੀਰ ਵਿੱਚ ਕੋਲੈਸਟਰੋਲ ਦੀ ਢੋਆ-ਢੁਆਈ ਜਾਂ ਕਹੀਏ ਟਰਾਂਸਪੋਰਟ ਦਾ ਕੰਮ ਕਰਦੇ ਹਨ। HDL (ਹਾਈਡੈਂਸਟੀ ਲਿਪੋਪ੍ਰੋਟੀਨ) ਨੂੰ ਅਸੀਂ ਚੰਗਾ ਕਲੈਸਟਰੋਲ ਕਹਿੰਦੇ ਹਾਂ ਕਿਉਂਕਿ ਇਹ ਖ਼ੂਨ ਪਹੁੰਚਾਉਣ ਵਾਲੀਆਂ ਧਮਣੀਆਂ ਵਿੱਚੋਂ ਕੋਲੈਸਟਰੋਲ ਨੂੰ ਕੱਢ ਕੇ ਜਿਗਰ ਤੱਕ ਪਹੁੰਚਾਉਣ ਦਾ ਕੰਮ ਕਰਦਾ ਹੈ। LDL (ਲੋਅਡੈਂਸਟੀ ਲਿਪੋਪ੍ਰੋਟੀਨ) ਇਸ ਤੋਂ ਉਲਟੇ ਰੁਖ ਕੰਮ ਕਰਦਾ ਹੈ। ਇਸ ਲਈ ਇਸਨੂੰ ਬੁਰਾ ਕੋਲੈਸਟਰੋਲ ਮੰਨਿਆ ਜਾਂਦਾ ਹੈ।

**3. TRYGLYECERIDES** ਇਹ ਅਸਲ ਵਿੱਚ ਕੋਲੈਸਟਰੋਲ ਨਹੀਂ ਹੈ। ਇਹ ਇੱਕ ਚਰਬੀ ਦੀ ਕਿਸਮ ਹੈ ਜਿਸ ਦੇ ਰੂਪ ਵਿੱਚ ਸਰੀਰ ਊਰਜਾ ਸਟੋਰ ਕਰਕੇ ਰੱਖਦਾ ਹੈ। ਖਾਣਾ ਖਾਣ ਤੋਂ ਤੁਰੰਤ ਬਾਅਦ ਕੁਝ ਸਮੇਂ ਲਈ ਇਸਦੀ ਮਾਤਰਾ ਖ਼ੂਨ ਵਿੱਚ ਕਾਫ਼ੀ ਵਧ ਸਕਦੀ ਹੈ, ਇਸ ਲਈ ਇਸਦਾ ਟੈਸਟ ਨਿਰਣੇ ਕਾਲਜੇ (ਖਾਲੀ ਪੇਟ) ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਟਰਾਈਗਲਿਸਰੈਡ ਦਾ ਦਿਲ ਦੀਆਂ ਬਿਮਾਰੀਆਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ ਅਤੇ ਨਾ ਹੀ ਇਸ ਨੂੰ ਘੱਟ ਕਰਕੇ ਦਿਲ ਦੀ ਬਿਮਾਰੀ ਨੂੰ ਘਟਾਉਣ ਵਿੱਚ ਅੱਜ ਤੱਕ ਕੋਈ ਸਫਲਤਾ ਮਿਲੀ ਹੈ। ਪਰ ਫਿਰ ਵੀ ਇੱਕ ਖਾਸ ਮਾਤਰਾ ਅਤੇ ਖਾਸ ਕਿਸਮ ਦੇ ਲੋਕਾਂ ਵਿੱਚ ਇਸ ਨੂੰ ਘਟਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਲਿਪਿਡ ਪ੍ਰੋਫਾਈਲ (Lipid Profile) ਦਾ ਟੈਸਟ ਕਰਵਾਉਣ ਦਾ ਸਹੀ ਤਰੀਕਾ ਕੀ ਹੈ ?**

ਸਹੀ ਟੈਸਟ ਕਰਾਉਣ ਦੀ ਵਿਧੀ ਤਾਂ ਨਿਰਨੇ ਕਾਲਜੇ (ਖਾਲੀ ਪੇਟ) ਵਾਲੀ ਹੀ ਹੈ, ਨਿਰਨਾ ਕਾਲਜਾ ਭਾਵ ਕਿ ਕਿਸੇ ਵੀ ਤਰ੍ਹਾਂ ਦਾ ਖਾਣਾ ਖਾਣ ਦੇ 9 ਤੋਂ 12 ਘੰਟੇ ਦੇ ਪਰਹੇਜ਼ ਤੋਂ ਬਾਅਦ। ਕੁੱਝ ਹਾਲਤਾਂ ਵਿੱਚ ਜੇਕਰ ਸਮਾਂ ਨਾ ਹੋਵੇ ਤਾਂ ਦਿਨ ਦੇ ਕਿਸੇ ਵੇਲੇ ਵੀ ਇਸ ਟੈਸਟ ਨੂੰ ਕਰਾਇਆ ਜਾ ਸਕਦਾ ਹੈ। ਨਿਰਨੇ ਕਾਲਜੇ ਵਾਲੇ ਟੈਸਟ ਵਿੱਚ ਟਰਾਈਗਲਿਸਰੈਡ (TG) ਦੀ ਮਾਤਰਾ ਸਹੀ ਤਰ੍ਹਾਂ ਨਾਲ ਆਉਂਦੀ ਹੈ, ਜਦਕਿ ਖਾਣਾ ਖਾਣ ਤੋਂ ਬਾਅਦ ਕੀਤੇ ਟੈਸਟਾਂ ਵਿੱਚ ਟਰਾਈਗਲਿਸਰੈਡ ਦੀ ਮਾਤਰਾ ਆਮ ਤੌਰ 'ਤੇ ਜਿਆਦਾ ਵਧ ਕੇ ਆਉਂਦੀ ਹੈ।

ਅਕਸਰ ਇਹ ਹੁੰਦਾ ਹੈ ਕਿ ਰੋਟੀ ਖਾਣ ਤੋਂ 2-3 ਘੰਟੇ

ਬਾਅਦ ਹੀ ਲਿਪਿਡ ਪ੍ਰੋਫਾਈਲ ਦਾ ਟੈਸਟ ਕਰਵਾਇਆ ਹੁੰਦਾ ਹੈ ਤੇ ਉਸ ਰਿਪੋਰਟ ਵਿੱਚ TG ਦੀ ਮਾਤਰਾ 15-20 ਵੱਧ ਆ ਜਾਂਦੀ ਹੈ, ਅਤੇ ਸਾਡੇ ਵੀਰ-ਭੈਣ ਗੋਲੀਆਂ ਦਾ ਫੱਕਾ ਛਕਣਾ ਸ਼ੁਰੂ ਕਰ ਦਿੰਦੇ ਹਨ। ਇਹ ਬਿਲਕੁਲ ਗਲਤ ਢੰਗ ਹੈ। TG ਦਾ ਇਕੱਲੇ ਤੌਰ 'ਤੇ ਦਿਲ ਦੀਆਂ ਬਿਮਾਰੀਆਂ ਨਾਲ਼ ਅਜੇ ਤੱਕ ਕੋਈ ਸਬੰਧ ਸਿੱਧ ਨਹੀਂ ਹੋਇਆ ਹੈ, ਅਤੇ ਨਾ ਹੀ ਇਸ ਦੀ ਮਾਤਰਾ ਘਟਾਉਣ ਨਾਲ਼ ਦਿਲ ਦੀਆਂ ਨਾੜਾਂ ਬੰਦ ਹੋਣ ਦੀ ਬਿਮਾਰੀ ਦਾ ਖਤਰਾ ਘਟਣਾ ਹੀ ਸਿੱਧ ਹੋਇਆ ਹੈ। ਹਾਂ, TG ਦੀ ਮਾਤਰਾ 1000 mg/dl ਤੋਂ ਵੱਧ ਹੋਣ ਨਾਲ਼ Pancreatitis (ਪੈਂਕਰੀਆਜ਼ ਦੀ ਸੋਜਿਸ਼) ਦਾ ਖਤਰਾ ਵੱਧ ਜਾਂਦਾ ਹੈ।

ਇੱਕ ਗੱਲ ਹੋਰ ਜਿਹੜੀ ਜਾਣਨੀ ਜ਼ਰੂਰੀ ਹੈ, ਉਹ ਇਹ ਕਿ ਵਿਅਕਤੀ ਦੀ ਉਮਰ, ਲਿੰਗ, ਸਿਹਤ ਦੀ ਸਥਿਤੀ ਅਨੁਸਾਰ ਲਿਪਿਡ ਪ੍ਰੋਫਾਈਲ ਦੇ ਵੱਖ-ਵੱਖ ਹਿੱਸਿਆਂ ਦੀ ਮਾਤਰਾ ਦੀ ਸਹੀ ਮਿਣਤੀ ਅਲੱਗ-ਅਲੱਗ ਹੁੰਦੀ ਹੈ, ਸਭਨਾਂ ਨੂੰ ਇੱਕੋ ਮੇਚੇ ਦੇ ਬੂਟ ਪਾਉਣ ਦੇ ਯਤਨ ਨਹੀਂ ਕਰਨੇ ਚਾਹੀਦੇ।

**ਲਿਪਿਡ ਪ੍ਰੋਫਾਈਲ ਦਾ ਟੈਸਟ ਕਿਹਨਾਂ ਨੂੰ ਕਰਵਾਉਣਾ ਚਾਹੀਦਾ ਹੈ ?**

ਇਹ ਜਾਣਨਾ ਬੇਹੱਦ ਜ਼ਰੂਰੀ ਹੈ। ਲਿਪਿਡ ਪ੍ਰੋਫਾਈਲ ਦਾ ਟੈਸਟ ਮੁੱਖ ਤੌਰ 'ਤੇ ਦੋ ਕਾਰਨਾਂ ਕਰਕੇ ਕਰਵਾਇਆ ਜਾਂਦਾ ਹੈ :

1) ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਦਿਲ ਦੀਆਂ ਨਾੜਾਂ (ਦਿਲ ਦਾ ਦੌਰਾ ਆਦਿ), ਦਿਮਾਗ ਦੀਆਂ ਨਾੜਾਂ (ਅਧਰੰਗ) ਜਾਂ ਲੱਤਾਂ/ਬਾਹਾਂ ਦੀਆਂ ਨਾੜਾਂ (ਗੈਂਗਰੀਨ, ਉਂਗਲਾਂ ਦਾ ਕਾਲਾ ਹੋਣਾ, ਪੈਰਾਂ/ਹੱਥਾਂ ਵਿੱਚ ਤਿੱਖਾ ਦਰਦ ਆਦਿ) ਦੀ ਬਿਮਾਰੀ ਹੁੰਦੀ ਹੈ। ਇਹਨਾਂ ਮਰੀਜ਼ਾਂ ਵਿੱਚ ਕੋਲੈਸਟਰੋਲ ਘਟਾਉਣਾ ਬਿਮਾਰੀ ਨੂੰ ਕੰਟਰੋਲ ਕਰਨ ਵਿੱਚ ਸਹਾਈ ਹੁੰਦਾ ਹੈ।

2) ਜਿਹਨਾਂ ਲੋਕਾਂ ਨੂੰ ਅਜਿਹੀਆਂ ਬਿਮਾਰੀਆਂ/ਆਦਤਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਲਿਪਿਡ ਪ੍ਰੋਫਾਈਲ ਦੇ ਨੁਕਸ ਪੈਦਾ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ, ਅਤੇ ਕੋਲੈਸਟਰੋਲ ਦੇ ਨੁਕਸ ਅਤੇ ਮੁੱਖ ਬਿਮਾਰੀ/ਆਦਤ ਮਿਲ ਕੇ ਦਿਲ/ਦਿਮਾਗ ਦੀਆਂ ਨਾੜਾਂ ਦੇ ਬੰਦ ਹੋਣ ਦਾ ਰਿਸਕ ਵਧਾ ਦਿੰਦੀਆਂ ਹਨ। ਅਜਿਹੀਆਂ ਮੁੱਖ ਬਿਮਾਰੀਆਂ/ਆਦਤਾਂ ਇਹ ਹਨ :

- ਸ਼ੂਗਰ
- ਬਲੱਡ ਪ੍ਰੈਸ਼ਰ ਦਾ ਵਧਣਾ
- ਮੋਟਾਪਾ
- ਸਿਗਰਟਨੋਸ਼ੀ
- ਸ਼ਰਾਬ ਦੀ ਲਤ

ਇਸ ਤੋਂ ਇਲਾਵਾ ਕੁੱਝ ਹੋਰਨਾਂ ਹਾਲਤਾਂ ਵਿੱਚ ਵੀ ਲਿਪਿਡ ਪ੍ਰੋਫਾਈਲ ਦਾ ਟੈਸਟ ਕਰਵਾਇਆ ਜਾਂਦਾ ਹੈ, ਜਿਵੇਂ:

1) ਸਿਹਤਮੰਦ ਲੋਕਾਂ ਦਾ ਜਿਹਨਾਂ ਦੀ ਉਮਰ 40 ਸਾਲ ਤੋਂ ਉੱਤੇ ਹੋਵੇ। ਇਸ ਉਮਰ ਵਰਗ ਦੇ ਲੋਕਾਂ ਨੂੰ ਹਰੇਕ 4-6 ਸਾਲ ਬਾਅਦ ਲਿਪਿਡ ਪ੍ਰੋਫਾਈਲ ਦਾ ਟੈਸਟ ਕਰਵਾ ਲੈਣਾ ਚਾਹੀਦਾ ਹੈ, ਨਾ ਕਿ ਹਰੇਕ ਦੂਜੇ-ਚੌਥੇ ਮਹੀਨੇ।

2) ਉਹਨਾਂ ਸਿਹਤਮੰਦ ਲੋਕਾਂ ਦਾ ਜਿਹਨਾਂ ਦੇ ਕਿਸੇ ਪਰਿਵਾਰਕ ਮੈਂਬਰ ਦੀ ਘੱਟ ਉਮਰੇ ਦਿਲ ਦੀ ਬਿਮਾਰੀ ਨਾਲ਼ ਮੌਤ ਹੋਈ ਹੋਵੇ, ਜਿਹਨਾਂ ਦੇ ਪਰਿਵਾਰਾਂ ਵਿੱਚ ਕੋਲੈਸਟਰੋਲ ਵਧਣ ਦੀ ਜਨਮਜਾਤ ਬਿਮਾਰੀ ਦੀ ਹਿਸਟਰੀ ਹੋਵੇ, ਉਹਨਾਂ ਦਾ ਕਿਸੇ ਵੀ ਉਮਰ ਵਿੱਚ ਲਿਪਿਡ ਪ੍ਰੋਫਾਈਲ ਟੈਸਟ ਕਰਵਾਇਆ ਜਾ ਸਕਦਾ ਹੈ।

3) ਜਿਹਨਾਂ ਲੋਕਾਂ ਵਿੱਚ - ਹਾਇਪੋਥਾਈਰੋਇਡਿਜਮ (Hypothyroidism), ਗੁਰਦੇ ਦੀਆਂ ਕੁੱਝ ਖਾਸ ਬਿਮਾਰੀਆਂ, ਫੈਟੀ ਲਿਵਰ ਦੀ ਬਿਮਾਰੀ, ਕਾਲੇ ਪੀਲੀਏ ਦੀ ਬਿਮਾਰੀ, HIV ਦੀ ਬਿਮਾਰੀ, ਪੈਂਕਰੀਆਜ਼ ਦੀ ਸੋਜਿਸ਼ - ਦਾ ਪਤਾ ਚੱਲਿਆ ਹੋਵੇ।

4) ਇਸ ਤੋਂ ਇਲਾਵਾ ਕੁੱਝ ਖੋਜਕਾਰਾਂ ਦਾ ਮੰਨਣਾ ਹੈ ਕਿ 9-11 ਸਾਲ ਦੀ ਉਮਰ ਵੇਲ਼ੇ, ਅਤੇ ਫ਼ਿਰ 17-21 ਸਾਲ ਦੀ ਉਮਰ ਵੇਲ਼ੇ ਵੀ ਜੇ ਲਿਪਿਡ ਪ੍ਰੋਫਾਈਲ ਦਾ ਟੈਸਟ ਕਰਵਾ ਲਿਆ ਜਾਵੇ ਤਾਂ ਕੋਈ ਹਰਜ ਨਹੀਂ। ਅਜਿਹਾ ਕਰਨ ਨਾਲ਼ ਉਹਨਾਂ ਲੋਕਾਂ ਦੀ ਪਛਾਣ ਹੋ ਸਕਦੀ ਹੈ ਜਿਹਨਾਂ ਵਿੱਚ ਕੋਲੈਸਟਰੋਲ ਦੇ ਜਨਮਜਾਤ (ਅਨੁਵੰਸ਼ਿਕ) ਨੁਕਸ ਹੁੰਦੇ ਹਨ ਅਤੇ ਉਹਨਾਂ ਦਾ ਸਮਾਂ ਰਹਿੰਦੇ ਇਲਾਜ ਕੀਤਾ ਜਾ ਸਕਦਾ ਹੈ। ਦੂਸਰਾ, ਇਸ ਉਮਰੇ ਟੈਸਟ ਕਰਨ ਨਾਲ਼ ਉਹਨਾਂ ਲੋਕਾਂ ਦੀ ਪਛਾਣ ਹੋ ਸਕਦੀ ਹੈ ਜਿਹਨਾਂ ਦੀਆਂ ਖਾਣ-ਪੀਣ ਦੀਆਂ ਭੈੜੀਆਂ ਆਦਤਾਂ ਜਾਂ ਫ਼ਿਰ 'ਦੇਹ-ਰੱਖ' (ਕੋਈ ਸਰੀਰਕ ਕੰਮ ਨਾ ਕਰਨ) ਹੋਣ ਕਰਕੇ ਕੋਲੈਸਟਰੋਲ ਦੇ ਨੁਕਸ ਪੈਣੇ ਸ਼ੁਰੂ ਹੋ ਚੁੱਕੇ ਹੁੰਦੇ ਹਨ, ਪਰ ਭੋਜਨ ਸਬੰਧੀ ਆਦਤਾਂ ਠੀਕ ਕਰਕੇ ਅਤੇ ਕਸਰਤ/ਭੱਜਣ-ਨੱਠਣ ਦੀ ਆਦਤ ਪਾ ਕੇ ਨੁਕਸ ਦੂਰ ਕੀਤੇ ਜਾ ਸਕਦੇ ਹਨ, ਕਿਉਂਕਿ ਬਾਅਦ ਦੀ ਉਮਰੇ ਆਦਤਾਂ ਬਦਲਣੀਆਂ ਔਖੀਆਂ ਹੁੰਦੀਆਂ ਹਨ।

**ਜੇ ਲਿਪਿਡ ਪ੍ਰੋਫਾਈਲ ਵਿੱਚ ਨੁਕਸ ਆ ਜਾਵੇ ਤਾਂ ਕੀ ਕਰੀਏ ?**

1) ਜੇ ਤੁਹਾਨੂੰ ਵੈਸੇ ਕੋਈ ਬਿਮਾਰੀ ਨਹੀਂ ਹੈ, ਲਿਪਿਡ ਪ੍ਰੋਫਾਈਲ ਵਿੱਚ ਸਿਰਫ਼ TG ਜ਼ਿਆਦਾ ਹਨ ਅਤੇ ਟੈਸਟ ਨਿਰਨੇ ਕਾਲਜੇ ਨਹੀਂ ਕਰਵਾਇਆ ਗਿਆ ਤਾਂ ਸਭ ਤੋਂ ਪਹਿਲਾਂ ਟੈਸਟ

**ਬਾਕੀ ਸਫ਼ਾ 50 'ਤੇ**

# ਦੂਰਬੀਨ (Telescope) ਦੀ ਕਹਾਣੀ



**ਅਸੀਂ ਕਿੰਨੀ ਕੁ ਦੂਰ ਦੇਖ ਸਕਦੇ ਹਾਂ**

ਸਕੂਲੀ ਬੱਚੇ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਸਮਰੱਥਾ ਵਾਲਾ ਸਾਬਤ ਕਰਨ ਦੀ ਕੋਸ਼ਿਸ਼ ਵਿੱਚ ਅਕਸਰ ਸ਼ੇਖੀਆਂ ਮਾਰਦੇ ਰਹਿੰਦੇ ਹਨ ਕਿ ਮੈਂ ਇਹ ਕਰ ਸਕਦਾ ਹਾਂ, ਤੂੰ ਇਹ ਨਹੀਂ ਕਰ ਸਕਦਾ ਆਦਿ। ਇਸੇ ਕੰਮ ਵਿੱਚ ਲੱਗੇ ਹੋਏ ਉਹ ਆਪਣੇ ਦੂਸਰੇ ਸਾਥੀ ਨੂੰ ਇਹ ਵੀ ਪੁੱਛ ਲੈਂਦੇ ਹਨ ਕਿ ਤੂੰ ਕਿੰਨੀ ਦੂਰ ਦੇਖ ਸਕਦਾ ਏ ? ਅਚਨਚੇਤ ਹੋਏ ਸਵਾਲ ਦਾ ਬਹੁਤੀ ਸੋਚ ਵਿਚਾਰ ਕੀਤੇ ਬਿਨ੍ਹਾਂ ਉੱਤਰ ਦੇਣ ਵਾਲਾ ਅਕਸਰ ਇਹੋ ਜਿਹਾ ਵਾਕ ਬੋਲ ਦਿੰਦਾ ਹੈ ਕਿ "ਮੈਂ ਤਾਂ 100 ਕਿਲੋਮੀਟਰ ਵੇਖ ਸਕਦਾ ਹਾਂ।" ਆਪਣੇ ਵੱਲੋਂ ਤਾਂ ਉਹ ਕਾਫੀ ਵੱਡੀ ਦੂਰੀ ਦੱਸਦਾ ਹੈ ਪਰ ਸਵਾਲ ਪੁੱਛਣ ਵਾਲੇ ਨੇ ਤਾਂ ਆਪਣੇ ਆਪ ਨੂੰ ਵੱਡਾ ਸਿੱਧ ਕਰਨ ਲਈ ਪਹਿਲਾਂ ਸੋਚਿਆ ਹੀ ਹੁੰਦਾ ਹੈ। ਉਹ ਕਹਿੰਦਾ ਹੈ, "ਬੱਸ ਇੱਕ ਸੌ ਕਿਲੋਮੀਟਰ ਹੀ! ਮੈਂ ਤਾਂ ਕਰੋੜਾਂ ਕਿਲੋਮੀਟਰ ਤੱਕ ਵੇਖ ਸਕਦਾ ਹਾਂ।"ਜਦ ਦੂਸਰਾ ਬੱਚਾ ਪੁੱਛਦਾ ਹੈ ਕਿ ਕੀ ਸਬੂਤ ਹੈ ਤਾਂ ਉਹ ਕਹਿੰਦਾ ਹੈ, "ਆਪਾਂ ਪੜ੍ਹਿਆ ਹੈ ਕਿ ਸੂਰਜ ਸਾਥੋਂ 15 ਕਰੋੜ ਕਿਲੋਮੀਟਰ ਦੂਰ ਹੈ ਤੇ ਮੈਂ ਸੂਰਜ ਵੇਖ ਸਕਦਾ ਹਾਂ।"

ਜੇ ਬੱਚਿਆਂ ਵਾਲੀ ਗੱਲ ਨੂੰ ਪਾਸੇ ਛੱਡ ਦੇਈਏ ਤਾਂ ਇਹ ਤਾਂ ਸਪਸ਼ਟ ਹੈ ਕਿ ਜਿਸ ਵਸਤੂ ਤੋਂ ਪ੍ਰਕਾਸ਼ ਸਾਡੀਆਂ ਅੱਖਾਂ ਤੱਕ ਪਹੁੰਚ ਜਾਂਦਾ ਹੈ ਉਹ ਵਸਤੂ ਸਾਨੂੰ ਦਿਖਾਈ ਦੇ ਜਾਂਦੀ ਹੈ, ਚਾਹੇ ਉਹ ਕਿੰਨੀ ਵੀ ਦੂਰ ਹੋਵੇ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਕੋਈ ਵਸਤੂ ਜਿੰਨੀ ਜਿਆਦਾ ਦੂਰ ਹੁੰਦੀ ਹੈ ਉਹ ਸਾਨੂੰ ਓਨੀ ਹੀ ਛੋਟੀ ਦਿਖਾਈ ਦਿੰਦੀ ਹੈ। ਇਸਦਾ ਕਾਰਣ ਇਹ ਹੁੰਦਾ ਹੈ ਕਿ ਸਾਡੀ ਅੱਖ ਵਿਚਲੇ ਲੈਨਜ਼ ਦਾ ਆਕਾਰ ਛੋਟਾ ਹੁੰਦਾ ਹੈ ਅਤੇ ਉਸ ਵਿੱਚੋਂ ਲੰਘ ਕੇ ਰੈਟਿਨਾ ਉੱਤੇ ਪ੍ਰਤੀਬਿੰਬ ਬਨਾਉਣ ਸਮੇਂ ਵਸਤੂ ਦੇ ਸਿਰਿਆਂ ਤੋਂ ਜੋ ਪ੍ਰਕਾਸ਼ ਕਿਰਨਾਂ ਆ ਰਹੀਆਂ ਹੁੰਦੀਆਂ ਹਨ, ਉਨ੍ਹਾਂ ਵਿਚਲਾ ਕੋਣ ਦੂਰੀ ਦੇ ਵਧਣ ਨਾਲ ਛੋਟਾ ਹੁੰਦਾ ਜਾਂਦਾ ਹੈ ਅਤੇ ਸਾਨੂੰ ਵਸਤੂ ਛੋਟੀ ਦਿਖਾਈ ਦਿੰਦੀ ਹੈ। ਇਸ ਨੂੰ ਹੇਠ ਦਿੱਤੇ ਚਿੱਤਰ ਤੋਂ ਸਮਝਿਆ ਜਾ ਸਕਦਾ ਹੈ।



ਜਿਆਦਾ ਦੂਰ ਵਾਲੀਆਂ ਵਾਲੀਆਂ ਵਸਤੂਆਂ ਲਈ ਇਹ ਕੋਣ ਐਨਾ ਛੋਟਾ ਹੋ ਜਾਂਦਾ ਹੈ ਕਿ ਸਾਨੂੰ ਉਸ ਦੀ ਬਣਤਰ ਸਪਸ਼ਟ ਨਹੀਂ ਦਿਸਦੀ। ਜਿਵੇਂ ਦੂਰ ਦਿਸ ਰਹੇ ਵਿਅਕਤੀ ਦੇ ਚਿਹਰੇ ਦੇ ਨਕਸ਼ ਸਪਸ਼ਟ ਨਾ ਦਿਸਣ ਕਰਕੇ ਉਸ ਵਿਅਕਤੀ ਦੀ ਪਛਾਣ ਨਹੀਂ ਆਉਂਦੀ। ਸੋ ਮਨੁੱਖ ਦੀ ਇਹ ਲੋੜ ਰਹੀ ਹੈ ਕਿ ਉਹ ਇਹੋ ਜਿਹਾ ਯੰਤਰ ਬਣਾਵੇ ਜਿਸ ਨਾਲ ਦੂਰ ਵਾਲੀਆਂ ਵਸਤਾਂ ਵੀ ਸਪਸ਼ਟ ਦਿਖਾਈ ਦੇਣ। ਆਖਰ ਸਤਾਰਵੀਂ ਸਦੀ ਦੇ ਪਹਿਲੇ ਸਾਲਾਂ ਵਿੱਚ ਮਨੁੱਖ ਅਜਿਹਾ ਯੰਤਰ ਬਨਾਉਣ ਵਿੱਚ ਸਫਲ ਹੋ ਗਿਆ। ਇਸ ਯੰਤਰ ਨੂੰ ਪੰਜਾਬੀ ਵਿੱਚ ਦੂਰਬੀਨ ਅਤੇ ਅੰਗਰੇਜ਼ੀ ਵਿੱਚ ਟੈਲੀਸਕੋਪ (Telescope) ਕਿਹਾ ਜਾਂਦਾ ਹੈ।

ਜਿਵੇਂ 'ਤਰਕਸ਼ੀਲ' ਦੇ ਪਿਛਲੇ ਅੰਕ ਵਿੱਚ ਖ਼ੁਰਦਬੀਨ(Microscope) ਬਾਰੇ ਦੱਸਿਆ ਗਿਆ ਸੀ ਕਿ ਉਸ ਦੀ ਕਾਢ ਦਾ ਸਿਹਰਾ ਕਿਸੇ ਇੱਕ ਵਿਅਕਤੀ ਨੂੰ ਨਹੀਂ ਦਿੱਤਾ ਜਾ ਸਕਦਾ ਉਸੇ ਤਰ੍ਹਾਂ ਦਾ ਹੀ ਮਾਮਲਾ ਦੂਰਬੀਨ ਦਾ ਹੈ। ਅਸਲ ਵਿੱਚ ਖ਼ੁਰਦਬੀਨ ਅਤੇ ਦੂਰਬੀਨ ਦੋਵੇਂ ਯੰਤਰ ਹੀ ਲੈਨਜ਼ਾਂ ਤੋਂ ਬਣੇ ਹਨ ਅਤੇ ਐਨਕਾਂ ਬਨਾਉਣ ਵਾਲੇ ਲੈਨਜ਼ਾਂ ਨੂੰ ਐਨਕਾਂ ਬਨਾਉਣ ਲਈ ਵਰਤਣ ਤੋਂ ਇਲਾਵਾ ਆਪਣੇ ਵਿਹਲੇ ਸਮੇਂ ਵਿੱਚ ਆਪਣੇ ਕੋਲ ਪਏ ਲੈਨਜ਼ਾਂ ਨੂੰ ਅੱਗੇ ਪਿੱਛੇ ਰੱਖ ਕੇ ਤਜਰਬੇ ਕਰਦੇ ਰਹਿੰਦੇ ਸਨ, ਇਨ੍ਹਾਂ ਤਜਰਬਿਆਂ ਵਿੱਚੋਂ ਹੀ ਇਹ ਦੋਵੇਂ ਯੰਤਰ ਨਿਕਲੇ। ਪਰ ਦੂਰਬੀਨ ਦੇ ਮੋਢੀ ਕਾਢਕਾਰਾਂ ਵਿੱਚ ਹਾਲੈਂਡ ਦੇ ਐਨਕਾਂ ਬਨਾਉਣ ਵਾਲੇ ਵਿਅਕਤੀ ਹਾਂਸ ਲਿਪਰੇ Hans Lipperhey ਦਾ ਨਾਮ ਜਰੂਰ ਲਿਆ ਜਾਂਦਾ ਹੈ ਕਿਉਂਕਿ ਸਾਲ 1608 ਵਿੱਚ ਉਸ ਨੇ ਸਭ ਤੋਂ ਪਹਿਲਾਂ ਇਹ ਦਾਅਵਾ ਕੀਤਾ ਕਿ ਉਸ ਨੇ ਬਹੁਤ ਦੂਰ ਦੇਖ ਸਕਣ ਵਾਲਾ ਯੰਤਰ ਬਣਾਇਆ ਹੈ ਅਤੇ ਇਸ ਲਈ ਉਸ ਨੇ ਦੂਰਬੀਨ ਨੂੰ ਆਪਣੇ ਨਾਮ ਉੱਤੇ ਪੇਟੈਂਟ ਕਰਨ ਲਈ ਵੀ ਅਰਜੀ ਦਿੱਤੀ, ਪਰ ਉਸ ਨੂੰ ਪੇਟੈਂਟ ਨਾ ਮਿਲਿਆ। ਕਾਰਣ ਇਹੀ ਦੱਸਿਆ ਗਿਆ ਕਿ ਅਜਿਹਾ ਯੰਤਰ ਕੁੱਝ ਹੋਰਨਾਂ ਵੱਲੋਂ ਵੀ ਬਣਾਏ ਜਾਣ ਦਾ ਪਤਾ ਚੱਲਿਆ ਹੈ। ਫਿਰ ਵੀ ਉਸ ਵੱਲੋਂ ਦੂਰਬੀਨ ਲਈ ਪੇਟੈਂਟ ਮੰਗਣ ਦਾ ਇਹ ਫਾਇਦਾ ਹੋਇਆ ਕਿ ਹੋਰ ਵਿਗਿਆਨੀਆਂ ਦਾ ਇਸ ਕੰਮ ਵੱਲ ਧਿਆਨ ਖਿੱਚਿਆ ਗਿਆ ਅਤੇ ਉਹ ਇਸ ਯੰਤਰ ਨੂੰ ਵਧੀਆ ਬਨਾਉਣ ਲਈ ਕੰਮ ਕਰਨ ਲੱਗੇ। ਇਸ ਖੇਤਰ ਵਿੱਚ ਸਭ ਤੋਂ ਪਹਿਲਾ ਅਤੇ ਸਭ ਤੋਂ

ਮਹੱਤਵਪੂਰਨ ਕੰਮ ਕੀਤਾ ਗਲੈਲੀਓ ਗੈਲਿਲੀ ਨੇ। ਓਹੀ ਗਲੈਲੀਓ ਜਿਸ ਨੂੰ 'ਧਰਤੀ ਸੂਰਜ ਦੁਆਲੇ ਘੁੰਮਦੀ ਹੈ' ਕਹਿਣ ਬਦਲੇ ਚਰਚ ਵੱਲੋਂ ਕੈਦ ਵਿੱਚ ਸੁੱਟਿਆ ਗਿਆ।

**ਗਲੈਲੀਓ ਦੀ ਦੂਰਬੀਨ** ਜੂਨ 1609 ਵਿੱਚ ਗਲੈਲੀਓ ਇਟਲੀ ਦੇ ਸ਼ਹਿਰ ਵੀਨਸ ਆਇਆ ਹੋਇਆ ਸੀ ਜਿੱਥੇ ਉਸ ਨੂੰ ਹਾਂਸ ਲਿਪਰੇ ਵੱਲੋਂ ਦੂਰ ਦੀਆਂ ਵਸਤਾਂ ਵੇਖਣ ਵਾਲਾ ਯੰਤਰ ਬਨਾਉਣ ਬਾਰੇ ਪਤਾ ਚੱਲਿਆ। ਗਲੈਲੀਓ ਜਦ ਵਾਪਸ ਆਪਣੇ ਸ਼ਹਿਰ ਪਾਦੂਆ ਗਿਆ ਤਾਂ ਉਸ ਨੇ ਜਾਣ ਸਾਰ ਪਹਿਲਾ ਕੰਮ ਦੂਰਬੀਨ ਬਨਾਉਣ ਦਾ ਹੀ ਕੀਤਾ। ਉਸ ਨੇ ਇਹ ਦੂਰਬੀਨ ਵਸਤੂ ਵਾਲੇ ਪਾਸੇ ਉੱਤਲ ਲੈਨਜ਼ ਅਤੇ ਅੱਖ ਵਾਲੇ ਪਾਸੇ ਅਵਤਲ ਲੈਨਜ਼ ਫਿੱਟ ਕਰ ਕੇ ਬਣਾਈ। ਕੁੱਝ ਦਿਨਾਂ ਵਿੱਚ ਉਸ ਨੇ ਇਸ ਨੂੰ ਹੋਰ ਸੋਧਿਆ ਅਤੇ ਫਿਰ ਵੀਨਸ ਦੇ ਉਸ ਸਮੇਂ ਦੇ ਸ਼ਾਸਕ ਡੋਨੇਟੋ ਅਤੇ ਉਸਦੇ ਮੰਤਰੀਆਂ ਕੋਲ ਜਾ ਕੇ ਇਸਦਾ ਪ੍ਰਦਰਸ਼ਨ ਕੀਤਾ ਉਹ ਇਸ ਵਿੱਚੋਂ ਦੂਰ ਦੀਆਂ ਚੀਜਾਂ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਸੈਨੇਟ ਨੇ ਗਲੈਲੀਓ ਦੀ ਤਨਖਾਹ ਦੁੱਗਣੀ ਕਰ ਕੇ ਉਸ ਦੀ ਪ੍ਰੋਫੈਸਰੀ ਨੂੰ ਜ਼ਿੰਦਗੀ ਭਰ ਲਈ ਪੱਕਾ ਕਰ ਦਿੱਤਾ।

ਦੂਰਬੀਨ ਦੇ ਇਤਿਹਾਸ ਵਿੱਚ ਗਲੈਲੀਓ ਦਾ ਯੋਗਦਾਨ ਤਾਂ ਵੱਡਾ ਹੈ ਹੀ ਪਰ ਦੂਰਬੀਨ ਦਾ ਗਲੈਲੀਓ ਦੀਆਂ ਖੋਜਾਂ ਵਿੱਚ ਯੋਗਦਾਨ ਉਸ ਤੋਂ ਵੀ ਵੱਡਾ ਹੈ। ਗਲੈਲੀਓ ਦਾ ਦੂਰਬੀਨ ਦੇ ਵਿਕਾਸ ਵਿੱਚ ਯੋਗਦਾਨ ਇਹ ਸੀ ਕਿ ਦੂਸਰਿਆਂ ਨਾਲੋਂ ਵੱਧ ਪ੍ਰਤਿਭਾਸ਼ਾਲੀ ਹੋਣ ਕਰਕੇ ਉਸ ਵੱਲੋਂ ਬਣਾਈ ਦੂਰਬੀਨ ਪਹਿਲਾਂ ਬਣੀਆਂ ਦੂਰਬੀਨਾਂ ਨਾਲੋਂ ਬਹੁਤ ਵਧੀਆ ਸੀ ਇਸੇ ਕਰਕੇ ਉਸ ਵੱਲੋਂ ਵਿਕਸਿਤ ਕੀਤੀ ਵਿਧੀ ਨਾਲ ਬਣਾਈਆਂ ਦੂਰਬੀਨਾਂ ਨੂੰ ਗਲੈਲੀਅਨ ਟੈਲੀਸਕੋਪ ਕਿਹਾ ਜਾਂਦਾ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਗਲੈਲੀਓ ਨੇ ਆਪਣੀ ਦੂਰਬੀਨ ਨੂੰ ਬ੍ਰਹਿਮੰਡ ਦੀ ਵਿਗਿਆਨਕ ਖੋਜ ਕਰਨ ਲਈ ਵਰਤਿਆ ਜਦ ਕਿ ਪਹਿਲਾਂ ਇਸ ਯੰਤਰ ਨੂੰ ਦੁਸ਼ਮਣ ਫੌਜਾਂ ਦੀਆਂ ਹਰਕਤਾਂ ਨੂੰ ਦੇਖਣ ਲਈ ਹੀ ਵਰਤਿਆ ਜਾਂਦਾ ਸੀ ਆਪਣੀ ਬਣਾਈ ਇਸ ਦੂਰਬੀਨ ਨਾਲ ਉਸ ਨੇ ਸਭ ਤੋਂ ਪਹਿਲਾਂ ਚੰਦ ਦੀ ਸਤ੍ਹਾ ਉੱਤੇ ਬਣੇ ਟੋਏ ਟਿੱਬੇ ਦੇਖੇ ਫਿਰ ਉਸ ਨੇ ਬ੍ਰਹਿਸਪਤੀ ਗ੍ਰਹਿ ਦੁਆਲੇ ਚਾਰ ਚੰਦ ਵੀ ਇਸੇ ਦੂਰਬੀਨ ਰਾਹੀਂ ਦੇਖੇ। ਇਸ ਤੋਂ ਇਲਾਵਾ ਉਸ ਨੇ ਸ਼ੁੱਕਰ ਗ੍ਰਹਿ ਦੀਆਂ ਕਲਾਵਾਂ ਵੇਖੀਆਂ (ਭਾਵ ਸ਼ੁੱਕਰ ਗ੍ਰਹਿ ਦਾ ਚਮਕਦਾਰ ਭਾਗ ਚੰਦ ਵਾਂਗ ਵਧਦਾ ਘਟਦਾ ਰਹਿੰਦਾ ਹੈ)। ਉਸ ਨੇ ਸੂਰਜ ਦੀ ਸਤ੍ਹਾ ਉੱਤੇ ਧੱਬੇ ਵੀ ਵੇਖੇ। ਦੂਰਬੀਨ ਨਾਲ ਉਸ ਨੇ ਜਿਵੇਂ ਗ੍ਰਹਿ, ਉਨ੍ਹਾਂ ਦੇ ਰਸਤੇ ਅਤੇ ਉਨ੍ਹਾਂ ਦੇ ਚੰਨ ਆਦਿ ਵੇਖੇ ਉਸ ਤੋਂ ਸਪਸ਼ਟ ਹੋ ਗਿਆ ਕਿ ਪ੍ਰਿਥਵੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ ਨਾ ਕਿ ਧਰਤੀ ਦੁਆਲੇ ਚਾਹੇ ਇਹ ਗੱਲ ਪਹਿਲਾਂ ਕੋਪਰਨੀਕਸ ਅਤੇ ਬਰੂਨੋ ਵੀ ਕਹਿ ਚੁੱਕੇ ਸਨ ਪਰ ਆਕਾਸ਼ ਨੂੰ ਦੂਰਬੀਨ ਨਾਲ ਦੇਖਣ ਬਾਅਦ ਗਲੈਲੀਓ ਕੋਲ ਇਸਦੇ ਹੱਕ ਵਿੱਚ ਅਜਿਹੇ ਸਬੂਤ ਅਤੇ ਦਲੀਲਾਂ ਇਕੱਠੀਆਂ ਹੋ ਗਈਆਂ ਜਿਨ੍ਹਾਂ ਨੂੰ ਨਕਾਰਿਆ ਨਹੀਂ ਜਾ ਸਕਦਾ ਸੀ। ਕਿਹਾ ਜਾ ਸਕਦਾ ਹੈ ਕਿ ਗਲੈਲੀਓ ਨੇ ਦੂਰਬੀਨ ਦਾ ਮੂੰਹ ਧਰਤੀ ਉਤਲੀਆਂ ਵਸਤਾਂ ਦੀ ਬਜਾਏ ਆਕਾਸ਼ ਵੱਲ ਕਰ ਦਿੱਤਾ ਅਤੇ ਮਨੁੱਖ ਨੂੰ ਹੋਰ ਧਰਤੀਆਂ ਬਾਰੇ ਜਾਣਨ ਦਾ ਰਾਹ ਖੋਲ੍ਹ ਦਿੱਤਾ।



ਗਲੈਲੀਓ ਅਤੇ ਉਸਦੀ ਦੂਰਬੀਨ

**ਨਿਊਟਨ ਦੀ ਦੂਰਬੀਨ** ਗਲੈਲੀਓ ਤੋਂ ਬਾਅਦ ਦੂਰਬੀਨ ਨੂੰ ਹੋਰ ਸ਼ਕਤੀਸ਼ਾਲੀ ਬਨਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ। ਇਸ ਵਾਸਤੇ ਪਹਿਲਾਂ ਵੱਧ ਗੋਲਾਈ ਵਾਲੇ ਲੈਨਜ਼ ਵਰਤੇ ਗਏ ਪਰ ਜਿਆਦਾ ਗੋਲਾਈ ਨਾਲ ਪ੍ਰਤੀਬਿੰਬ ਸਾਫ ਨਹੀਂ ਰਹਿੰਦਾ ਸੀ। ਫਿਰ ਜਿਆਦਾ ਫੋਕਸ ਦੂਰੀ ਵਾਲੇ ਲੈਨਜ਼ ਵਰਤੇ ਗਏ ਜਿਸ ਨਾਲ ਬਹੁਤ ਲੰਮੀਆਂ ਦੂਰਬੀਨਾਂ ਬਣਾਈਆਂ ਗਈਆਂ ਜੋ 30–40 ਫੁੱਟ ਲੰਬੀਆਂ ਸਨ। ਇੱਕ ਦੂਰਬੀਨ ਤਾਂ 148 ਫੁੱਟ ਲੰਬੀ ਵੀ ਬਣਾਈ ਗਈ ਪਰ ਐਨੀਆਂ ਲੰਮੀਆਂ ਦੂਰਬੀਨ ਨੂੰ ਸਾਂਭਣਾ ਅਤੇ ਵਰਤਣਾ ਬਹੁਤ ਔਖਾ ਸੀ। ਨਿਊਟਨ ਨੇ ਲੱਭਿਆ ਕਿ ਪ੍ਰਕਾਸ਼ ਵਿਚਲੇ ਵੱਖ ਵੱਖ ਰੰਗ ਲੈਨਜ਼ ਵਿੱਚੋਂ ਮੁੜਨ ਸਮੇਂ ਵੱਖ ਵੱਖ ਕੋਣ ਬਣਾਉਂਦੇ ਹਨ ਜਿਸ ਕਰਕੇ ਜਿਆਦਾ ਗੋਲਾਈ ਵਾਲੇ ਲੈਨਜ਼ਾਂ ਵਿੱਚੋਂ ਪ੍ਰਕਾਸ਼ ਕਿਰਨਾਂ ਲੰਘਾਉਣ ਨਾਲ ਪ੍ਰਤੀਬਿੰਬ ਅਸਪਸ਼ਟ ਹੋ ਜਾਂਦਾ ਹੈ। ਇਸ ਵਰਤਾਰੇ ਨੂੰ ਉਸ ਨੇ ਕ੍ਰੋਮੈਟਿਕ ਰੀਫਰੈਕਸ਼ਨ (Chromatic Refraction) ਦਾ ਨਾਂ ਦਿੱਤਾ ਸੋ ਉਸ ਨੇ ਦੂਰਬੀਨ ਲਈ ਲੈਨਜ਼ਾਂ ਦੀ ਜਗ੍ਹਾ ਦਰਪਣ

ਵਰਤਣੇ ਸ਼ੁਰੂ ਕੀਤੇ। ਦਰਪਣ ਕੱਚ ਦੀ ਬਜਾਏ ਕਿਸੇ ਧਾਤ ਦੀ ਸਤ੍ਹਾ ਨੂੰ ਚਮਕਦਾਰ ਪਾਲਿਸ਼ ਕਰ ਕੇ ਵੀ ਬਣਾਏ ਜਾ ਸਕਦੇ ਸਨ। ਇਸ ਤਰ੍ਹਾਂ ਨਿਊਟਨ ਵੱਲੋਂ ਵਿਕਸਿਤ ਕੀਤੀ ਦਰਪਣਾਂ ਨਾਲ ਬਣਾਈ ਗਈ ਦੂਰਬੀਨ ਨੂੰ Reflective Telescope ਕਿਹਾ ਜਾਂਦਾ ਹੈ।

**ਵੱਡੀਆਂ ਅਤੇ ਸ਼ਕਤੀਸ਼ਾਲੀ ਦੂਰਬੀਨਾਂ-**

ਦੂਜੇ ਪਾਸੇ ਕੁੱਝ ਹੋਰ ਵਿਗਿਆਨੀਆਂ ਵੱਲੋਂ ਅਜਿਹੇ ਲੈਨਜ਼ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜਿਨ੍ਹਾਂ ਵਿੱਚੋਂ ਲੰਘਣ ਸਮੇਂ ਵੱਖ ਵੱਖ ਰੰਗ ਇਕੋ ਜਿਹੇ ਮੁੜਨ ਤਾਂ ਜੋ ਉਪਰ ਬਿਆਨ ਕੀਤਾ ਕ੍ਰੋਮੈਟਿਕ ਐਬਰੇਸ਼ਨ ਵਾਲਾ ਨੁਕਸ ਦੂਰ ਹੋ ਸਕੇ ਇਸ ਵਿੱਚ ਉਨ੍ਹਾਂ ਨੂੰ ਸਫਲਤਾ ਵੀ ਮਿਲੀ। ਇਸ ਨਾਲ ਲੈਨਜ਼ਾਂ ਵਾਲੀਆਂ ਦੂਰਬੀਨਾਂ ਨੂੰ ਵੱਧ ਸ਼ਕਤੀਸ਼ਾਲੀ ਬਨਾਉਣ ਵਿੱਚ ਮੱਦਦ ਮਿਲੀ। ਇਸ ਨਵੀਂ ਤਕਨੀਕ ਨਾਲ ਬਣੀ ਵੱਡੀ ਤੋਂ ਵੱਡੀ ਦੂਰਬੀਨ ਅਮਰੀਕਾ ਦੀ ਯਰਕਸ ਅਬਜ਼ਰਵੇਟਰੀ (Yerkes Observatory) ਵਿੱਚ ਸਥਿਤ ਹੈ ਜਿਸ ਦਾ ਲੈਨਜ਼ 40 ਇੰਚ ਵਿਆਸ ਦਾ ਹੈ। ਇਸ ਤੋਂ ਵੱਡਾ ਲੈਨਜ਼ ਬਨਾਉਣਾ ਤਕਨੀਕੀ ਕਾਰਣਾਂ ਕਰਕੇ ਬਹੁਤ ਮੁਸ਼ਕਿਲ ਹੈ। ਦੂਜੇ ਪਾਸੇ ਗੋਲਾਈਦਾਰ ਦਰਪਣ ਬਹੁਤ ਵੱਡੇ ਬਣਾਏ ਜਾ ਸਕਦੇ ਹਨ ਕਿਉਂਕਿ ਉਹ ਧਾਤ ਦੇ ਬਣੇ ਹੁੰਦੇ ਹਨ। ਸੋ ਦਰਪਣਾਂ ਵਾਲੀ ਦੂਰਬੀਨ (ਰਿਫਲੈਕਟਿਵ ਟੈਲੀਸਕੋਪ) ਵੱਧ ਤੋਂ ਵੱਧ ਸ਼ਕਤੀਸ਼ਾਲੀ ਬਨਾਉਣ ਦੀ ਦੌੜ ਚੱਲ ਪਈ. 1908 ਵਿੱਚ ਵੱਡੀ ਮੰਨੀ ਜਾਂਦੀ 60 ਇੰਚ ਵਾਲੀ ਦੂਰਬੀਨ ਤੋਂ ਚੱਲ ਕੇ 1948 ਵਿੱਚ 200 ਇੰਚ ਅਕਾਰ ਦੇ ਦਰਪਣ ਵਾਲੀ ਦੂਰਬੀਨ ਬਣ ਗਈ ਪਰ ਹੁਣ ਤਾਂ ਬਹੁਤ ਹੀ ਵੱਡੀਆਂ ਦੂਰਬੀਨਾਂ ਬਣਾਈਆਂ ਜਾ ਰਹੀਆਂ ਹਨ ਜਿਵੇਂ ਐਸ ਵਕਤ ਸਭ ਤੋਂ ਵੱਡੀ ਦੂਰਬੀਨ ਚਿੱਲੀ ਵਿੱਚ ਬਣਾਈ ਜਾ ਰਹੀ ਹੈ ਜਿਸ ਦੇ ਮੁੱਖ ਦਰਪਣ ਦਾ ਵਿਆਸ 128 ਫੁੱਟ (39.3) ਮੀਟਰ ਹੋਵੇਗਾ। ਇਸਦਾ ਨਾਂ ਹੀ ELT Extremely Large Telescope ਭਾਵ ਅਤਿ ਵੱਡੀ ਦੂਰਬੀਨ ਹੈ। ਇਹ 2029 ਵਿੱਚ ਚਾਲੂ ਹੋਵੇਗੀ ਇਹ ਦੂਰਬੀਨ ਹੋਰ ਸੂਰਜਾਂ ਦੇ ਗ੍ਰਹਿ ਦੇਖਣ ਦੇ ਕੰਮ ਆਵੇਗੀ ਜਿਸ ਨਾਲ ਇਹ ਵੀ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਕਿ ਕੀ ਇਸ ਬ੍ਰਹਿਮੰਡ ਵਿੱਚ ਕਿਤੇ ਹੋਰ ਵੀ ਜੀਵਨ ਮੌਜੂਦ ਹੈ ਇਹ ਵੱਡੀਆਂ ਦੂਰਬੀਨਾਂ ਪਹਾੜੀਆਂ ਉੱਤੇ ਲਗਾਈਆਂ ਜਾਂਦੀਆਂ ਹਨ ਜਿੱਥੇ ਵਾਤਾਵਰਣ ਸਾਫ ਹੋਵੇ ਅਤੇ ਧੂੜ-ਕਣ ਆਦਿ ਦ੍ਰਿਸ਼ ਵਿੱਚ ਵਿਘਨ ਨਾ ਪਾਉਣ।

**ਪੁਲਾੜੀ ਦੂਰਬੀਨਾਂ (Space Telescopes)**

ਧਰਤੀ ਉੱਤੇ ਲਗਾਈਆਂ ਦੂਰਬੀਨਾਂ ਭਾਵੇਂ ਕਿੰਨੇ ਵੀ ਸਾਫ ਵਾਤਾਵਰਣ ਵਾਲੀਆਂ ਪਹਾੜੀਆਂ ਉੱਤੇ ਲਗਾਈਆਂ ਜਾਣ ਵਾਯੂਮੰਡਲ ਵਿਚਲੇ ਕਣ ਜਿਆਦਾ ਸ਼ਕਤੀ ਵਾਲੀਆਂ ਦੂਰਬੀਨਾਂ ਰਾਹੀਂ ਦੇਖਣ ਵਿੱਚ ਕੁੱਝ ਅੜਚਣ ਪੈਦਾ ਕਰਦੇ ਹੀ ਹਨ। ਮਨੁੱਖ ਜਦ ਪੁਲਾੜ ਵਿੱਚ ਉਪਗ੍ਰਹਿ ਸਥਾਪਿਤ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਵਿਗਿਆਨੀਆਂ ਨੇ ਇਸ ਪਾਸੇ ਸੋਚਣਾ ਸ਼ੁਰੂ ਕੀਤਾ ਕਿ ਸ਼ਕਤੀਸ਼ਾਲੀ ਦੂਰਬੀਨਾਂ ਨੂੰ ਪੁਲਾੜ ਵਿੱਚ ਹੀ ਕਿਉਂ ਨਾ ਸਥਾਪਿਤ ਕੀਤਾ ਜਾਵੇ ਜਿੱਥੇ ਕੋਈ ਵਾਯੂਮੰਡਲੀ ਕਣ ਅੜਿੱਕਾ ਨਹੀਂ ਬਣਨਗੇ

ਇਸ ਖੇਤਰ ਵਿੱਚ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਨੇ ਜਿਆਦਾ ਕੰਮ ਕੀਤਾ ਹੈ ਉਸ ਵੱਲੋਂ ਵੈਸੇ ਤਾਂ ਕਈ ਪਲਾੜੀ ਦੂਰਬੀਨਾਂ ਛੱਡੀਆਂ ਗਈਆਂ ਪਰ ਇਨ੍ਹਾਂ ਵਿੱਚੋਂ ਹੱਬਲ ਅਤੇ ਜੇਮਜ਼ ਵੈੱਬ ਬਹੁਤ ਚਰਚਿਤ ਹੋਈਆਂ ਹਨ। ਹੱਬਲ ਦੂਰਬੀਨ 1990 ਵਿੱਚ ਪੁਲਾੜ ਵਿੱਚ ਭੇਜੀ ਗਈ। ਇਸ ਰਾਹੀਂ ਮਨੁੱਖ ਬ੍ਰਹਿਮੰਡ ਦੇ ਬਹੁਤ ਦੂਰ ਵਾਲੇ ਹਿੱਸਿਆਂ ਬਾਰੇ ਨਵੀਂ ਅਤੇ ਬਹੁਤ ਮੁੱਲਵਾਨ ਜਾਣਕਾਰੀ ਹਾਸਲ ਕਰਨ ਵਿੱਚ ਸਫਲ ਹੋਇਆ ਹੈ 30 ਸਾਲ ਤੱਕ ਇਹੀ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਦੂਰਬੀਨ ਬਣੀ ਰਹੀ ਅਤੇ ਅਜੇ ਵੀ ਇਹ ਠੀਕ ਕੰਮ ਕਰ ਰਹੀ ਹੈ ਹੁਣ ਇਸ ਖੇਤਰ ਵਿੱਚ ਹੋਰ ਅੱਗੇ ਕਦਮ ਵਧਾਉਂਦੇ ਹੋਏ 25 ਦਸੰਬਰ 2021ਨੂੰ ਇਸ ਤੋਂ ਵੀ ਵੱਧ ਸਮਰੱਥਾ ਵਾਲੀ ਜੇਮਜ਼ ਵੈੱਬ ਸਪੇਸ ਟੈਲੀਸਕੋਪ ਭੇਜੀ ਗਈ ਇਸਦੇ ਦਰਪਣ ਦਾ ਆਕਾਰ ਹੱਬਲ ਨਾਲੋਂ ਤਿੰਨ ਗੁਣਾ ਹੈ ਅਤੇ ਇਹ ਆਮ ਪ੍ਰਕਾਸ਼ ਦੇ ਨਾਲ ਨਾਲ ਇਨਫਰਾ ਰੈੱਡ ਪ੍ਰਕਾਸ਼ ਦੀ ਵੀ ਵਰਤੋਂ ਕਰਦੀ ਹੈ

ਸੋ ਹੁਣ ਮਨੁੱਖ ਇਨ੍ਹਾਂ ਦੀ ਸਹਾਇਤਾ ਨਾਲ ਪੁਲਾੜ ਵਿੱਚ ਅਨੰਤ ਦੂਰੀਆਂ ਤੱਕ ਝਾਤੀ ਮਾਰ ਸਕਦਾ ਹੈ ਜਿਸ ਨਾਲ ਇਸਦੀ ਬ੍ਰਹਿਮੰਡ ਬਾਰੇ ਸਮਝ ਹੋਰ ਡੂੰਘੀ ਹੁੰਦੀ ਜਾ ਰਹੀ ਹੈ।



**ਹੱਬਲ ਸਪੇਸ ਟੈਲੀਸਕੋਪ**

-98767-10809

ਕਹਾਣੀ

# ਸ਼ਾਹ ਦੌਲੇ ਦਾ ਚੂਹਾ



ਸਆਦਤ ਹਸਨ ਮੰਟੋ

ਸਲੀਮਾ ਦਾ ਜਦੋਂ ਵਿਆਹ ਹੋਇਆ ਸੀ ਉਹ ਇੱਕੀ ਸਾਲ ਦੀ ਸੀ। ਪੰਜ ਸਾਲ ਬੀਤ ਗਏ ਸਨ ਪਰ ਉਸਦੇ ਕੋਈ ਬਾਲ ਬੱਚਾ ਨਹੀਂ ਸੀ ਹੋਇਆ। ਉਸਦੀ ਮਾਂ ਤੇ ਸੱਸ ਨੂੰ ਇਸ ਗੱਲ ਦੀ ਬੜੀ ਚਿੰਤਾ ਲੱਗੀ। ਮਾਂ ਕੱਝ ਵਧੇਰੇ ਹੀ ਪ੍ਰੇਸ਼ਾਨ ਸੀ ਕਿਉਂਕਿ ਉਹ ਸੋਚਦੀ ਸੀ ਕਿ ਸਲੀਮਾ ਦਾ ਪਤੀ ਨਜ਼ੀਬ ਕਿਤੇ ਦੂਜਾ ਵਿਆਹ ਹੀ ਨਾ ਕਰਵਾ ਲਏ। ਕਈ ਡਾਕਟਰਾਂ ਨੂੰ ਦਿਖਾਇਆ ਗਿਆ, ਪਰ ਕੋਈ ਗੱਲ ਨਹੀਂ ਬਣੀ।

ਸਲੀਮਾ ਨੂੰ ਵੀ ਫਿਕਰ ਲੱਗਾ ਹੋਇਆ ਸੀ, ਵਿਆਹ ਤੋਂ ਬਾਅਦ ਬੜੀਆਂ ਘੱਟ ਕੁੜੀਆਂ ਅਜਿਹੀਆਂ ਹੁੰਦੀਆਂ ਨੇ ਜਿਹਨਾਂ ਨੂੰ ਸੰਤਾਨ ਦੀ ਇੱਛਾ ਨਹੀਂ ਹੁੰਦੀ। ਉਸਨੇ ਆਪਣੀ ਮਾਂ ਨਾਲ ਇਸ ਵਿਸ਼ੇ 'ਤੇ ਗੱਲ ਤੋਰੀ, ਉਸਦੀਆਂ ਹਦਾਇਤਾਂ ਉੱਤੇ ਪੂਰਾ-ਪੂਰਾ ਅਮਲ ਕੀਤਾ ਪਰ ਸਿੱਟਾ ਕੁੱਝ ਵੀ ਨਾ ਨਿਕਲਿਆ।

ਇੱਕ ਦਿਨ ਉਸਦੀ ਇੱਕ ਸਹੇਲੀ, ਜਿਸਨੂੰ ਸਾਰੇ ਬਾਂਝ ਆਖਦੇ ਹੁੰਦੇ ਸਨ, ਉਹਨਾਂ ਦੇ ਘਰ ਆਈ। ਉਸਦੀ ਕੁੱਛੜ ਇੱਕ ਗੋਲ-ਮਟੋਲ ਜਿਹਾ ਮੁੰਡਾ ਦੇਖ ਕੇ ਸਲੀਮਾ ਹੈਰਾਨ ਹੀ ਰਹਿ ਗਈ। ਉਸਨੇ ਅਤਿ ਹੈਰਾਨੀ ਨਾਲ ਪੁੱਛਿਆ, "ਫਾਤਮੇਂ, ਤੇਰੇ ਅਹਿ ਮੁੰਡਾ ਕਿੰਝ ਜੰਮ ਪਿਆ ਨੀ?"

ਫਾਤਮਾ ਉਸ ਨਾਲੋਂ ਪੰਜ ਸਾਲ ਵੱਡੀ ਸੀ। ਉਸਨੇ ਰਤਾ ਮੁਸਕਰਾ ਕੇ ਕਿਹਾ, "ਸਭ ਸ਼ਾਹ ਦੌਲੇ ਸਾਹਬ ਦੀ ਮਿਹਰਬਾਨੀ ਏ। ਮੈਨੂੰ ਕਿਸੇ ਔਰਤ ਨੇ ਦੱਸਿਆ ਸੀ ਕਿ ਜੇ ਤੂੰ ਔਲਾਦ ਚਾਹੁੰਦੀ ਏ ਤਾਂ ਗੁਜਰਾਤ ਜਾ ਕੇ ਸ਼ਾਹਦੌਲੇ ਸਾਹਬ ਦੇ ਮਜ਼ਾਰ 'ਤੇ ਮੰਨਤ ਕਰ, ਤੇ ਕਹਿ ਕਿ ਜੋ ਮੇਰਾ ਪਹਿਲਾ ਬੱਚਾ ਹੋਏਗਾ, ਮੈਂ ਉਸਨੂੰ ਚੜ੍ਹਾਵੇ ਦੇ ਤੌਰ 'ਤੇ ਤੁਹਾਡੀ ਖਾਨਗਾਹ 'ਤੇ ਚੜ੍ਹਾਅ ਜਾਵਾਂਗੀ।"

ਉਸਨੇ ਸਲੀਮਾ ਨੂੰ ਇਹ ਵੀ ਦੱਸਿਆ ਸੀ ਕਿ ਜਦੋਂ ਸ਼ਾਹ ਦੌਲੇ ਸਾਹਬ ਦੇ ਮਜ਼ਾਰ ਉੱਤੇ ਅਜਿਹੀ ਮੰਨਤ ਮੰਗੀ ਜਾਏ ਤਾਂ ਪਹਿਲਾ ਬੱਚਾ ਅਜਿਹਾ ਪੈਦਾ ਹੁੰਦਾ ਏ, ਜਿਸਦਾ ਸਿਰ ਬੜਾ ਹੀ ਛੋਟਾ ਹੁੰਦਾ ਏ। ਫਾਤਮਾ ਦੀ ਇਹ ਗੱਲ ਸਲੀਮਾ ਨੂੰ ਬਹੁਤੀ ਚੰਗੀ ਨਹੀਂ ਸੀ ਲੱਗੀ ਤੇ ਜਦੋਂ ਉਸਨੇ ਆਪਣੇ ਪਤੀ ਨੂੰ ਦੱਸਿਆ ਕਿ ਇੰਝ ਪਹਿਲਾ ਬੱਚਾ ਉਹਨਾਂ ਦੀ ਖਾਨਗਾਹ ਵਿੱਚ ਛੱਡ ਕੇ ਆਉਣਾ ਪੈਂਦਾ ਏ ਤਾਂ ਉਸਨੂੰ ਵੀ ਬੜਾ ਦੁੱਖ ਹੋਇਆ ਸੀ।

ਉਸਨੇ ਸੋਚਿਆ ਸੀ, ਅਜਿਹੀ ਕਿਹੜੀ ਮਾਂ ਹੁੰਦੀ ਹੋਏਗੀ ਜਿਹੜੀ ਹਮੇਸ਼ਾ ਵਾਸਤੇ ਆਪਣੇ ਬੱਚੇ ਤੋਂ ਵੱਖ ਹੋ ਸਕਦੀ ਹੋਏ? ਉਸਦਾ ਸਿਰ ਭਾਵੇਂ ਕਿੰਨਾ ਹੀ ਛੋਟਾ, ਨੱਕ ਚਪਟੀ ਜਾਂ ਅੱਖਾਂ ਭੈਂਗੀਆਂ ਹੋਣ, ਪਰ ਮਾਂ ਉਸਨੂੰ ਰੂੜੀ ਦੇ ਢੇਰ ਉੱਤੇ ਨਹੀਂ ਸੁੱਟ ਸਕਦੀ। ਭਾਵ ਕੁੱਝ ਵੀ ਸਹੀ, ਉਸਨੂੰ ਸੰਤਾਨ ਚਾਹੀਦੀ ਸੀ, ਸੋ ਉਸਨੇ ਆਪਣੇ ਨਾਲੋਂ ਵੱਡੀ ਉਮਰ ਦੀ ਆਪਣੀ ਇੱਕ ਸਹੇਲੀ ਦੀ ਗੱਲ ਮੰਨ ਲਈ। ਉਹ ਗੁਜਰਾਤ ਦੀ ਰਹਿਣ ਵਾਲੀ ਸੀ, ਜਿੱਥੇ ਸ਼ਾਹ ਦੌਲੇ ਦਾ ਮਜ਼ਾਰ ਸੀ। ਸਲੀਮਾ ਨੇ ਆਪਣੇ ਪਤੀ ਨੂੰ ਕਿਹਾ, "ਫਾਤਮਾ ਮਜਬੂਰ ਕਰ ਰਹੀ ਏ ਕਿ ਮੇਰੇ ਨਾਲ ਚਲ। ਤੁਸੀਂ ਇਜਾਜ਼ਤ ਦਿਓ ਤਾਂ ਹੋ ਆਵਾਂ?" ਉਸਦੇ ਪਤੀ ਨੂੰ ਭਲਾ ਕੀ ਇਤਰਾਜ਼ ਹੋ ਸਕਦਾ ਸੀ। ਉਸ ਨੇ ਕਿਹਾ, "ਹੋ ਆ! ਪਰ ਛੇਤੀ ਮੁੜ ਆਵੀਂ।"

ਉਹ ਫਾਤਮਾ ਨਾਲ ਗੁਜਰਾਤ ਚਲੀ ਗਈ।

ਸ਼ਾਹ ਦੌਲੇ ਦਾ ਮਜ਼ਾਰ ਜਿਵੇਂ ਕਿ ਉਸਨੇ ਸੋਚਿਆ ਸੀ, ਕੋਈ ਕੀਮਤੀ ਪੱਥਰ ਦੀ ਇਮਾਰਤ ਨਹੀਂ ਸੀ। ਖਾਸੀ ਖੁੱਲ੍ਹੀ ਜਗਾਹ ਸੀ, ਜੋ ਸਲੀਮਾ ਨੂੰ ਬੜੀ ਪਸੰਦ ਆਈ ਸੀ। ਪਰ ਜਦੋਂ ਭੀੜ ਵਿੱਚ ਇੱਕ ਪਾਸੇ ਉਸਨੇ ਸ਼ਾਹਦੌਲੇ ਦੇ 'ਚੂਹੇ' ਦੇਖੇ, ਜਿਹਨਾਂ ਦੇ ਨੱਕ ਵਗ ਰਹੇ ਸਨ ਤੇ ਸਿਰ ਬੜੇ ਹੀ ਛੋਟੇ ਸਨ ਤਾਂ ਉਹ ਸਹਿਮ ਗਈ।

ਉਸਦੇ ਸਾਹਮਣੇ ਇੱਕ ਜਵਾਨ ਕੁੜੀ ਖਲੋਤੀ ਸੀ; ਭਰਪੂਰ ਜਵਾਨ। ਪਰ ਉਹ ਅਜਿਹੀਆਂ ਹਰਕਤਾਂ ਕਰ ਰਹੀ ਸੀ ਕਿ ਗੰਭੀਰ ਤੋਂ ਗੰਭੀਰ ਬੰਦੇ ਨੂੰ ਵੀ ਹਾਸਾ ਆ ਜਾਂਦਾ ਸੀ। ਉਸਨੂੰ ਦੇਖ ਕੇ ਇੱਕ ਵਾਰੀ ਤਾਂ ਸਲੀਮਾ ਵੀ ਹੱਸ ਪਈ ਪਰ ਫੇਰ ਉਸਦਾ ਰੋਣ ਨਿਕਲ ਗਿਆ। ਉਸ ਸੋਚਿਆ, ਇਸ ਕੁੜੀ ਦਾ ਕੀ ਬਣੇਗਾ। ਇੱਥੋਂ ਦੇ ਮਾਲਕ ਉਸਨੂੰ ਵੇਚ ਦੇਣਗੇ ਤੇ ਉਹ ਬਾਂਦਰੀ ਵਾਂਗ ਇਸਨੂੰ ਥਾਂ-ਥਾਂ ਨਚਾਉਂਦੇ ਫਿਰਨਗੇ। ਇਹ ਵਿਚਾਰੀ ਉਹਨਾਂ ਦੀ ਰੋਜ਼ੀ-ਰੋਟੀ ਦਾ ਸਾਧਨ ਬਣ ਕੇ ਰਹਿ ਜਾਏਗੀ।

ਸ਼ਾਹ ਦੌਲੇ ਦੀ ਇਸ 'ਚੂਹੀ' ਦਾ ਸਰੀਰ ਗੁੰਦਵਾਂ ਸੀ, ਸਾਰੇ ਅੰਗ ਹਰ ਪੱਖ ਤੋਂ ਠੀਕ-ਠਾਕ ਸਨ, ਪਰ ਜਾਪਦਾ ਸੀ.. ਉਸਦੀ ਚੇਤਨ-ਸ਼ਕਤੀ ਜਾਣ-ਬੁੱਝ ਕੇ ਖਤਮ ਕਰ ਦਿੱਤੀ ਗਈ ਏ। ਉਹ ਇੰਝ ਤੁਰਦੀ, ਫਿਰਦੀ ਤੇ ਹੱਸਦੀ ਜਿਵੇਂ ਚਾਬੀ ਭਰ ਕੇ ਛੱਡੀ ਹੋਈ ਹੋਵੇ. ਸਲੀਮਾ ਨੂੰ ਲੱਗਿਆ ਜਿਵੇਂ ਉਸ ਕੁੜੀ ਨੂੰ ਸਿਰਫ਼ ਇਸ ਮੰਤਵ ਵਾਸਤੇ ਬਣਾਇਆ ਗਿਆ ਏ

ਪਰ ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ, ਉਸਨੇ ਆਪਣੀ ਸਹੇਲੀ ਫਾਤਮਾ ਦੇ ਕਹਿਣ 'ਤੇ ਸ਼ਾਹਦੌਲੇ ਸਾਹਬ ਦੇ ਮਜ਼ਾਰ 'ਤੇ ਮੰਨਤ ਮੰਗ ਹੀ ਲਈ ਕਿ ਉਹ ਆਪਣਾ ਪਹਿਲਾ ਬੱਚਾ ਉਹਨਾਂ ਦੀ ਖ਼ਾਨਗਾਹ ਦੀ ਭੇਂਟ ਕਰ ਦਵੇਗੀ।

ਡਾਕਟਰੀ ਇਲਾਜ ਵੀ ਸਲੀਮਾ ਨੇ ਜਾਰੀ ਰੱਖਿਆ। ਦੋ ਸਾਲ ਬਾਅਦ ਬੱਚੇ ਦੀ ਪੈਦਾਇਸ਼ ਦੇ ਆਸਾਰ ਸਪੱਸ਼ਟ ਹੋ ਗਏ। ਸਲੀਮਾ ਬੜੀ ਖ਼ੁਸ਼ ਸੀ। ਠੀਕ ਸਮੇਂ 'ਤੇ ਉਹਨਾਂ ਦੇ ਘਰ ਇੱਕ ਮੁੰਡਾ ਜੰਮਿਆ, ਜਿਹੜਾ ਬੜਾ ਹੀ ਸੋਹਣਾ-ਸੁਨੱਖਾ ਸੀ। ਬੱਚੇ ਦੀ ਸੱਜੀ ਗੱਲ੍ਹ ਉੱਤੇ ਇੱਕ ਕਾਲਾ ਧੱਬਾ ਜਿਹਾ ਸੀ ਪਰ ਉਹ ਬੁਰਾ ਨਹੀਂ ਸੀ ਲੱਗਦਾ।

ਫਾਤਮਾ ਆਈ ਤੇ ਉਸਨੇ ਕਿਹਾ ਕਿ 'ਤੁਰੰਤ ਬੱਚੇ ਨੂੰ ਸ਼ਾਹਦੌਲੇ ਸਾਹਬ ਦੀ ਨਜ਼ਰ ਕਰ ਆਉਣਾ ਚਾਹੀਦਾ ਹੈ।' ਭਾਵੇਂ ਸਲੀਮਾ ਆਪ ਮੰਨਤ ਮੰਗ ਕੇ ਆਈ ਸੀ, ਪਰ ਹੁਣ ਟਾਲ-ਮਟੋਲ ਕਰਨ ਲੱਗ ਪਈ। ਉਸਦੀ ਮਮਤਾ ਮੰਨਦੀ ਹੀ ਨਹੀਂ ਸੀ ਪਈ ਕਿ ਉਹ ਆਪਣੀਆਂ ਅੱਖਾਂ ਦੇ ਤਾਰੇ ਨੂੰ ਉੱਥੇ ਸੁੱਟ ਆਵੇ।

ਉਸਨੂੰ ਦੱਸਿਆ ਗਿਆ ਸੀ, ਸ਼ਾਹਦੌਲੇ ਹੁਰਾਂ ਤੋਂ ਜਿਹੜਾ ਸੰਤਾਨ ਮੰਗਦਾ ਹੈ, ਉਸਦੇ ਪਹਿਲੇ ਬੱਚੇ ਦਾ ਸਿਰ ਬੜਾ ਛੋਟਾ ਹੁੰਦਾ ਹੈ .. ਪਰ ਉਸਦੇ ਆਪਣੇ ਪੁੱਤਰ ਦਾ ਸਿਰ ਤਾਂ ਕਾਫੀ ਵੱਡਾ ਸੀ ਫਾਤਮਾ ਨੇ ਕਿਹਾ, "ਇਹ ਕੋਈ ਅਜਿਹੀ ਗੱਲ ਨਹੀਂ, ਜਿਸਨੂੰ ਤੂੰ ਬਹਾਨਾ ਬਣਾ ਸਕੇ। ਤੇਰਾ ਬੱਚਾ ਸ਼ਾਹਦੌਲੇ ਸਾਹਬ ਦੀ ਇਮਾਨਤ ਏ, ਏਸ ਉੱਪਰ ਤੇਰਾ ਕੋਈ ਹੱਕ ਨਹੀਂ। ਜੇ ਤੂੰ ਆਪਣੇ ਵਾਅਦੇ ਤੋਂ ਮੱਕਰ ਗਈ ਤਾਂ ਅਜਿਹੇ ਕਹਿਰ ਟੁੱਟਣਗੇ ਕਿ ਤੂੰ ਸਾਰੀ ਜ਼ਿੰਦਗੀ ਯਾਦ ਕਰੇਗੀ "

ਦੁਖੀ ਦਿਲ ਨਾਲ ਸਲੀਮਾ ਨੂੰ ਆਪਣਾ ਪਿਆਰਾ ਪੁੱਤਰ, ਜਿਸਦੀ ਸੱਜੀ ਗੱਲ੍ਹ ਉੱਤੇ ਕਾਲਾ ਵੱਡਾ ਤਿਲ ਸੀ, ਗੁਜਰਾਤ ਜਾ ਕੇ ਸ਼ਾਹਦੌਲੇ ਸਾਹਬ ਦੇ ਮਜ਼ਾਰ ਦੇ ਸੇਵਕਾਂ ਨੂੰ ਸੌਂਪ ਦੇਣਾ ਪਿਆ।

ਉਹ ਏਨਾ ਰੋਈ, ਏਨੀ ਦੁਖੀ ਹੋਈ ਕਿ ਬੀਮਾਰ ਪੈ ਗਈ। ਇੱਕ ਸਾਲ ਤੱਕ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਜੂਝਦੀ ਰਹੀ। ਉਹ ਆਪਣੇ ਬੱਚੇ ਦੀ ਯਾਦ ਨੂੰ ਭੁੱਲ ਹੀ ਨਹੀਂ ਸੀ ਸਕੀ। ਖਾਸ ਕਰਕੇ ਉਸਦੀ ਸੱਜੀ ਗੱਲ੍ਹ ਦਾ ਕਾਲਾ ਦਾਗ਼ ਉਸਨੂੰ ਵਾਰੀ ਵਾਰੀ ਯਾਦ ਆਉਂਦਾ ਸੀ, ਜਿਸਨੂੰ ਉਹ ਅਕਸਰ ਚੁੰਮ ਲੈਂਦੀ ਹੁੰਦੀ ਸੀ। ਦਾਗ਼ ਸੀ ਵੀ ਬੜਾ ਪਿਆਰਾ ਚੰਨ ਦੇ ਦਾਗ਼ ਵਰਗਾ! ਛਿਣ ਪਲ ਖਾਤਰ ਵੀ ਉਹ ਆਪਣੇ ਬੱਚੇ ਦੀ ਯਾਦ ਨੂੰ ਨਹੀਂ ਸੀ ਭੁੱਲ ਸਕੀ। ਅਜੀਬ-ਅਜੀਬ ਸੁਪਨੇ ਆਉਂਦੇ .ਸ਼ਾਹਦੌਲਾ ਚੂਹੇ ਰੂਪ ਵਿੱਚ ਪ੍ਰੇਸ਼ਾਨ ਜਿਹਾ ਪਰਗਟ ਹੁੰਦਾ ਤੇ ਉਸਦੇ ਮਾਸ ਨੂੰ ਆਪਣੇ ਤਿੱਖੇ ਦੰਦਾਂ ਨਾਲ ਕੁਤਰਣ ਲੱਗ ਪੈਂਦਾ। ਉਹ ਚੀਕਾਂ ਮਾਰਦੀ, ਉੱਠ ਬਹਿੰਦੀ ਤੇ ਪਤੀ ਨੂੰ ਕਹਿੰਦੀ, "ਮੈਨੂੰ ਬਚਾਅ ਲਓ, ਦੇਖੋ ਚੂਹਾ ਮੇਰਾ ਮਾਸ ਖਾ ਰਿਹੈ "

ਕਦੀ-ਕਦੀ ਉਸਦਾ ਬੇਚੈਨ ਦਿਮਾਗ਼ ਇੰਝ ਸੋਚਣ ਲੱਗ ਪੈਂਦਾ ਕਿ ਉਸਦਾ ਬੱਚਾ ਚੂਹਿਆਂ ਦੀ ਖੁੱਡ ਵਿੱਚ ਵੜਿਆ ਜਾ ਰਿਹਾ ਏ। ਉਹ ਉਸਨੂੰ ਪੂਛੋਂ ਫੜ ਕੇ ਬਾਹਰ ਵੱਲ ਖਿੱਚ ਰਹੀ ਏ, ਪਰ ਖੁੱਡ ਅੰਦਰਲੇ ਚੂਹੇ ਨੇ ਉਸਦਾ ਮੂੰਹ ਫੜ ਲਿਆ ਏ, ਸੋ ਉਹ ਉਸਨੂੰ ਬਾਹਰ ਨਹੀਂ ਕੱਢ ਸਕਦੀ।

ਕਦੇ ਉਸਦੀਆਂ ਅੱਖਾਂ ਸਾਹਮਣੇ ਉਹ ਭਰਪੂਰ ਜਵਾਨ ਕੁੜੀ ਖੇਡਾਂ ਪਾਉਣ ਲੱਗ ਪੈਂਦੀ, ਜਿਸਨੂੰ ਉਸਨੇ ਸ਼ਾਹਦੌਲੇ ਦੇ ਮਜ਼ਾਰ ਉੱਤੇ ਦੇਖਿਆ ਸੀ ਸਲੀਮਾ ਹੱਸ ਪੈਂਦੀ ਤੇ ਫੇਰ ਝੱਟ ਹੀ ਰੋਣ ਲੱਗ ਪੈਂਦੀ। ਉਹ ਏਨਾ ਰੋਂਦੀ, ਏਨੀਆਂ ਚੀਕਾਂ ਮਾਰਦੀ ਕਿ ਉਸਦੇ ਪਤੀ ਦੀ ਸਮਝ ਵਿੱਚ ਨਾ ਆਉਂਦਾ ਕਿ ਉਸਨੂੰ ਚੁੱਪ ਕਿੰਝ ਕਰਾਇਆ ਜਾਏ

ਉਸਨੂੰ ਜਗਹ-ਜਗਹ ਚੂਹੇ ਹੀ ਨਜ਼ਰ ਆਉਣ ਲੱਗ ਪਏ ਸਨ ਬਿਸਤਰੇ ਉੱਪਰ ਚੂਹੇ, ਰਸੋਈ ਗੁਸਲਖਾਨੇ ਵਿੱਚ ਚੂਹੇ, ਸੋਫਿਆਂ ਕੁਰਸੀਆਂ ਉੱਤੇ ਚੂਹੇ, ਹਿੱਕ ਦੇ ਅੰਦਰ ਚੂਹੇ ਤੇ ਨੱਕ ਤੇ ਕੰਨਾਂ ਵਿੱਚ ਚੂਹੇ। ਕਦੀ-ਕਦੀ ਉਸਨੂੰ ਇੰਝ ਵੀ ਮਹਿਸੂਸ ਹੁੰਦਾ ਸੀ, ਜਿਵੇਂ ਉਹ ਆਪ ਵੀ ਇੱਕ ਚੂਹੀ ਏ। ਉਸਦਾ ਨੱਕ ਵਗ ਰਿਹਾ ਏ। ਉਹ ਸ਼ਾਹਦੌਲੇ ਦੇ ਮਜ਼ਾਰ ਦੀ ਭੀੜ ਵਿਚਕਾਰ, ਆਪਣਾ ਛੋਟਾ ਜਿਹਾ ਸਿਰ, ਆਪਣੇ ਕਮਜ਼ੋਰ ਮੋਢਿਆਂ ਉੱਪਰ ਚੁੱਕੀ, ਅਜਿਹੀਆਂ ਹਰਕਤਾਂ ਕਰ ਰਹੀ ਏ ਕਿ ਦੇਖਣ ਵਾਲਿਆਂ ਵਿੱਚ ਹਾਸੜ ਮੱਚੀ ਹੋਈ ਏ। ਉਸਦੀ ਹਾਲਤ ਬੜੀ ਤਰਸ ਯੋਗ ਹੋ ਗਈ ਸੀ। ਪੂਰੀ ਦੁਨੀਆਂ ਵਿੱਚ ਉਸਨੂੰ ਸਿਰਫ਼ ਕਾਲੇ ਧੱਬੇ ਹੀ ਨਜ਼ਰ ਆਉਂਦੇ ਸਨ

ਬੁਖ਼ਾਰ ਜ਼ਰਾ ਘਟਿਆ ਤਾਂ ਤਬੀਅਤ ਵੀ ਕੁੱਝ ਸੰਭਲੀ। ਨਜ਼ੀਬ ਨੂੰ ਰਤਾ ਹੌਸਲਾ ਹੋਇਆ। ਉਸਨੂੰ ਸਲੀਮਾ ਦੀ ਬਿਮਾਰੀ ਦਾ ਕਾਰਨ ਤਾਂ ਪਤਾ ਹੀ ਸੀ ਪਰ ਉਹ ਬੜੇ ਗੰਭੀਰ ਸੁਭਾਅ ਦਾ ਆਦਮੀ ਸੀ। ਉਸਨੂੰ ਆਪਣੀ ਪਹਿਲੀ ਸੰਤਾਨ ਦੇ ਚਲੇ ਜਾਣ ਦਾ ਦੁੱਖ ਨਹੀਂ ਸੀ। ਜੋ ਵੀ ਕੀਤਾ ਗਿਆ ਸੀ ਉਹ ਉਸਨੂੰ ਬਿਲਕੁਲ ਠੀਕ ਮੰਨਦਾ ਸੀ ਉਹ ਤਾਂ ਇਹ ਵੀ ਸੋਚਦਾ ਸੀ ਕਿ ਉਹਨਾਂ ਦੇ ਘਰ ਜਿਹੜਾ ਪੁੱਤਰ ਹੋਇਆ ਸੀ ਸਿਰਫ਼ ਸ਼ਾਹਦੌਲੇ ਦੀ ਇਮਾਨਤ ਸੀ

ਜਦੋਂ ਸਲੀਮਾ ਦਾ ਬੁਖ਼ਾਰ ਉਤਰ ਗਿਆ ਤੇ ਉਹਦੇ ਦਿਲ-ਦਿਮਾਗ਼ ਵਿੱਚ ਮਚਲਦਾ ਤੂਫ਼ਾਨ ਰਤਾ ਮੱਠਾ ਪੈ ਗਿਆ ਤਾਂ ਨਜ਼ੀਬ ਨੇ ਉਸਨੂੰ ਆਖਿਆ, "ਮੇਰੀ ਜਾਨ, ਉਸ ਬੱਚੇ ਨੂੰ ਭੁੱਲ ਜਾਓ। ਉਹ ਤਾਂ ਹੈ ਹੀ ਸਦਕੇ (ਮੰਗ ਕੇ ਲਈ ਹੋਈ ਚੀਜ਼) ਸੀ "

"ਮੈਂ ਨਹੀਂ ਮੰਨਦੀ," ਸਲੀਮਾ ਨੇ ਦੁੱਖ ਪਰੁੱਚੀ ਆਵਾਜ਼ ਵਿੱਚ ਕਿਹਾ, "ਸਾਰੀ ਉਮਰ ਮੈਂ ਆਪਣੀ ਮਮਤਾ ਨੂੰ ਲਾਹਨਤਾਂ ਪਾਂਦੀ ਰਵਾਂਗੀ ਕਿ ਮੈਂ ਏਡਾ ਵੱਡਾ ਗੁਨਾਹ ਕਿੰਝ ਕਰ ਬੈਠੀ ?.. ਆਪਣੀਆਂ ਅੱਖਾਂ ਦਾ ਤਾਰਾ ਪੁੱਤਰ ਮਜ਼ਾਰ ਦੇ ਨੌਕਰਾਂ ਦੇ ਹਵਾਲੇ ਕਰ ਆਈ।. ਉਹ ਮਾਂ ਤਾਂ ਨਹੀਂ ਬਣ ਸਕਦੇ।"

ਇੱਕ ਦਿਨ ਅਚਾਨਕ ਉਹ ਗਾਇਬ ਹੋ ਗਈ ਸਿੱਧੀ ਗੁਜਰਾਤ ਜਾ ਪਹੁੰਚੀ ਤੇ ਸੱਤ ਅੱਠ ਦਿਨ ਉੱਥੇ ਹੀ ਰਹੀ। ਆਪਣੇ ਬੱਚੇ ਬਾਰੇ ਕਈ ਲੋਕਾਂ ਤੋਂ ਪੁੱਛ-ਗਿੱਛ ਕੀਤੀ, ਪਰ ਉਸਦਾ ਕੋਈ ਪਤਾ ਥਹੁ ਨਾ ਲੱਗਿਆ। ਨਿਰਾਸ਼ ਹੋ ਕੇ ਵਾਪਸ ਮੁੜ ਆਈ ਤੇ ਆਪਣੇ ਪਤੀ ਨੂੰ ਕਹਿਣ ਲੱਗੀ, "ਹੁਣ ਮੈਂ ਉਸਨੂੰ ਕਦੇ ਯਾਦ ਨਹੀਂ ਕਰਾਂਗੀ "

ਯਾਦ ਤਾਂ ਉਹ ਕਰਦੀ ਰਹੀ ਪਰ ਅੰਦਰੋ ਅੰਦਰ। ਉਸਦੇ ਬੱਚੇ ਦੀ ਸੱਜੀ ਗੱਲ੍ਹ ਦਾ ਦਾਗ ਉਸਦੇ ਦਿਲ ਦਾ ਦਾਗ ਬਣ ਕੇ ਰਹਿ ਗਿਆ ਸੀ।

ਇੱਕ ਸਾਲ ਬਾਅਦ ਉਹਨਾਂ ਦੇ ਘਰ ਇੱਕ ਕੁੜੀ ਹੋਈ ਜਿਸਦੀ ਸ਼ਕਲ ਸੂਰਤ ਉਸਦੇ ਜੇਠੇ ਪੁੱਤਰ ਨਾਲ ਬੜੀ ਮਿਲਦੀ ਸੀ..ਪਰ ਉਸਦੀ ਗੱਲ੍ਹ ਉੱਤੇ ਕਾਲਾ ਨਿਸ਼ਾਨ ਨਹੀਂ ਸੀ। ਉਸਦਾ ਨਾਂ ਉਸਨੇ ਮੁਜੀਬਾ ਰੱਖ ਦਿੱਤਾ, ਕਿਉਂਕਿ ਆਪਣੇ ਪੁੱਤਰ ਦਾ ਨਾਂ ਉਸਨੇ ਮੁਜੀਬ ਸੋਚਿਆ ਹੋਇਆ ਸੀ ਜਦੋਂ ਉਹ ਦੋ ਮਹੀਨਿਆਂ ਦੀ ਹੋ ਗਈ ਤਾਂ ਉਸਨੇ ਉਸਨੂੰ ਗੋਦੀ ਵਿੱਚ ਚੁੱਕ ਕੇ ਸੁਰਮੇਦਾਨੀ ਵਿੱਚੋਂ ਥੋੜ੍ਹਾ ਜਿਹਾ ਸੁਰਮਾ ਕੱਢਿਆ ਤੇ ਉਸਦੀ ਸੱਜੀ ਗੱਲ੍ਹ ਉੱਤੇ ਇੱਕ ਵੱਡਾ ਸਾਰਾ ਟਿੱਕਾ ਲਾ ਦਿੱਤਾ ਤੇ ਫੇਰ ਮੁਜੀਬ ਨੂੰ ਯਾਦ ਕਰਕੇ ਰੋਣ ਲੱਗ ਪਈ। ਇਸ ਤੋਂ ਪਹਿਲਾਂ ਕਿ ਹੰਝੂ ਗੱਲ੍ਹਾਂ ਤੋਂ ਤਿਲ੍ਹਕ ਕੇ ਹੇਠ ਡਿੱਗ ਪੈਣ, ਉਸਨੇ ਉਹਨਾਂ ਨੂੰ ਆਪਣੇ ਦੁਪੱਟੇ ਦੇ ਲੜ ਵਿੱਚ ਸਮੇਟ ਲਿਆ .. ਤੇ ਫੇਰ ਉਹ ਹੱਸਣ ਲੱਗ ਪਈ, ਜਿਵੇਂ ਆਪਣੇ ਦੁੱਖ ਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰ ਰਹੀ ਹੋਵੇ।

ਇਸ ਤੋਂ ਬਾਅਦ ਉਸ ਨੇ ਦੋ ਮੁੰਡੇ ਹੋਰ ਜੰਮੇ ਸਨ ਤੇ ਉਸਦਾ ਪਤੀ ਬੜਾ ਹੀ ਖ਼ੁਸ਼ ਸੀ।

ਇੱਕ ਵਾਰੀ ਫੇਰ ਸਲੀਮਾ ਨੂੰ ਆਪਣੀ ਕਿਸੇ ਸਹੇਲੀ ਦੇ ਵਿਆਹ ਵਿੱਚ ਗੁਜਰਾਤ ਜਾਣਾ ਪਿਆ ਐਤਕੀਂ ਫੇਰ ਉਸਨੇ ਆਪਣੇ ਮੁਜੀਬ ਬਾਰੇ ਖਾਸੀ ਪੁੱਛ-ਪੜਤਾਲ ਕੀਤੀ ਤੇ ਜਦੋਂ ਉਸਦੀ ਕੋਈ ਉੱਘ ਸੁੱਘ ਨਾ ਮਿਲੀ ਤਾਂ ਉਸਨੇ ਸੋਚਿਆ ਕਿ ਉਹ ਮਰ ਮੁੱਕ ਗਿਆ ਹੋਏਗਾ ਤੇ ਫੇਰ ਜੁਮੇ ਵਾਲੇ ਦਿਨ ਉਸਨੇ ਉਸਦੇ ਨਮਿੱਤ ਅੰਤਿਮ ਸੰਸਕਾਰ ਪੂਰੇ ਕਰਵਾ ਦਿੱਤੇ ਸਨ।

ਆਂਢੀ ਗੁਆਂਢੀ ਹੈਰਾਨ ਸਨ ਕਿ ਇਹ ਸਾਰਾ ਝੰਜਟ ਕਿਸ ਖਾਤਰ ਕੀਤਾ ਜਾ ਰਿਹਾ ਹੈ। ਕਿਸੇ ਕਿਸੇ ਨੇ ਪੁੱਛ ਵੀ ਲਿਆ ਸੀ, ਪਰ ਸਲੀਮਾ ਨੇ ਕਿਸੇ ਨੂੰ ਵੀ ਅਸਲ ਗੱਲ ਨਹੀਂ ਸੀ ਦੱਸੀ

ਸ਼ਾਮ ਨੂੰ ਉਹ ਆਪਣੀ ਦਸ ਸਾਲਾਂ ਕੁੜੀ ਮੁਜੀਬਾ ਨੂੰ ਬਾਹੋਂ ਫੜ੍ਹ ਕੇ ਕਮਰੇ ਅੰਦਰ ਲੈ ਗਈ। ਸੁਰਮੇ ਨਾਲ ਉਸਦੀ ਸੱਜੀ ਗੱਲ੍ਹ ਉੱਤੇ ਵੱਡਾ ਸਾਰਾ ਟਿੱਕਾ ਲਾਇਆ ਤੇ ਬੜੀ ਦੇਰ ਤੱਕ ਉਸਨੂੰ ਚੁੰਮਦੀ ਰਹੀ

ਉਹ ਮੁਜੀਬਾ ਨੂੰ ਹੀ ਆਪਣਾ ਗਵਾਚਿਆ ਹੋਇਆ ਪੁੱਤਰ ਸਮਝਣ ਲੱਗ ਪਈ ਸੀ ਤੇ ਉਸ ਬਾਰੇ ਉਸਨੇ ਹੁਣ ਸੋਚਣਾ ਵੀ ਛੱਡ ਦਿੱਤਾ ਸੀ। ਉਸਦੀਆਂ ਅੰਤਮ ਰਸਮਾਂ ਕਰ ਆਉਣ ਤੋਂ ਬਾਅਦ ਉਸਦੇ ਮਨ ਦਾ ਭਾਰ ਖਾਸਾ ਹੌਲਾ ਹੋ ਗਿਆ ਸੀ। ਉਸਨੇ ਆਪਣੇ ਦਿਲ ਦੀ ਦੁਨੀਆਂ ਵਿੱਚ ਉਸ ਦੀ ਕਬਰ ਬਣਾ ਲਈ ਸੀ, ਜਿਸ ਉੱਤੇ ਉਹ ਆਪਣੀ ਕਲਪਨਾ ਦੀ ਦਨੀਆਂ ਵਿੱਚ ਵਿਚਰਦੀ ਹੋਈ ਸ਼ਰਧਾ ਦੇ ਫੁੱਲ ਚੜ੍ਹਾ ਦਿੰਦੀ ਹੁੰਦੀ ਸੀ।

ਉਸਦੇ ਤਿੰਨੇ ਬੱਚੇ ਸਕੂਲ ਜਾਣ ਲੱਗ ਪਏ ਸਨ। ਉਹ ਸਵੇਰ ਸਾਰ ਉੱਠ ਕੇ ਉਹਨਾਂ ਵਾਸਤੇ ਨਾਸ਼ਤਾ ਤਿਆਰ ਕਰਦੀ, ਉਹਨਾਂ ਨੂੰ ਨੁਹਾਉਂਦੀ ਤੇ ਤਿਆਰ ਕਰਕੇ ਸਕੂਲ ਭੇਜ ਦਿੰਦੀ। ਜਦੋਂ ਉਹ ਚਲੇ ਜਾਂਦੇ, ਉਹ ਬਿੰਦ ਦਾ ਬਿੰਦ ਆਪਣੇ ਮੁਜੀਬ ਨੂੰ ਵੀ ਯਾਦ ਕਰ ਲੈਂਦੀ। ਹਾਲਾਂਕਿ ਉਹ ਆਪਣੇ ਹੱਥੀ ਉਸਦੀਆਂ ਅੰਤਮ ਰਸਮਾਂ ਕਰਵਾ ਆਈ ਸੀ ਤੇ ਉਸਦੇ ਮਨ ਦਾ ਬੋਝ ਵੀ ਹਲਕਾ ਹੋ ਗਿਆ ਸੀ, ਪਰ ਕਦੀ ਕਦੀ ਉਸਨੂੰ ਇੰਝ ਮਹਿਸੂਸ ਹੋਣ ਲੱਗ ਪੈਂਦਾ ਸੀ ਜਿਵੇਂ ਮੁਜੀਬ ਦੀ ਸੱਜੀ ਗੱਲ੍ਹ ਦਾ ਦਾਗ਼ ਉਸਦੇ ਦਿਲ ਦਿਮਾਗ਼ ਉੱਤੇ ਦਗ਼ ਰਿਹਾ ਹੈ।

ਇੱਕ ਦਿਨ ਉਸਦੇ ਤਿੰਨੇ ਬੱਚੇ ਨੱਠੇ-ਨੱਠੇ ਆਏ ਤੇ ਕਹਿਣ ਲੱਗੇ, "ਅੰਮੀ, ਅਸੀਂ ਤਮਾਸ਼ਾ ਦੇਖਣਾ ਏਂ।"

ਉਸਨੇ ਬੜੇ ਪਿਆਰ ਨਾਲ ਪੁੱਛਿਆ, "ਕੇਹਾ ਤਮਾਸ਼ਾ ਬੱਚਿਓ ?"

ਉਸਦੀ ਕੁੜੀ ਨੇ ਕਿਹਾ "ਅੰਮੀ ਜਾਨ, ਇਕ ਭਾਈ ਏ... ਬੜਾ ਈ ਵਧੀਆ ਤਮਾਸ਼ਾ ਦਿਖਾਂਦਾ ਏ "

ਸਲੀਮਾ ਨੇ ਕਿਹਾ, "ਜਾਓ ਉਸਨੂੰ ਬੁਲਾ ਲਿਆਓ ਅੰਦਰ ਨਾ ਵਾੜਿਓ, ਬਾਰ ਮੂਹਰੇ ਈ ਤਮਾਸ਼ਾ ਕਰਵਾ ਲਿਓ "

ਬੱਚੇ ਨੱਠ ਗਏ ਉਸ ਆਦਮੀ ਨੂੰ ਸੱਦ ਲਿਆਏ ਤੇ ਤਮਾਸ਼ਾ ਦੇਖਦੇ ਰਹੇ ਜਦੋਂ ਤਮਾਸ਼ਾ ਖਤਮ ਹੋ ਗਿਆ ਤਾਂ ਮੁਜੀਬਾ ਆਪਣੀ ਮਾਂ ਕੋਲੋਂ ਪੈਸੇ ਲੈਣ ਆਈ। ਮਾਂ ਨੇ ਆਪਣੇ ਪਰਸ ਵਿੱਚੋਂ ਚਵਾਨੀ ਕੱਢੀ ਤੇ ਬਾਹਰ ਵਰਾਂਡੇ ਵਿੱਚ ਆ ਗਈ ਦਰਵਾਜ਼ੇ ਕੋਲ ਪਹੁੰਚੀ ਤਾਂ ਸਾਹਮਣੇ ਸ਼ਾਹਦੌਲੇ ਦਾ ਇੱਕ ਚੂਹਾ ਖੜ੍ਹਾ, ਅਜੀਬ

ਅਜੀਬ ਢੰਗ ਨਾਲ ਸਿਰ ਹਿਲਾਉਂਦਾ ਨਜ਼ਰ ਆਇਆ ਸਲੀਮਾ ਦਾ ਹਾਸਾ ਨਿਕਲ ਗਿਆ।

ਦਸ ਬਾਰਾਂ ਬੱਚੇ ਉਸਨੂੰ ਘੇਰੀ ਖੜ੍ਹੇ ਸਨ। ਐਨੀ ਚੀਕਾ-ਰੌਲੀ ਪਈ ਹੋਈ ਸੀ ਕਿ ਕੰਨ ਪਈ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ।

ਸਲੀਮਾ ਨੇ ਅੱਗੇ ਵਧ ਕੇ ਜਦੋਂ ਚਵਾਨੀ ਉਸ ਸ਼ਾਹਦੌਲੇ ਦੇ ਚੂਹੇ ਨੂੰ ਫੜਾਉਣੀ ਚਾਹੀ ਤਾਂ ਉਸਦਾ ਹੱਥ ਆਪ-ਮੁਹਾਰੇ ਹੀ ਪਿਛਾਂਹ ਵੱਲ ਖਿੱਚਿਆ ਗਿਆ. ਜਿਵੇਂ ਬਿਜਲੀ ਦਾ ਕਰੰਟ ਲੱਗ ਗਿਆ ਹੋਏ ਉਸ ਚੂਹੇ ਦੀ ਸੱਜੀ ਗੱਲ੍ਹ ਉੱਤੇ ਕਾਲਾ ਦਾਗ਼ ਸੀ ਸਲੀਮਾ ਨੇ ਗਹੁ ਨਾਲ ਤੱਕਿਆ, ਉਸਦਾ ਨੱਕ ਵਗ ਰਿਹਾ ਸੀ। ਉਦੋਂ ਹੀ ਕੋਲ ਖੜ੍ਹੀ ਮੁਜੀਬਾ ਨੇ ਆਪਣੀ ਮਾਂ ਨੂੰ ਪੁੱਛਿਆ, "ਇਹ ਚੂਹਾ ਅੰਮੀ ਜਾਨ, ਇਸਦੀ ਸ਼ਕਲ ਮੇਰੇ ਨਾਲ ਕਿਉਂ ਮਿਲਦੀ ਏ ? ਕੀ ਮੈਂ ਵੀ ਚੂਹੀ ਆਂ ?"

ਸਲੀਮਾ ਨੇ ਉਸ ਸ਼ਾਹ ਦੌਲੇ ਦੇ ਚੂਹੇ ਦੀ ਬਾਂਹ ਫੜ ਲਈ ਤੇ ਉਸਨੂੰ ਕਮਰੇ ਅੰਦਰ ਲੈ ਆਈ ਬੂਹੇ ਭੀੜ ਕੇ ਉਸਨੂੰ ਚੁੰਮਿਆ, ਬਲਾਵਾਂ ਲਈਆਂ, ਕਿਉਂਕਿ ਉਹ ਉਸਦਾ ਮੁਜੀਬ ਸੀ। ਪਰ ਉਹ ਅਜਿਹੀਆਂ ਅਜੀਬ-ਅਜੀਬ ਹਰਕਤਾਂ ਕਰ ਰਿਹਾ ਸੀ ਕਿ ਦੁਖੀ-ਦਿਲ ਮਾਂ ਨੇ ਬੜੀ ਮੁਸ਼ਕਿਲ ਨਾਲ ਆਪਣਾ ਹਾਸਾ ਰੋਕਿਆ ਹੋਇਆ ਸੀ

ਉਸ ਕਿਹਾ, "ਪੁੱਤਰ ਮੈਂ ਤੇਰੀ ਮਾਂ ਆਂ।"

ਸ਼ਾਹ ਦੌਲੇ ਦਾ ਚੂਹਾ ਉੱਚੀ-ਉੱਚੀ ਹੱਸਿਆ।ਆਪਣੀ ਵਗਦੀ ਨੱਕ ਨੂੰ ਕਮੀਜ਼ ਦੇ ਕਫ਼ ਨਾਲ ਪੂੰਝਦਿਆਂ ਹੋਇਆਂ ਉਸਨੇ ਆਪਣੀ ਮਾਂ ਮੂਹਰੇ ਹੱਥ ਅੱਡ ਲਏ "ਇਕ ਪੈਸਾ!" ਮਾਂ ਨੇ ਆਪਣਾ ਪਰਸ ਖੋਲ੍ਹਿਆ.. ਪਰ ਉਸਦੀਆਂ ਅੱਖਾਂ ਆਪਣੇ ਹੰਝੂਆਂ ਦੀ ਨਦੀ ਦਾ ਬੰਨ੍ਹ ਪਹਿਲਾਂ ਹੀ ਖੋਲ੍ਹ ਚੁੱਕੀਆਂ ਸਨ। ਉਸਨੇ ਸੌ ਰੁਪਏ ਦਾ ਨੋਟ ਕੱਢਿਆ ਤੇ ਬਾਹਰ ਜਾ ਕੇ ਉਸ ਆਦਮੀ ਨੂੰ ਦੇਣਾ ਚਾਹਿਆ, ਜਿਹੜਾ ਮੁਜੀਬ ਦਾ ਤਮਾਸ਼ਾ ਦਿਖਾਉਂਦਾ ਫਿਰਦਾ ਸੀ ਪਰ ਉਸਨੇ ਸਾਫ਼ ਇਨਕਾਰ ਕਰ ਦਿੱਤਾ ਕਿ ਉਹ ਏਨੀ ਘੱਟ ਕੀਮਤ ਵਿੱਚ ਆਪਣੀ ਰੋਜ਼ੀ ਰੋਟੀ ਦੇ ਸਾਧਨ ਨੂੰ ਨਹੀਂ ਵੇਚੇਗਾ ਅਖੀਰ ਸਲੀਮਾ ਨੇ ਉਸਨੂੰ ਪੰਜ ਸੌ ਰੁਪਏ ਵਿੱਚ ਰਾਜੀ ਕਰ ਲਿਆ ਰਕਮ ਤਾਰ ਕੇ ਜਦੋਂ ਉਹ ਵਾਪਸ ਅੰਦਰ ਆਈ ਤਾਂ ਮੁਜੀਬ ਗਾਇਬ ਸੀ ਮੁਜੀਬਾ ਨੇ ਦੱਸਿਆ ਕਿ ਉਹ ਪਿਛਲੇ ਦਰਵਾਜ਼ੇ ਵਿੱਚੋਂ ਨਿਕਲ ਕੇ ਨੱਠ ਗਿਆ ਸੀ।

ਸਲੀਮਾ ਦੀ ਕੁੱਖ ਕੂਕਦੀ-ਕੁਰਲਾਉਂਦੀ ਰਹਿ ਗਈ ਕਿ ਮੁਜੀਬ, ਮੇਰੇ ਬੱਚੇ ਵਾਪਸ ਮੁੜ ਆ ਪਰ ਉਹ ਅਜਿਹਾ ਗਿਆ ਕਿ ਮੁੜ ਕਦੀ ਵਾਪਸ ਨਹੀਂ ਆਇਆ।

(ਪੰਜਾਬੀ ਅਨੁਵਾਦ : ਮਹਿੰਦਰ ਬੇਦੀ, ਜੈਤੋ)

## ਰੂ-ਬ-ਰੂ "ਪਾਸ਼"

ਤਲਵੰਡੀ ਸਲੇਮ ਨੂੰ
ਜਾਂਦੀ ਸੜਕ
ਪਾੜਦੀ ਰਹੇਗੀ
ਹਨੇਰਿਆਂ ਦੇ ਸੀਨੇ
ਬਣਕੇ
ਅਸਮਾਨੀ ਬਿਜਲੀ।

ਤਲਵੰਡੀ ਸਲੇਮ ਨੂੰ
ਜਾਂਦੀ ਸੜਕ
ਕਦੇ ਮੁੱਕੇਗੀ ਨਹੀਂ
ਤੇ ਨਾ ਮੁੱਕੇਗਾ ਸਫ਼ਰ
"ਤੇਰੇ" ਪਿੱਛੋਂ ਵੀ।
"ਤੇਰੇ" ਪਿੱਛੇ ਪਿੱਛੇ
ਇਸ ਸੜਕ 'ਤੇ
ਤੁਰਨ ਵਾਲ਼ਿਆਂ ਦੀ
ਜੰਗ ਜਾਰੀ ਰਹੇਗੀ।
ਹਨੇਰਿਆਂ
ਹਨੇਰੀਆਂ
ਦਾ ਤੋੜ੍ਹਨ ਲਈ
ਭਰਮ
ਦੱਸਣ ਲਈ ਕਿ
"ਸੂਰਜ"
ਕਦੇ
ਮਰਦੇ ਨਹੀਂ
ਮੁਕਦੇ ਨਹੀਂ
ਬਸ ਇਹ ਤਾਂ
"ਜੰਮਦੇ" ਹੀ ਹਨ . . .



ਸੱਚ ਦੇ ਸੂਰਜ
ਮਹਾਨ ਯੁੱਗ ਕਵੀ
ਸਾਡੇ "ਪਾਸ਼" ਨੂੰ
ਸਿਜਦਾ , ਸਲਾਮ !

**ਅਮਰ ਪਰਮਿੰਦਰ**

ਕੇਸ ਰਿਪੋਰਟ

# ਪ੍ਰੇਤ ਦਾ ਡੰਡਾ



- ਮਾਸਟਰ ਪਰਮਵੇਦ

ਕਈ ਸਾਲ ਪਹਿਲਾਂ ਹਰਿਆਣੇ ਦੀ ਹੱਦ ਨਾਲ ਲਗਦੇ ਪਿੰਡ ਦਾ ਕੇਸ ਆਇਆ। ਘਰ ਵਿੱਚ ਲਗਾਤਾਰ ਰਹੱਸਮਈ ਘਟਨਾਵਾਂ ਵਾਪਰਦੀਆਂ ਸਨ। ਘਰ ਦੇ ਮੁਖੀ ਦਾ ਕਹਿਣਾ ਸੀ ਕਿ ਕਈ ਦਿਨਾਂ ਤੋਂ ਸਾਡੇ ਘਰ ਭੂਤਪ੍ਰੇਤ ਖੇਡਾਂ ਕਰ ਰਹੇ ਹਨ। ਉਹ ਸਾਡੇ ਜੀਆਂ ਦੀ ਪਿੱਠ ਉੱਤੇ ਡੰਡੇ ਮਾਰਦੇ ਨੇ। ਰੱਸੀ 'ਤੇ ਟੰਗੇ ਕੱਪੜੇ ਸਾਡੀਆਂ ਅੱਖਾਂ ਸਾਹਮਣੇ ਆਪਣੇ ਆਪ ਉੱਡਣ ਲੱਗ ਜਾਂਦੇ ਹਨ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਰਸੋਈ ਦੇ ਭਾਂਡੇ ਆਪਣੇ ਆਪ ਸੈਲਫਾਂ ਤੋਂ ਹੇਠਾਂ ਆ ਜਾਂਦੇ ਹਨ। ਕਈ ਗਹਿਣੇ ਵੀ ਗੁੰਮ ਹੋ ਚੁੱਕੇ ਹਨ. ਬਹੁਤ ਸਾਰੇ ਸਿਆਣਿਆਂ ਨੂੰ ਬੁਲਾ ਚੁੱਕੇ ਹਾਂ, ਕੋਈ ਕਹਿੰਦਾ ਕਿ ਤੁਹਾਡਾ ਵਡੇਰਾ ਕੁਲਟਿਆ ਹੈ। ਕੋਈ ਕਹਿੰਦਾ ਕਿ ਘਰੇ ਪ੍ਰੇਤ ਆ ਵੜਿਆ ਹੈ। ਕਈ ਕੁੱਝ, ਕਈ ਕੁੱਝ ਆਖਦਾ ਹੈ। ਜਿੰਨੇ ਮੂੰਹ ਓਨੀਆਂ ਗੱਲਾਂ। ਸਾਡੇ ਘਰੋਂ ਪ੍ਰੇਤ ਨੂੰ ਭਜਾਉਣ ਲਈ ਉਨ੍ਹਾਂ ਮੂੰਹੋਂ ਮੰਗੀ ਦਾਨ ਦਕਸ਼ਣਾ ਲਈ। ਸੁੱਖ ਸੀਰਨੀਆਂ ਦਿਵਾਈਆਂ। ਆਪਣੇ ਵੱਲੋਂ ਉਨ੍ਹਾਂ ਬਥੇਰੇ ਓਹੜ ਪੋਹੜ ਕੀਤੇ ਪਰ ਪ੍ਰੇਤ ਦੀ ਕ੍ਰੋਪੀ ਜਾਰੀ ਰਹੀ। ਨਾ ਦਿਨੇ ਚੈਨ, ਨਾ ਰਾਤਾਂ ਨੂੰ ਨੀਂਦ। ਸਾਰਾ ਟੱਬਰ ਪ੍ਰੇਸ਼ਾਨ ਰਹਿੰਦਾ। ਸਾਰੇ ਚੇਲੇ, ਬਾਬੇ ਅਜ਼ਮਾ ਕੇ ਵੇਖ ਲਏ ਪਰ ਭਲਾ ਕਿਤੇ ਵੀ ਨੀਂ ਹਇਆ। ਹੁਣ ਤਾਂ ਸਾਨੂੰ ਇੱਕ ਇੱਕ ਦਿਨ ਲੰਘਾਉਣਾ ਪਹਾੜ ਜਿੱਡਾ ਲੱਗ ਰਿਹਾ ਹੈ

ਮੈ ਅੱਜ ਰਾਜਸਥਾਨ ਕਿਸੇ ਸਿਆਣੇ ਨੂੰ ਲੈਣ ਜਾ ਰਿਹਾ ਸੀ, ਰਸਤੇ ਵਿੱਚ ਪੈਟਰੋਲ ਮੁਕ ਗਿਆ। ਉਸ ਸਮੇਂ ਮੈਨੂੰ ਮੇਰਾ ਇੱਕ ਰਿਸ਼ਤੇਦਾਰ ਮਿਲਿਆ. ਉਸ ਨੇ ਮੇਰੀ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ। ਸਾਰੀ ਗੱਲ ਸੁਣਨ ਮਗਰੋਂ ਉਸ ਨੇ ਮੈਨੂੰ ਤੁਹਾਡੇ ਕੋਲ ਜਾਣ ਦੀ ਸਲਾਹ ਦਿੱਤੀ ਹੈ। ਪਤਾ ਲੱਗਾ ਕਿ ਤੁਸੀਂ ਇਸ ਤਰ੍ਹਾਂ ਦੇ ਬਹੁਤ ਕੇਸ ਹੱਲ ਕੀਤੇ ਹਨ। ਉਸ ਨੇ ਸਹਿਯੋਗ ਦੀ ਮੰਗ ਕਰਦਿਆਂ ਫਿਰ ਕਿਹਾ, ਸਾਡੇ ਘਰ ਦੇ ਮਸਲੇ ਦਾ ਕੋਈ ਹੱਲ ਕਰੋ। ਬਹੁਤ ਵੱਡਾ ਪ੍ਰੇਤ ਵੜ ਗਿਆ ਹੈ। ਸਾਡਾ ਮਸਲਾ ਗੱਲ ਕਰਨ ਲਈ ਤੁਹਾਡਾ ਹੋਣ ਵਾਲਾ ਸਾਰਾ ਖਰਚਾ ਵੀ ਕਰਾਂਗੇ। ਮੈਂ ਉਸ ਨਾਲ ਉਨ੍ਹਾਂ ਦੇ ਘਰ ਜਾਣ ਦਾ ਦਿਨ ਨਿਸਚਿਤ ਕਰ ਲਿਆ. ਨਾਲ ਹੀ ਉਸਨੂੰ ਹੌਂਸਲਾ ਦਿੰਦਿਆਂ ਆਖਿਆ ਕਿ ਸਭ ਠੀਕ ਹੋ ਜਾਵੇਗਾ। ਬੱਸ, ਤੁਸੀਂ ਇੱਕ ਗੱਲ ਦਾ ਖਿਆਲ ਰੱਖਣਾ ਕਿ ਤੁਹਾਡਾ ਮਸਲਾ ਹੱਲ ਕਰਨ ਲਈ ਸਾਡਾ ਦਿੱਤਾ ਸੁਝਾਅ ਤੇ ਕਹੀ ਗੱਲ ਉਸੇ ਤਰ੍ਹਾਂ ਮੰਨਣੀ ਪਵੇਗੀ। ਉਸ ਕਿਹਾ, "ਜੇਕਰ ਤੁਸੀਂ ਸਾਨੂੰ ਇਕ ਲੱਤ ਦੇ ਭਾਰ ਖੜ੍ਹਨ ਨੂੰ ਕਹੋਂਗੇ, ਅਸੀ ਇਕ ਲੱਤ ਦੇ ਭਾਰ ਵੀ ਖੜ੍ਹਾਂਗੇ। ਸਾਨੂੰ ਭੂਤ ਪ੍ਰੇਤਾਂ ਦੇ ਚੁੰਗਲ ਵਿੱਚੋਂ ਕੱਢ ਦਿਓ।" ਘਰ ਦੇ ਮੁਖੀ ਨੇ ਆਖਿਆ.

ਨਿਸਚਿਤ ਦਿਨ 'ਤੇ ਹਰੀ ਸਿੰਘ ਤਰਕ, ਰਾਣਾ ਸਿੰਘ ਤੇ ਮੈਂ ਸਬੰਧਤ ਘਰੇ ਜਾ ਪਹੁੰਚੇ। ਘਰੇ ਸਹਿਮ ਭਰਿਆ ਮਾਹੌਲ ਸੀ। ਸਵੇਰੇ ਟਰੰਕ ਖੁਲ੍ਹ ਰਹੇ ਬਜ਼ੁਰਗ ਦੀ ਪਿੱਠ ਉੱਤੇ ਡੰਡਾ ਵੀ ਪਿਆ ਸੀ। ਤਰਕਸ਼ੀਲ ਸਾਥੀਆਂ ਨੇ ਬਾਹਰ ਇਕੱਠੇ ਹੋਏ ਲੋਕਾਂ ਨਾਲ ਗੱਲ ਕਰਨੀ ਸੁਰੂ ਕਰ ਦਿੱਤੀ। ਅਸੀਂ ਪਰਿਵਾਰ ਦੇ ਇਕੱਲੇ ਇਕੱਲੇ ਮੈਂਬਰ ਨਾਲ ਗੱਲ ਕਰਨੀ ਸੁਰੂ ਕੀਤੀ।

ਗੱਲਬਾਤ ਦੌਰਾਨ ਲਗਭਗ ਸਾਰੇ ਮੈਂਬਰਾਂ ਨੇ ਦੱਸਿਆ ਕਿ ਕੱਪੜੇ ਤੇ ਭਾਂਡੇ ਡਿੱਗੇ ਦੇਖੇ ਨੇ। ਸਾਡੀਆਂ ਅੱਖਾਂ ਸਾਹਮਣੇ ਆਪਣੇ ਆਪ ਡਿੱਗਦੇ ਨਹੀਂ ਦੇਖੇ ।

ਇੱਕ ਪਰਿਵਾਰਕ ਮੈਂਬਰ ਨੇ ਹੀ ਕਿਹਾ, "ਕੱਪੜੇ ਮੈਂ ਆਪਣੀਆਂ ਅੱਖਾਂ ਸਾਹਮਣੇ ਉੱਡਦੇ ਤੇ ਭਾਂਡੇ ਅੱਖਾਂ ਸਾਹਮਣੇ ਸੈਲਫਾਂ ਤੋਂ ਥੱਲੇ ਡਿੱਗਦੇ ਦੇਖੇ ਹਨ।

"ਅਸੀਂ ਉਸ ਨੂੰ ਕਿਹਾ, "ਸਵੇਰੇ ਤੇਰੇ ਹੱਥ ਵਿੱਚ ਡੰਡਾ ਸੀ।

ਉਸ ਦਾ ਜੁਆਬ ਸੀ, "ਉਹ ਤਾਂ ਪਸ਼ੂਆਂ ਨੂੰ ਪਾਣੀ ਪਿਲਾਉਣ ਸਮੇਂ ਸੀ।"

"ਅਸੀਂ ਦੁਬਾਰਾ ਪੁਛਿਆ, "ਕੱਪੜੇ ਤੈਨੂੰ ਆਪਣੇ ਆਪ ਉੱਡਦੇ ਦਿਖੇ ਨੇ ?

ਉਸ ਨੇ ਕਿਹਾ, "ਹਾਂ ਜੀ, ਆਪਣੇਆਪ ਉੱਡਦੇ ਦਿੱਸਦੇ ਨੇ।"

ਸਾਡੀ ਪਰਖ ਪੱਕੀ ਹੋ ਗਈ। ਮੈਂ ਅਗਲਾ ਸਵਾਲ ਕੀਤਾ, "ਤੂੰ ਇਹ ਕਿਉਂ ਕਰਦੀ ਐਂ ?"

"ਦੁਨੀਆਂ 'ਤੇ ਭੂਤ ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ. ਭੂਤਾਂ ਪ੍ਰੇਤਾਂ ਦੇ ਨਾਂ 'ਤੇ ਹੁੰਦੀਆਂ ਘਟਨਾਵਾਂ ਪਿੱਛੇ ਹੋਰ ਕਾਰਣ ਹੁੰਦੇ ਨੇ. ਜਿਨ੍ਹਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖ ਦਾ ਹੱਥ ਹੁੰਦਾ ਹੈ।" ਇਹ ਸੁਣ ਕੇ ਉਹ ਇੱਕਦਮ ਘਬਰਾ ਗਈ, ਠਠੰਬਰ ਗਈ। ਮੈਂ ਉਸ ਨੂੰ ਹੌਂਸਲਾਂ ਦਿੰਦੇ ਹੋਏ ਕਿਹਾ, "ਘਬਰਾਉਣ ਦੀ ਲੋੜ ਨਹੀਂ, ਇਹ ਜੋ ਕੁੱਝ ਵੀ ਹੋ ਰਿਹਾ ਹੈ, ਇਹ ਸਭ ਕੁੱਝ ਤੇਰੇ ਰਾਹੀਂ ਚਾਹੇ, ਅਣਚਾਹੇ, ਜਾਣੇ, ਅਣਜਾਣੇ ਹੋ ਰਿਹਾ ਹੈ। ਜੇ ਤੂੰ ਸੱਚ ਦੱਸ ਦੇਵੇਂਗੀ ਤਾਂ ਤੇਰਾ ਨਾਮ ਨਹੀਂ

ਲਿਆ ਜਾਵੇਗਾ. ਸਾਨੂੰ ਪਤਾ ਹੈ ਤੂੰ ਕਿਸੇ ਸਮੱਸਿਆ/ਪ੍ਰੇਸ਼ਾਨੀ/ਨਰਾਜ਼ਗੀ ਕਰਕੇ ਇਹ ਕਰ ਰਹੀਂ ਹੈਂ। ਸਾਡੀ ਤੇਰੀ ਜਾਂ ਕਿਸੇ ਪਰਿਵਾਰਕ ਮੈਂਬਰ ਨਾਲ ਜਾਣ-ਪਛਾਣ, ਲਗਾਅ ਜਾਂ ਨਰਾਜ਼ਗੀ ਨਹੀਂ। ਸਾਡੀ ਤੇਰੇ ਨਾਲ ਹਮਦਰਦੀ ਹੈ ਤੇ ਰਹੇਗੀ ਵੀ ਜੇ ਤੂੰ ਸੱਚ ਦੱਸ ਦੇਵੇਂਗੀ, ਤਾਂ ਤੇਰਾ ਨਾਮ ਕਦੇ ਵੀ ਕਿਸੇ ਕੋਲ ਵੀ ਨਹੀਂ ਦੱਸਿਆ ਜਾਵੇਗਾ। ਹੁਣ ਉਹ ਪੂਰੀ ਤਰ੍ਹਾਂ ਮੇਰੇ ਪ੍ਰਭਾਵ ਵੀ ਆ ਚੁੱਕੀ ਸੀ।

"ਸਾਰੀਆਂ ਘਟਨਾਵਾਂ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਮੰਨਦੇ ਹੋਏ, ਉਸ ਨੇ ਆਪਣਾ ਦੁੱਖ ਬਿਆਨਿਆ, "ਸਾਰੇ ਘਰ ਦਾ ਗੋਹਾ ਕੂੜਾ ਮੈਂ ਕਰਦੀ ਹਾਂ। ਸਾਰੇ ਦੁਧਾਰੂ ਪਸ਼ੂਆਂ ਦੀ ਧਾਰ ਵੀ ਮੈਂ ਕਢਦੀ ਹਾਂ। ਵੱਡੀ ਕੁੱਝ ਨਹੀਂ ਕਰਦੀ ਖੇਤਾਂ ਵਿੱਚ ਮੇਰਾ ਘਰਵਾਲਾ ਮਿੱਟੀ ਨਾਲ ਮਿੱਟੀ ਹੁੰਦਾ ਹੈ ਪਰ ਸਾਡੀ ਘਰ ਵਿੱਚ ਕੋਈ ਪੁੱਛ ਨਹੀਂ। ਮੇਰੀ ਸੱਸ ਆਏ ਸਾਲ ਸਾਰੀ ਕਮਾਈ, ਆਪਣੀਆਂ ਕੁੜੀਆਂ ਨੂੰ ਲੁਟਾਈ ਜਾਂਦੀ ਹੈ. ਆਏ ਸਾਲ ਸੋਨੇ ਦੇ ਗਹਿਣੇ ਸਿਰਫ਼ ਉਨਾਂ ਲਈ ਬਣਦੇ ਹਨ। ਹੁਣ ਸਿਆਣਿਆਂ ਕੋਲ ਭੱਜੇ ਫਿਰਦੇ ਨੇ। ਮੇਰੇ ਮਨ ਨੂੰ ਸ਼ਾਤੀ ਮਿਲ ਰਹੀ ਹੈ, ਠੰਢ ਪੈ ਰਹੀ ਹੈ ਇਨਾਂ ਨੂੰ ਭੱਜੇ ਫਿਰਨ ਦਿਓ, ਲੁਟਾਉਣ ਦਿਓ ਪੈਸੇ, ਹੋਣ ਦਿਓ ਦੁਖੀ।" ਉਸ ਦੀਆਂ ਬਹੁਤ ਸਾਰੀਆਂ ਨਰਾਜ਼ਗੀਆਂ ਸੁਣੀਆਂ ਤੇ ਬਹੁਤ ਸਾਰੀਆਂ ਗੱਲਾਂ ਉਸ ਨੂੰ ਸਮਝਾਈਆਂ। ਨਨਾਣ ਭਰਜਾਈ ਦੇ ਨਿੱਘੇ ਰਿਸ਼ਤੇ ਦੀ ਗੱਲ ਸਮਝਾਈ ਮੈਂ ਫਿਰ ਪੁੱਛਿਆ ਕਿ ਅੱਗੇ ਤੋਂ ਕੋਈ ਘਟਨਾ ਕਰੇਂਗੀ ? ਉਸ ਨੇ ਕਿਹਾ, "ਤੁਸੀਂ ਜਿਵੇਂ ਕਹੋਂਗੇ, ਤੁਹਾਡੀ ਹਰ ਗਲ ਮੰਨੂਗੀ, ਤੁਸੀਂ ਕਿਸੇ ਕੋਲ ਮੇਰਾ ਨਾਮ ਨਹੀਂ ਲੈਣਾ।"

ਅਸੀਂ ਕਿਹਾ, "ਸਾਡੀ ਤੇਰੇ ਨਾਲ ਪੂਰੀ ਹਮਦਰਦੀ ਹੈ ਪਰ ਅੱਗੋਂ ਤੋਂ ਕੋਈ ਗੜਬੜ ਨਹੀਂ ਕਰਨੀ ਤੇਰੀ ਹਰ ਮੁਸ਼ਕਲ ਦਾ ਹੱਲ ਕਰਾਂਗੇ। ਘਟਨਾਵਾਂ ਦਾ ਤੇਰੇ ਨਾਲ ਸਬੰਧ ਨਹੀਂ ਜੋੜਿਆ ਜਾਵੇਗਾ। ਤੈਨੂੰ ਤੇ ਤੇਰੇ ਘਰਵਾਲੇ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਹੁਣ ਤੁਹਾਡੇ ਘਰ ਵਿੱਚ ਕੰਮ ਦੀ ਵੀ ਠੀਕ ਵੰਡ ਹੋਵੇਗੀ। ਘਰ ਵਿੱਚੋਂ ਤੁਹਾਨੂੰ ਬਰਾਬਰ ਦਾ ਸਨਮਾਨ ਤੇ ਸਭ ਸੁਖ ਸਹੂਲਤਾਂ ਮਿਲਣਗੀਆਂ।"

ਅਸੀਂ ਆਪਸ ਵਿੱਚ ਬੈਠ ਕੇ ਪਰਿਵਾਰ ਦੇ ਸਾਰੇ ਮੈਂਬਰਾਂ ਨਾਲ ਗੱਲ ਕਰਨ ਦੇ ਨੁਕਤੇ ਸਾਂਝੇ ਕੀਤੇ। ਸਾਰੇ ਮੈਂਬਰਾਂ ਨੂੰ ਇਕੱਠਾ ਕਰ ਕੇ ਆਖਿਆ, "ਅੱਜ ਤੋਂ ਬਾਅਦ ਤੁਹਾਡੇ ਘਰ ਰੱਸੀਆਂ ਤੇ ਪਾਏ ਕੱਪੜੇ ਆਪਣੇ ਆਪ ਨਹੀਂ ਉੱਡਣਗੇ, ਨਾ ਹੀ ਭਾਂਡੇ ਸੈਲਫਾਂ ਤੋਂ ਆਪਣੇ ਆਪ ਡਿੱਗਣਗੇ। ਕੋਈ ਪ੍ਰੇਤ ਪਿੱਠ 'ਤੇ ਡੰਡੇ ਨਹੀਂ ਮਾਰੇਗਾ। ਜੋ ਟੂੰਮਾਂ ਗੁੰਮ ਹੋ ਗਈਆਂ, ਉਨਾਂ ਨੂੰ ਭੁੱਲ ਜਾਓ ਅੱਗੋਂ ਤੋਂ ਘਰ ਦੀਆਂ ਚੀਜ਼ਾਂ ਗੁੰਮ ਨਹੀਂ ਹੋਣਗੀਆਂ। ਪਰ ਅਜਿਹਾ ਸੰਭਵ ਬਣਾਉਣ ਲਈ ਤੁਹਾਨੂੰ ਸਾਡੇ ਸੁਝਾਅ ਤੇ ਸਾਡੀਆਂ ਕੁੱਝ ਸ਼ਰਤਾਂ ਮੰਨਣੀਆਂ ਪੈਣਗੀਆਂ। ਅੱਜ ਤੋਂ ਬਾਅਦ ਘਰ, ਪਸ਼ੂਆਂ ਅਤੇ ਖੇਤੀ ਦਾ ਕੰਮ ਸਾਰੇ ਮੈਂਬਰਾਂ ਨੇ ਰਲ ਮਿਲ ਕੇ ਬਰਾਬਰ ਕਰਨਾ ਹੈ। ਕਿਸੇ ਨੇ ਵਿਹਲੇ ਨਹੀਂ ਰਹਿਣਾ। ਘਰ ਦੇ ਸਾਰੇ ਮੈਂਬਰਾਂ ਨੂੰ ਆਪੋ ਆਪਣੀ ਪਸੰਦ ਦੇ ਗਹਿਣੇ ਤੇ ਕੱਪੜੇ ਬਰਾਬਰ ਬਣਾ ਕੇ ਦੇਣੇ ਹਨ। ਕਿਸੇ ਵੀ ਮੈਂਬਰ ਨਾਲ ਪੱਖਪਾਤ ਨਹੀਂ ਕਰਨਾ ਖੇਤੀ ਦੀ ਕਮਾਈ, ਘਰ ਵਿੱਚ ਪੱਕੇ ਤੌਰ 'ਤੇ ਰਹਿਣ ਵਾਲੇ ਮੈਂਬਰਾਂ ਲਈ ਹੀ ਖਰਚਣੀ ਹੈ।" ਪਰਿਵਾਰ ਦੇ ਮੁਖੀ ਨੇ ਸਾਡੇ ਸੁਝਾਵਾਂ ਤੇ ਸ਼ਰਤਾਂ ਨੂੰ ਇੰਨ ਬਿੰਨ ਲਾਗੂ ਕਰਨ ਦਾ ਭਰੋਸਾ ਦਿੱਤਾ। ਅਸੀਂ ਉਸਨੂੰ ਅੱਗੇ ਤੋਂ ਘਰ ਪਰਿਵਾਰ ਵਿੱਚ ਰਹੱਸਮਈ ਘਟਨਾਵਾਂ ਨਾ ਵਾਪਰਨ ਦਾ ਯਕੀਨ ਦਿਵਾਇਆ. ਨਾਲ ਹੀ ਆਖਿਆ ਕਿ ਘਰ ਬਰਾਬਰੀ, ਸਾਂਝ ਤੇ ਸਾਰਿਆਂ ਨੂੰ ਇੱਕ ਨਜ਼ਰ ਨਾਲ ਵੇਖਿਆਂ ਹੀ ਸੁਖੀ ਵਸਦੇ ਹਨ।

ਰੱਸੀਆਂ ਤੋਂ ਕੱਪੜੇ ਉਡਾਉਣ ਵਾਲੇ, ਵਸਤਾਂ ਗੁੰਮ ਕਰਨ ਵਾਲੇ ਪ੍ਰੇਤ ਦੇ ਡੰਡੇ ਦਾ ਕਾਰਣ ਜਾਣ, ਹੱਲ ਸੁਝਾਅ ਕੇ ਘਰ ਦੇ ਸਹਿਮ ਭਰੇ ਡਰਾਉਣੇ ਮਾਹੌਲ ਨੂੰ ਸੁਖਾਵਾਂ ਬਣਾ ਕੇ, ਅਸੀਂ ਸ਼ਾਮ ਨੂੰ ਘਰ ਪਰਤ ਆਏ। ਘਰ ਦੇ ਮੁਖੀ ਤੇ ਬਾਕੀ ਮੈਂਬਰਾਂ ਦੇ ਸਹਿਯੋਗ ਸਦਕਾ ਉਸ ਦਿਨ ਤੋਂ ਬਾਅਦ ਪਰਿਵਾਰ ਵਿੱਚ ਕਦੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ

ਜੋਨ ਜਥੇਬੰਦਕ ਮੁਖੀ, ਸੰਗਰੂਰ
94174-22349

## ਗੋਰਕੀ ਤੇ ਸਾਹਿਤ



"ਗੋਰਕੀ ਦੇ ਵਿਚਾਰ ਅਨੁਸਾਰ ਅਜਿਹਾ ਸਾਹਿਤ ਬਿਲਕੁਲ ਨਿਰਾਰਥਕ ਹੈ ਜਿਹੜਾ ਵਿਅਕਤੀ ਦੀ ਹੋਂਦ, ਸਮਾਜ ਦੀਆਂ ਸਮੱਸਿਆਵਾਂ, ਇਸਤਰੀ ਦੇ ਸਨਮਾਨ, ਦੇਸ਼ ਦੇ ਭਵਿੱਖ ਤੇ ਜ਼ਿੰਦਗੀ ਦੇ ਵਾਰਸਾਂ ਨਾਲ ਆਪਣੀ ਸਾਂਝ ਨਹੀਂ ਪਾਉਂਦਾ ਜਿਸ ਦੀ ਦਿਨਾਂ, ਸਾਲਾਂ ਤੇ ਯੁੱਗਾਂ ਦੇ ਮਸਲਿਆਂ 'ਤੇ ਪਕੜ ਵਧੇਰੇ ਮਜ਼ਬੂਤ ਨਹੀਂ। ਜਿਹੜਾ ਸਮੁੱਚੇ ਜੀਵਨ ਵਿਚ ਸੁਹਜ ਭਰ ਕੇ ਸਚਾਈ ਤੇ ਸੁੰਦਰਤਾ ਦੇ ਉਤਸਵ ਨੂੰ ਨੇੜੇ ਨਹੀਂ ਲਿਆਉਂਦਾ।"

**ਗੁਲਜ਼ਾਰ ਸਿੰਘ ਸੰਧੂ**

# ਅਛੂਤ ਦਾ ਸਵਾਲ

- ਸ਼ਹੀਦ ਭਗਤ ਸਿੰਘ

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਹੋਰ ਕਿਸੇ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹਨ। ਇੱਕ ਬੜਾ ਭਾਰੀ ਸੁਆਲ ਅਛੂਤ ਦਾ ਸੁਆਲ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਅਬਾਦੀ ਵਾਲੇ ਮੁਲਕ ਵਿੱਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨੂੰ ਛੂਹ ਲੈਣ ਨਾਲ਼ ਧਰਮ ਭ੍ਰਿਸ਼ਟ ਤਾਂ ਨਹੀਂ ਹੋਵੇਗਾ? ਕੀ ਉਹਨਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ਼ ਦੇਵਤੇ ਨਾਰਾਜ਼ ਤਾਂ ਨਹੀਂ ਹੋ ਜਾਣਗੇ? ਕੀ ਉਹਨਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ਼ ਖੂਹ ਪਲੀਤ ਤਾਂ ਨਹੀਂ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ 'ਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।



ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ-ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝੱਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲ਼ਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਓਹਨਾਂ Equality (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿੱਚ ਹੀ ਕਰ ਦਿੱਤਾ ਸੀ ਅਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖ਼ਾਤਰ ਇਕਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਹੋਣੇ ਹੋਣ ਵਾਲ਼ੇ ਅੱਜ ਵੀ ਇਸ ਗੱਲ 'ਤੇ ਜ਼ੋਰ ਨਾਲ਼ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ, ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿੱਚ ਸਾਡੇ ਨਾਲ਼ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿੱਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇੱਕ ਮੁਸਲਮਾਨ ਸੱਜਣ ਮਿ: ਨੂਰ ਮੁਹੰਮਦ, ਮੈਂਬਰ, ਬੰਬਈ ਕੌਂਸਲ ਨੇ ਇਸ ਮਸਲੇ 'ਤੇ 1926 ਵਿੱਚ ਖ਼ੂਬ ਕਿਹਾ ਸੀ :

If the Hindu Society refuses to allow other human beings, fellow creatures so that to attend public schools, and if the president of local board representing so many lakhs of people in this house-refuses to allow his fellows and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we-ourselves behave toward our own people How can we ask for greater political rights when we our selves deny elementary rights of human beings

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਵੀ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰੱਸੇ ਵਿੱਚ ਪੜ੍ਹਨ ਵੀ ਨਹੀਂ ਦੇਂਦੇ ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇੱਕ ਇਨਸਾਨ ਦੇ ਸਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ ਤਾਂ ਤੁਸੀਂ ਹੋਰ ਰਾਜਨੀਤਕ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਕਿਉਂਕਿ ਇੱਕ ਮੁਸਲਮਾਨ ਨੇ ਕਹੀ ਹੈ ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖ ਜੀ ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਰਲ਼ਾਉਣਾ ਚਾਹੁੰਦੇ ਹਨ। ਉਹਨਾਂ ਤਾਂ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤਾਂ ਉਹ ਜ਼ਰੂਰ ਹੀ ਦੂਜਿਆਂ ਮਜ਼ਹਬਾਂ ਵਿੱਚ ਜਾ ਸ਼ਾਮਿਲ ਹੋਣਗੇ, ਜਿਹਨਾਂ ਵਿੱਚ ਕਿ ਉਹਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ਼ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਫ ਉੱਠਦੇ ਹਨ ਖ਼ੈਰ। ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ ਸਨਾਤਨੀ ਪੰਡਿਤ ਵੀ ਕੁੱਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿੱਚ ਵਿੱਚ ਬੜੇ "ਯੁੱਗ ਪਲਟਾਊ" ਕਹਾਉਣ ਵਾਲ਼ੇ ਵੀ ਸ਼ਾਮਿਲ ਹੋਏ ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ

ਅਛੂਤਾਂ ਨੂੰ ਯਗੋ ਪਵੀਤ (ਜਨੇਊ) ਪਾਉਣ ਦਾ ਹੱਕ ਹੈ ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ ? ਬੜੇ ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰਾ ਕੇ, ਹਿੰਦੂ ਧਰਮ ਦੀ 'ਲਾਜ' ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿੱਚ ਨਿਸੰਗ ਫਿਰਦਾ ਹੈ ਪਰ ਇੱਕ ਆਦਮੀ ਸਾਡੇ ਨਾਲ਼ ਛੂਹ ਜਾਵੇ ਤਾਂ ਬੱਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਵਰਗੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ ਕੀ ਪਹਿਲਾਂ ਇੱਕ ਅਛੂਤ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨ੍ਹਾਂ, ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲ਼ਾ 'ਰੱਬ'। ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉੱਥੇ ਜੇ ਉਹ ਗ਼ਰੀਬ ਜਾ ਵੜ੍ਹੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ ਹੋ ਜਾਂਦਾ ਹੈ, ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲੱਗਦੇ ਹਾਂ ? ਫੇਰ ਸਾਡੇ ਇਸ ਰਵੱਈਏ ਵਿੱਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ, ਉਹਨਾਂ ਨੂੰ ਹੀ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿੱਚ ਅਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿੱਚ ਫ਼ਿਰਕਾਵਾਰਾਨਾ ਨਿਆਬਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫ਼ਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫ਼ਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ-ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਹਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ 'ਤੇ ਵੀ ਸੱਟ ਵੱਜੀ। ਜ਼ਿੱਦ ਵਧੀ। ਫ਼ਸਾਦ ਵੀ ਹੋਏ ਖ਼ੈਰ! ਹੌਲ਼ੀ ਹੌਲ਼ੀ ਸਿੱਖਾਂ ਵਿੱਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ, ਸਿੱਖਾਂ ਵਿੱਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ ਆਪਣੇ ਵੱਲ ਖਿੱਚ ਰਹੀਆਂ ਹਨ ਅਤੇ ਬੜਾ ਸ਼ੋਰ ਸ਼ਰਾਬਾ ਹੈ। ਉੱਧਰ ਇਸਾਈ ਚੁੱਪ ਚਾਪ ਉਹਨਾਂ ਦਾ ਰੁਤਬਾ ਵਧਾ ਰਹੇ ਹਨ ਇਸ ਸਾਰੀ ਹਲਚਲ ਨਾਲ਼ ਹਿੰਦੁਸਤਾਨ ਦੀ 'ਲਾਅਨਤ' ਦੂਰ ਹੋ ਰਹੀ ਹੈ।

ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖ਼ਾਤਰ ਇਹਨਾਂ ਵਿੱਚ ਫ਼ਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖ਼ੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਜਥੇਬੰਦ ਹੋਈਏ ? ਇਸੇ ਖ਼ਿਆਲ ਨੂੰ ਸ਼ੁਰੂ ਕਰਨ ਵਿੱਚ ਅੰਗਰੇਜ਼ੀ ਸਰਕਾਰ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਇਸ ਦੇ ਪ੍ਰਚਾਰ ਵਿੱਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਸੀ। 'ਆਦਿ ਧਰਮ ਮੰਡਲ' ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ

ਹੁਣ ਇੱਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ ? ਇਸ ਦਾ ਜਵਾਬ ਬੜਾ ਸੌਖਾ ਹੈ। ਸਭ ਤੋਂ ਪਹਿਲੋਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇੱਕੋ ਜਿਹੇ ਹਨ ਅਤੇ ਨਾ ਤਾਂ ਜਨਮ ਨਾਲ਼ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮ-ਕਾਜ ਨਾਲ਼। ਭਾਵ ਕਿਉਂਕਿ ਇੱਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆਂ ਵਿੱਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ ਇਹ ਗੱਲਾਂ ਫ਼ਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ਼ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ (Aryans) ਨੇ ਇਹ ਜ਼ੁਲਮ ਕੀਤਾ ਅਤੇ ਉਹਨਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ਼ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪਨਰ ਜਨਮ ਦੀ ਫਿਲਾਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪਰਾਣੇ ਜਨਮ ਦੇ ਪਾਪਾਂ ਦਾ ਫ਼ਲ ਹੈ। ਹੁਣ ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ। ਏਸ ਤਰ੍ਹਾਂ ਉਹਨਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਹਨਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਹਨਾਂ ਬੜਾ 'ਪਾਪ' ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖ਼ੈਰ! ਅੱਜ ਉਸ ਦੇ ਪਛਤਾਵੇ ਦਾ ਵੇਲਾ ਹੈ।

ਇਸ ਦੇ ਨਾਲ਼ ਹੀ ਇੱਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਮਨਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲ਼ੇ ਅਛੂਤ ਸਮਝੇ ਜਾਂਦੇ ਹਨ। ਯੂ ਪੀ ਵੱਲ ਕਹੀਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ਼ ਬੜੀ ਖ਼ਰਾਬੀ ਪੈਦਾ ਹੋ ਗਈ ਜਿਸ ਨਾਲ਼ ਕਿ ਸਾਡੀ ਤਰੱਕੀ ਵਿੱਚ ਬੜੀ ਰੁਕਾਵਟ ਪੈਂਦੀ ਹੈ।

ਇਹਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹਾਂ

ਵਧੀਏ ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬਸ ਮਾਮਲਾ ਸਾਫ਼ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ-ਅਛੂਤ ਕਿਹਾ ਕਰਦੇ ਸਾਂ ਉਹਨਾਂ ਕੋਲੋਂ ਆਪਣੇ ਇਸ 'ਪਾਪ' ਵਾਸਤੇ ਖ਼ਿਮਾਂ ਮੰਗਣੀ ਅਤੇ ਉਹਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆ, ਕਲਮਾਂ ਪੜ੍ਹਾਇਆ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿੱਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪ ਵਿੱਚ ਖਿੱਚਾ ਧੂਹੀ ਕਰਨੀ ਤੇ ਅਮਲ ਵਿੱਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿੱਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖ ਇਹ ਅਛੂਤਾਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬਸ ਜੱਟ ਇੰਨੇ ਵਿੱਚ ਹੀ ਭੂਤਰ ਪਏ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉੰਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਓਹ ਇਹਨਾਂ ਗ਼ਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ਼ ਨਹੀਂ ਰਹਿੰਦੇ? ਇਸ ਦਾ ਜਵਾਬ ਸਾਫ਼ ਹੈ, ਉਹ ਗ਼ਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉੰਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ-ਆਪ ਨੂੰ ਜਥੇਬੰਦ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਹਨਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿੱਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਮਤ ਮੰਗਣੀ ਬੜੀ ਆਸ਼ਾਜਨਕ ਤਹਿਰੀਕ ਹੈ ਜਾਂ ਤਾਂ ਫ਼ਿਰਕਾਵਾਰਾਨਾ ਨਿਆਬਤ ਦਾ ਟੰਟਾ ਹੀ ਮੁਕਾਓ ਨਹੀਂ ਤਾਂ ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਅਜ਼ਾਦੀ ਇਹਨਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਸਗੋਂ ਨਾਲ਼ ਲੈ ਜਾ ਕੇ ਉਹਨਾਂ ਨੂੰ ਖੂਹਾਂ 'ਤੇ ਚੜ੍ਹਾਉਣ, ਨਾਲ਼ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿੱਚ ਭਰਤੀ ਕਰਾਉਣ ਪਰ ਜਿਸ ਲੈਜਿਸਲੇਟਿਵ ਵਿੱਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ 'ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉੱਥੇ ਅਛੂਤਾਂ ਨੂੰ ਨਾਲ਼ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਉੱਠੋ! ਅਛੂਤ ਕਹਾਉਣ ਵਾਲ਼ੇ ਅਸਲੀ ਸੇਵਕ ਤੇ ਵੀਰੋ ਉੱਠੋ, ਆਪਣਾ ਇਤਿਹਾਸ ਦੇਖੋ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿੱਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁੱਖ ਵਿੱਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਨ ਬਣਾ ਕੇ ਇੱਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (Land Alienation Act) ਇੰਤਕਾਲੇ ਆਰਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖ਼ਰੀਦ ਸਕਦੇ ਤੁਹਾਡੇ 'ਤੇ ਏਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ (Less than men) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ ਅਸਲ ਵਿੱਚ ਤੁਹਾਡੇ ਆਪਣੇ ਯਤਨ ਕੀਤਿਆਂ ਬਿਨ੍ਹਾਂ ਤੁਹਾਨੂੰ ਕੁੱਝ ਵੀ ਨਹੀਂ ਮਿਲ ਸਕੇਗਾ। (Those who would be free must themselves strike the blow) ਅਜ਼ਾਦੀ ਦੀ ਖ਼ਾਤਰ ਅਜ਼ਾਦੀ ਚਾਹੁੰਣ ਵਾਲ਼ਿਆਂ ਨੂੰ ਯਤਨ ਕਰਨਾ ਚਾਹੀਦਾ ਹੈ ਮਨੁੱਖ ਦੀ ਹੌਲ਼ੀ ਹੌਲ਼ੀ ਕੁੱਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤਾਂ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਹਨਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਹਨਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ਼ ਨਹੀਂ ਮੰਨਿਆਂ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰੱਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖ਼ੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖ਼ਿਆਲ ਰੱਖਣਾ ਨੌਕਰਸ਼ਾਹੀ ਦੇ ਝਾਂਸੇ ਵਿੱਚ ਵੀ ਨਾ ਆਉਣਾ ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ ਬਲਕਿ ਤੁਹਾਨੂੰ ਆਪਣਾ ਸੰਦ ਬਣਾਉਣਾ ਚਾਹੁੰਦੀ ਹੈ। ਇਸ ਕਰਕੇ ਉਸ ਨਾਲ਼ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁੱਝ ਨੁਕਸਾਨ ਨਹੀਂ ਹੋਵੇਗਾ ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ! ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗ਼ਾਵਤ ਖੜ੍ਹੀ ਕਰ ਦਿਓ ਹੌਲ਼ੀ ਹੌਲ਼ੀ ਸੁਧਾਰ ਤੇ ਰੀਫਾਰਮਾਂ ਨਾਲ਼ ਕੁੱਝ ਨਹੀਂ ਬਣ ਸਕਦਾ ਸਮਾਜਿਕ ਐਜੀਟੇਸ਼ਨ (ਅੰਦੋਲਨ) ਨਾਲ਼ ਇਨਕਲਾਬ ਪੈਦਾ ਕਰ ਦਿਓ। ਰਾਜਨੀਤਕ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ ਤੁਸੀਂ ਹੀ ਤਾਂ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉੱਠੋ! ਸੁੱਤੇ ਹੋਏ ਸ਼ੇਰੋ! ਵਿਦਰੋਹੀਓ ਵਿਦਰੋਹ ਖੜ੍ਹਾ ਕਰ ਦਿਓ।

ਵਿਦਿਆਰਥੀ ਕੋਨਾ

# ਨਿਊਟਨ ਦੀ ਮਹਾਨਤਾ

ਮਹਾਨ ਵਿਗਿਆਨੀ ਸਰ ਆਈਜ਼ੈਕ ਨਿਊਟਨ ਨੂੰ ਗੁਰੂਤਾ ਖਿੱਚ ਤੇ ਗਤੀ ਦੇ ਨਿਯਮਾਂ ਦੀ ਖੋਜ ਕਰਕੇ ਜਾਣਿਆ ਜਾਂਦਾ ਹੈ। ਵਿਗਿਆਨਕ ਖੋਜਾਂ ਲਈ ਉਸਦੀ ਘਾਲਣਾ ਦਾ ਰਸਤਾ ਕਦੇ ਆਸਾਨ ਨਹੀਂ ਰਿਹਾ। ਪਿਤਾ ਦਾ ਸਾਇਆ ਸਿਰ 'ਤੇ ਨਾ ਰਹਿਣ ਕਾਰਣ ਸਾਰੀ ਜ਼ਿੰਮੇਵਾਰੀ ਨਿਊਟਨ ਦੀ ਮਾਂ ਸਿਰ ਆ ਪਈ।



ਨਿਊਟਨ ਜਦ ਸੋਲ੍ਹਾਂ ਸਾਲ ਦਾ ਹੋਇਆ ਤਾਂ ਉਸਦੀ ਵਿਧਵਾ ਮਾਂ ਨੇ ਉਸਦਾ ਨਾਂ ਸਕੂਲ ਵਿੱਚੋਂ ਕਟਵਾ ਲਿਆ। ਮਾਂ ਦਾ ਮੰਨਣਾ ਸੀ ਕਿ ਪਰਿਵਾਰ ਦੀ ਵਿਰਾਸਤ ਤੇ ਜ਼ਿੰਮੇਵਾਰੀਆਂ ਨੂੰ ਸੰਭਾਲਣ ਲਈ ਇਹ ਸਹੀ ਵਕਤ ਹੈ। ਮਾਂ ਦੀ ਇੱਛਾ ਸੀ ਕਿ ਨਿਊਟਨ ਆਪਣੇ ਪਿਤਾ ਪੁਰਖੀ ਕਿੱਤੇ ਖੇਤੀ ਤੇ ਪਸ਼ੂ ਪਾਲਣ ਵਿੱਚ ਉਸਦਾ ਹੱਥ ਵਟਾਵੇ।

ਨਿਊਟਨ ਦੀ ਅਜਿਹੇ ਕੰਮਾਂ ਵਿੱਚ ਕੋਈ ਰੁਚੀ ਨਹੀਂ ਸੀ ਜਦੋਂ ਉਸਨੂੰ ਪਸ਼ੂਆਂ ਦੀ ਦੇਖ ਭਾਲ ਦਾ ਕੰਮ ਸੌਂਪਿਆ ਜਾਂਦਾ ਤਾਂ ਪਸ਼ੂਆਂ ਨੂੰ ਖੁੱਲ੍ਹਾ ਛੱਡ ਕਿਸੇ ਰੁੱਖ ਦੀ ਛਾਵੇਂ ਬੈਠ ਪੁਸਤਕ ਪੜ੍ਹਨ ਲਗਦਾ।ਜਦ ਉਸਨੂੰ ਖੇਤੀ ਸੰਦਾਂ ਨੂੰ ਬਜ਼ਾਰ ਵਿੱਚ ਲਿਜਾਣ ਦਾ ਕੰਮ ਸੌਂਪਿਆ ਜਾਂਦਾ ਤਾਂ ਉਹ ਖੇਤਾਂ ਵਿੱਚ ਕੁੱਦਦਾ ਨਜ਼ਰ ਆਉਂਦਾ। ਆਪਣੀਆਂ ਛਾਲਾਂ ਦੀ ਉਚਾਈ ਮਾਪਦਾ ਤੇ ਹਵਾ ਦੇ ਵਹਿਣ ਨੂੰ ਸਮਝਣ ਲਈ ਤਾਣ ਲਾਉਂਦਾ।

ਜਦ ਨਿਊਟਨ ਨੂੰ ਮੁਰਗੀਆਂ ਤੇ ਚੂਚਿਆਂ ਨੂੰ ਦਾਣਾ ਪਾਉਣ ਦਾ ਕੰਮ ਦਿੱਤਾ ਜਾਂਦਾ ਤਾਂ ਉਹ ਇਹ ਕੰਮ ਕਰਨ ਦੀ ਬਜਾਏ ਆਪਣੀ ਨੋਟ ਬੁੱਕ ਵਿੱਚ ਲਿਖਣ ਲਗਦਾ ਜਿਸ ਦੇ ਕਵਰ 'ਤੇ ਆਈਜ਼ਕ ਨਿਊਟਨ ਦੀ ਨੋਟ ਬੁੱਕ ਲਿਖਿਆ ਹੋਇਆ ਸੀ। ਇਸੇ ਨੋਟ ਬੁੱਕ ਵਿੱਚ ਉਸਨੇ ਚਾਕ ਬਣਾਉਣ ਤੋਂ ਲੈ ਕੇ ਸੁਨਿਹਰੀ ਸਿਆਹੀ ਬਣਾਉਣ ਦੀਆਂ ਵਿਧੀਆਂ, ਜਾਦੂਈ ਜਾਪਦੀਆਂ ਹੈਰਾਨ ਕਰਨ ਵਾਲੀਆਂ ਖੇਡਾਂ ਦੇ ਢੰਗ ਤਰੀਕੇ ਤੇ ਆਪਣੇ ਵੱਲੋਂ ਖਗੋਲ ਬਾਰੇ ਇਕੱਤਰ ਕੀਤੇ ਤੱਥ, ਅੰਕੜੇ ਲਿਖੇ ਹੋਏ ਸਨ। ਨੋਟ ਬੁੱਕ ਨਿਊਟਨ ਲਈ ਬਹੁਤ ਅਹਿਮ ਸੀ। ਨਿਊਟਨ ਨੇ ਇਸੇ ਨੋਟ ਬੁੱਕ ਵਿੱਚ ਲਿਖਿਆ, ਪਲੈਟੋ ਮੇਰੇ ਮਿੱਤਰ ਹਨ।ਅਰਸਤੂ ਮੇਰੇ ਮਿੱਤਰ ਹਨ। ਮੇਰਾ ਸਭ ਤੋਂ ਵੱਡਾ ਮਿੱਤਰ ਸੱਚ ਹੈ।

ਨਿਊਟਨ ਦੀ ਪੜ੍ਹਨ ਦੀ ਰੁਚੀ ਤੇ ਜਿੱਦ ਨੂੰ ਵੇਖਦਿਆਂ ਉਸਦੀ ਮਾਂ ਨੇ ਉਸਨੂੰ ਮੁੜ ਸਕੂਲ ਦਾਖਲ ਕਰਵਾ ਦਿੱਤਾ। ਆਪਣੀ ਪੜ੍ਹਾਈ, ਮਿਹਨਤ, ਲਗਨ ਤੇ ਪੱਕੇ ਇਰਾਦਿਆਂ ਸਦਕਾ ਉਹ ਹਰੇਕ ਮੰਜ਼ਿਲ ਸਰ ਕਰਦਾ ਹੋਇਆ ਮਹਾਨ ਖੋਜਾਂ ਕਰਨ ਵਾਲਾ ਵਿਗਿਆਨੀ ਬਣਿਆ।

**(ਜੀਵਨ ਪੰਧ ਤੋਂ ਵਿਦਾਈ :31 ਮਾਰਚ 1727)**

## ਮਹਾਨ ਭੌਤਿਕ ਵਿਗਿਆਨੀ ਆਈਨਸਟਾਈਨ ਦੇ ਬੋਲ :



* ਕਲਪਨਾ ਗਿਆਨ ਤੋਂ ਜ਼ਿਆਦਾ ਮਹੱਤਵਪੂਰਨ ਹੈ।
* ਵਿੱਦਿਆ ਉਹ ਹੈ ਜਿਹੜੀ ਸਕੂਲ ਵਿੱਚ ਸਿਖਾਈਆਂ ਗਈਆਂ ਚੀਜ਼ਾਂ ਭੁੱਲ ਜਾਣ ਮਗਰੋਂ ਬਚਦੀ ਹੈ।
* ਕੋਈ ਵੀ ਮਨੁੱਖ ਜਿਹੜਾ ਬਹੁਤ ਜ਼ਿਆਦਾ ਪੜ੍ਹਦਾ ਹੈ ਪਰ ਆਪਣੇ ਦਿਮਾਗ ਦੀ ਬਹੁਤ ਘੱਟ ਵਰਤੋਂ ਕਰਦਾ ਹੈ, ਉਹ ਨਾ ਸੋਚਣ ਦੀ ਆਲਸੀ ਆਦਤ ਵਿੱਚ ਫਸ ਜਾਂਦਾ ਹੈ।
* ਜਿਸ ਵਿਅਕਤੀ ਤੇ ਕਦੀ ਗਲਤੀ ਨਹੀਂ ਕੀਤੀ। ਸਮਝੋ ਉਸ ਨੇ ਕਦੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ।
* ਗਿਆਨ ਦਾ ਇੱਕ ਮਾਤਰ ਸ੍ਰੋਤ ਅਨੁਭਵ ਹੈ।
* ਜਦ ਤੁਸੀਂ ਸਿੱਖਣਾ ਬੰਦ ਕਰ ਦਿੰਦੇ ਹੋ ਤਾਂ ਤੁਸੀਂ ਮਰਨਾ ਸ਼ੁਰੂ ਕਰ ਦਿੰਦੇ ਹੋ।
* ਉਲਟ ਦਿਸ਼ਾ ਵਿੱਚ ਜਾਣ ਲਈ ਪ੍ਰਤਿਭਾ ਤੇ ਬੇਅੰਤ ਸਾਹਸ ਦੀ ਲੋੜ ਹੁੰਦੀ ਹੈ।
* ਤੁਸੀਂ ਕਦੇ ਵੀ ਫੇਲ੍ਹ ਨਹੀਂ ਹੋਵਗੇ ਜਦ ਤੱਕ ਤੁਸੀਂ ਖੁਦ ਯਤਨ ਕਰਨਾ ਨਹੀਂ ਨਹੀਂ ਛੱਡੋਗੇ
* ਮੁਸ਼ਕਲਾਂ ਵਿੱਚ ਮੌਕੇ ਛੁਪੇ ਹੁੰਦੇ ਹਨ।
* ਜੇਕਰ ਮਾਨਵਜਾਤੀ ਨੂੰ ਜਿਉਂਦਾ ਰੱਖਣਾ ਹੈ ਤਾਂ ਸਾਨੂੰ ਬਿਲਕੁਲ ਨਵੀਂ ਸੋਚ ਦੀ ਲੋੜ ਹੋਵਗੀ।
* ਸਫਲ ਵਿਅਕਤੀ ਬਣਨ ਦਾ ਯਤਨ ਨਾ ਕਰੋ ਸਗੋਂ ਅਸੂਲਾਂ ਵਾਲਾ ਮਨੁੱਖ ਬਣਨ ਦਾ ਉੱਦਮ ਕਰੋ।
* ਜ਼ਿੰਦਗੀ ਸਾਈਕਲ ਚਲਾਉਣ ਵਾਂਗ ਹੈ, ਤੁਹਾਨੂੰ ਸੰਤੁਲਨ ਬਣਾਈ ਰੱਖਣ ਲਈ ਤੁਰਦੇ ਰਹਿਣਾ ਪਵੇਗਾ.
* ਸਮਾਜਿਕ ਨਿਆਂ ਲਈ ਜਿਉਣਾ ਜ਼ਿੰਦਗੀ ਦਾ ਸਭ ਤੋਂ ਮੁੱਲਵਾਨ ਯਤਨ ਹੈ।

**(ਜਨਮ ਦਿਵਸ 14 ਮਾਰਚ)**

# ਅਰਜਕ ਸੰਘ : ਤਰਕਸ਼ੀਲ ਤੇ ਸਮਾਜਿਕ ਸਰੋਕਾਰ



- ਡਾ. ਅਵਤਾਰ ਦੀਪ

'ਅਰਜਕ' ਦਾ ਸ਼ਾਬਦਿਕ ਅਰਥ ਹੈ ਸਰੀਰਕ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਨਾ ਦੂਜੇ ਸ਼ਬਦਾਂ ਵਿੱਚ ਇਹ ਕਿਸਾਨਾਂ, ਹੱਥੀਂ ਕੰਮ ਕਰਨ ਵਾਲੇ ਮਜ਼ਦੂਰਾਂ, ਕਾਰੀਗਰਾਂ ਅਤੇ ਹਰ ਕਿਸਮ ਦੇ ਸਿਰਜਣਹਾਰਾਂ ਨੂੰ ਦਰਸਾਉਂਦਾ ਹੈ। ਇਹ ਉਤਪਾਦਨ ਅਤੇ ਸਿਰਜਣਾ ਵਿੱਚ ਸਰੀਰਕ ਕਿਰਤ ਨੂੰ ਸਰਵਉੱਚ ਮੰਨਦਾ ਹੈ ਇਸ ਵਿੱਚ ਸਿਰਫ਼ ਦਲਿਤ, ਓ ਬੀ ਸੀ , ਆਦਿਵਾਸੀਆਂ ਅਤੇ ਮੁਸਲਮਾਨਾਂ ਆਦਿ ਅਰਜਕ ਭਾਈਚਾਰਿਆਂ ਨੂੰ ਮੈਂਬਰ ਬਣਨ ਦੀ ਇਜਾਜ਼ਤ ਹੈ।

ਖਾਸ ਤੌਰ 'ਤੇ 1970 ਅਤੇ 80 ਦੇ ਦਹਾਕੇ ਵਿੱਚ ਅਰਜਕ ਸੰਘ ਬਹੁਤ ਮਜਬੂਤ ਸੀ ਜੋ ਭਾਰਤੀ ਰਾਜ ਉੱਤਰ ਪ੍ਰਦੇਸ਼ ਵਿੱਚ ਦਲਿਤ ਮੁਕਤੀ ਲਈ ਸਰਗਰਮ ਰੂਪ ਵਿੱਚ ਭੂਮਿਕਾ ਅਦਾ ਕਰ ਰਿਹਾ ਸੀ। ਇਸ ਸੰਘ ਦੀ ਸਥਾਪਨਾ 1968 ਵਿੱਚ ਉੱਤਰ ਪ੍ਰਦੇਸ਼ ਸਰਕਾਰ ਦੇ ਸਾਬਕਾ ਵਿੱਤ ਮੰਤਰੀ ਰਾਮ ਸਵਰੂਪ ਵਰਮਾ ਵੱਲੋਂ ਲਖਨਊ ਵਿੱਚ ਕੀਤੀ ਗਈ ਸੀ ਜਿਹੜੇ ਬ੍ਰਾਹਮਣਵਾਦ ਦੇ ਵਿਰੋਧੀ ਤੇ ਅਖੌਤੀ ਨੀਵੀਆਂ ਜਾਤਾਂ ਦੇ ਹਮਾਇਤੀ ਸਨ। 1969 ਵਿੱਚ ਇਸ ਸੰਘ ਦਾ ਮੁੱਖ ਬੁਲਾਰਾ 'ਅਰਜਕ ਵੀਕਲੀ' ਹੋਂਦ ਵਿੱਚ ਆਇਆ ਸੀ। ਅੱਜ ਇਸ ਦੇ ਲਗਭਗ 15,000 ਮੈਂਬਰ ਹਨ ਜੋ ਕਈ ਰਾਜਾਂ ਵਿੱਚ ਫੈਲੇ ਹੋਏ ਹਨ। ਇਸ ਦੀਆਂ ਸ਼ਾਖਾਵਾਂ ਯੂ ਪੀ., ਬਿਹਾਰ, ਝਾਰਖੰਡ, ਛੱਤੀਸਗੜ੍ਹ, ਦਿੱਲੀ ਅਤੇ ਮੱਧ ਪ੍ਰਦੇਸ਼ ਵਿੱਚ ਕੰਮ ਕਰਦੀਆਂ ਹਨ ਜਿੱਥੇ ਉਹ ਨਿਯਮਤ ਮੀਟਿੰਗਾਂ, ਧਰਨੇ, ਮਾਰਚ ਅਤੇ ਵਿਚਾਰ ਵਟਾਂਦਰੇ ਕਰਦੇ ਹਨ। ਰਾਮ ਸਵਰੂਪ ਵਰਮਾ ਅਤੇ ਮਹਾਰਾਜ ਸਿੰਘ ਭਾਰਤੀ ਅਰਜਕ ਸੰਘ ਦੇ ਦੋ ਮੁੱਖ ਵਿਚਾਰਧਾਰਕ ਆਗੂ ਹਨ ਜਿਹੜੇ ਸਮਾਜਵਾਦੀ ਸਿਆਸਤਦਾਨ ਅਤੇ ਸਮਾਜ-ਸੁਧਾਰਕ ਹਨ। ਅਰਜਕ ਸੰਘ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਤੇ ਸਰੋਕਾਰ ਰਾਮ ਸਵਰੂਪ ਵਰਮਾ ਅਤੇ ਮਹਾਰਾਜ ਸਿੰਘ ਭਾਰਤੀ ਦੀਆਂ ਲਿਖਤਾਂ, ਵਿਚਾਰਾਂ, ਕਿਤਾਬਾਂ ਅਤੇ ਭਾਸ਼ਣਾਂ ਵਿੱਚ ਦਰਜ ਹਨ। ਰਾਮ ਸਵਰੂਪ ਵਰਮਾ ਮਨੁੱਖੀ ਸਰੋਕਾਰਾਂ ਨੂੰ ਹੀ ਆਪਣਾ 'ਧਰਮ' ਸਵੀਕਾਰ ਕਰਦੇ ਸਨ। ਵਰਮਾ ਤੇ ਭਾਰਤੀ ਦੋਵੇਂ ਕਿਸਾਨੀ ਪਿਛੋਕੜ ਵਾਲੇ ਸਨ। 1990 ਦੇ ਦਹਾਕੇ ਵਿੱਚ ਵਰਮਾ ਜੀ ਦੀ ਮੌਤ ਤੋਂ ਬਾਅਦ ਅੱਜ ਇਸ ਦੇ ਪ੍ਰਧਾਨ ਸ਼ਿਵ ਕੁਮਾਰ ਸਮੇਤ ਕਈ ਅਰਜਕ ਮੈਂਬਰ ਵੀ 'ਭਾਰਤੀ' ਉਪਨਾਮ ਦੀ ਵਰਤੋਂ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਆਪਣੀ ਜਾਤੀ ਪਛਾਣ ਨੂੰ ਖਤਮ ਕਰਨ ਦੀ ਇਜਾਜ਼ਤ ਦਿੰਦਾ ਹੈ। ਸ਼ਿਵ ਕੁਮਾਰ ਦਾ ਅਸਲੀ ਉਪਨਾਮ ਕਟਿਆਰ ਸੀ। ਭਾਰਤੀ ਦੇ ਮੁੱਖ ਸਿਧਾਂਤ ਵਿਗਿਆਨਕ ਦ੍ਰਿਸ਼ਟੀਕੋਣ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਦੁਆਲੇ ਕੇਂਦਰਿਤ ਸਨ

**ਵਿਆਹ ਤੇ ਮੌਤ ਨਾਲ ਜੁੜੀ ਰਵਾਇਤ :-** ਵਿਆਹ ਬਿਨਾਂ ਕਿਸੇ ਬ੍ਰਾਹਮਣੀ ਰੀਤੀ ਰਿਵਾਜ ਤੋਂ ਕੀਤਾ ਜਾਂਦਾ ਹੈ ਜਿੱਥੇ ਮੰਤਰਾਂ ਦਾ ਜਾਪ ਨਹੀਂ ਹੁੰਦਾ। ਇੱਥੇ ਕੋਈ 'ਕੰਨਿਆਦਾਨ' ਵੀ ਨਹੀਂ ਹੈ। ਜੋੜਾ ਕਿਸੇ 'ਪਵਿੱਤਰ ਅਗਨੀ' ਦੇ ਆਲੇ-ਦੁਆਲੇ ਫੇਰ ਨਹੀਂ ਲਾਉਂਦਾ ਅਤੇ ਨਾ ਹੀ ਕੋਈ ਮੰਡਪ ਹੁੰਦਾ ਹੈ। ਵਿਆਹ ਇੱਕ ਸਧਾਰਨ ਸਮਾਜਿਕ ਮਾਮਲਾ ਹੈ ਜਿੱਥੇ ਆਦਮੀ ਅਤੇ ਔਰਤ ਦਰਸ਼ਕਾਂ ਦੇ ਸਾਹਮਣੇ ਇੱਕ ਦੂਜੇ ਦੀ ਪਤਨੀ ਅਤੇ ਪਤੀ ਵਜੋਂ ਪੁਸ਼ਟੀ ਕਰਦੇ ਹੋਏ ਵਚਨਬੱਧ ਦਸਤਾਵੇਜ਼ ਪੜ੍ਹਦੇ ਹਨ। ਉਹ ਦਸਤਾਵੇਜ਼ਾਂ 'ਤੇ ਦਸਤਖਤ ਕਰਦੇ ਹਨ ਅਤੇ ਸੰਗਠਨ ਦੁਆਰਾ ਨਿਰਧਾਰਤ 'ਸਹੁੰ-ਚੁਕਾਉ ਕਰਤਾ' (Oath Com missioner) ਦੀ ਮੌਜੂਦਗੀ ਵਿੱਚ ਇੱਕ ਫੋਟੋ ਕਲਿੱਕ ਕਰਦੇ ਹਨ ਉਹ ਇੱਕ ਦੂਜੇ ਨੂੰ ਜੀਵਨ ਸਾਥੀ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ ਇੱਕ ਦੂਜੇ ਨਾਲ ਸਮਾਨਤਾ ਨਾਲ ਪੇਸ਼ ਆਉਣ ਦਾ ਵਾਅਦਾ ਕਰਦੇ ਹਨ। ਮਨੁੱਖਾਂ ਦੀ ਸਮਾਨਤਾ 'ਤੇ ਅਧਾਰਤ ਸਮਾਜ ਦੇ ਵਿਕਾਸ ਅਤੇ ਖੁਸ਼ਹਾਲੀ ਵਿੱਚ ਸਦਾ ਲਈ ਯੋਗਦਾਨ ਪਾਉਣ ਦੀ ਸਹੁੰ ਨਾਲ ਆਪਣੀ ਜ਼ਿੰਦਗੀ ਨੂੰ ਸੁਖਦਾਈ ਬਣਾਉਣਾ ਚਾਹੁੰਦੇ ਹਨ। ਅਰਜਕ ਵਿਆਹ ਇੱਕ ਸਧਾਰਨ ਸਮਾਜਿਕ ਮਾਮਲਾ ਹੈ। ਅਰਜਕ ਸੰਘ ਆਪਣੇ ਪੈਰੋਕਾਰਾਂ ਨੂੰ ਸਿਰਫ ਦੋ ਸੰਸਕਾਰਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦਾ ਹੈ- ਇੱਕ ਵਿਆਹ ਸਮਾਰੋਹ ਅਤੇ ਦੂਜਾ ਮ੍ਰਿਤਕਾਂ ਲਈ ਸੋਗ। ਵਰਮਾ ਜੀ ਦਾ ਮੰਨਣਾ ਸੀ ਕਿ ਇਹ ਰਸਮਾਂ ਮਨੁੱਖਤਾ ਅਤੇ ਇਸਦੀ ਸਮਾਜਿਕ ਹੋਂਦ ਲਈ ਜ਼ਰੂਰੀ ਸਨ।

ਅਰਜਕ ਵਿਆਹ ਕਿਵੇਂ ਕਰਵਾਏ ਜਾਂਦੇ ਹਨ, ਪਹਿਲਾਂ ਹੀ ਉੱਪਰ ਦੱਸਿਆ ਜਾ ਚੁੱਕਾ ਹੈ। ਦੂਜਾ ਸੰਸਕਾਰ ਮੌਤ ਅਤੇ ਸੋਗ ਨਾਲ ਸਬੰਧਤ ਹੈ। ਵਿਸਤ੍ਰਿਤ ਬ੍ਰਾਹਮਣੀ ਰੀਤੀ ਰਿਵਾਜਾਂ ਦੀ ਬਜਾਏ, ਅਰਜਕ ਦੇ ਮੈਂਬਰ ਮੌਤ ਤੋਂ ਬਾਅਦ ਸੱਤਵੇਂ ਦਿਨ 'ਸ਼ੋਕ ਸਭਾ' ਕਰਦੇ ਹਨ। ਵਿਛੜੇ ਨੂੰ ਯਾਦ ਕਰਨ ਲਈ ਸੋਗ ਕਰਨ ਵਾਲੇ ਇਕੱਠੇ ਹੁੰਦੇ ਹਨ ਅਤੇ ਪਰਿਵਾਰ ਨੂੰ ਇੱਕ 'ਮੌਤ ਦਾ ਸਰਟੀਫਿਕੇਟ' ਪ੍ਰਦਾਨ ਕੀਤਾ ਜਾਂਦਾ ਹੈ ਜਿਸ ਵਿੱਚ ਦਰਜ ਹੁੰਦਾ ਹੈ ਕਿ ਵਿਅਕਤੀ ਦੀ ਮੌਤ ਕਿਵੇਂ ਅਤੇ ਕਦੋਂ ਹੋਈ ਸੀ। ਅਰਜਕ ਸੰਘ ਹਿੰਦੂਆਂ ਦੁਆਰਾ ਮੌਤ ਤੋਂ ਬਾਅਦ ਦੀਆਂ ਰਸਮਾਂ ਵਿੱਚ

ਕੀਤੇ ਜਾਂਦੇ ਖ਼ਰਚਿਆਂ ਦਾ ਸਖ਼ਤ ਵਿਰੋਧ ਕਰਦਾ ਹੈ, ਖ਼ਾਸ ਤੌਰ 'ਤੇ ਉਨ੍ਹਾਂ ਦੇ ਪਿਆਰਿਆਂ ਦੀ ਯਾਦ ਵਿੱਚ ਕੀਤੇ ਜਾਂਦੇ 'ਮ੍ਰਿਤਯੂ ਭੋਜ' ਦਾ ਅਰਜਕ ਸੰਘ ਦੇ ਸਿਧਾਂਤਾਂ ਮੁਤਾਬਕ ਅਰਥੀ ਨੂੰ ਕੰਧਾ ਦੇਣ ਦੀ ਰਸਮ ਇਕੱਲੇ ਮਰਦ ਹੀ ਨਹੀਂ ਸਗੋਂ ਔਰਤਾਂ ਵੀ ਦੇ ਸਕਦੀਆਂ ਹਨ ਅਰਜਕ ਸੰਘ ਦੀ ਪਰੰਪਰਾ ਵਿੱਚ ਮੁਰਦੇ ਨੂੰ ਸੰਸਕਾਰ ਕਰਨ ਲਈ ਕੋਈ ਕੱਟੜ ਨਿਯਮ ਤਹਿ ਨਹੀਂ ਹਨ ਸਗੋਂ ਅਰਜਕ ਸੰਘ ਦੇ ਵਿਚਾਰਾਂ ਵਿੱਚ ਵਿਸ਼ਵਾਸ ਰੱਖਣ ਵਾਲਾ ਕੋਈ ਵੀ ਮੁਸਲਮਾਨ, ਈਸਾਈ ਜਾਂ ਕਈ ਹਰ ਆਪਣੀ ਸੁਵਿਧਾ ਅਨੁਸਾਰ ਮੁਰਦੇ ਨੂੰ ਜਲਾ ਜਾਂ ਦਫ਼ਨਾ ਸਕਦਾ ਹੈ।

**ਸਮਾਜਿਕ ਤਬਦੀਲੀ ਦਾ ਸਿਧਾਂਤ :-** ਅਰਜਕ ਸੰਘ ਦੇ ਸੰਸਥਾਪਕਾਂ ਦਾ ਮੰਨਣਾ ਸੀ ਕਿ ਅਸਲ ਸਿਆਸੀ ਤਬਦੀਲੀ ਸਿਰਫ਼ ਸਮਾਜਿਕ ਤਬਦੀਲੀ ਨਾਲ ਹੀ ਆਵੇਗੀ ਕਿਉਂਕਿ ਸਮਾਜ ਅਜੇ ਵੀ ਗੈਰ-ਵਿਗਿਆਨਕ ਅਤੇ ਅੰਨ੍ਹੇ ਧਾਰਮਿਕ ਵਿਸ਼ਵਾਸਾਂ, ਅੰਧ-ਵਿਸ਼ਵਾਸਾਂ ਅਤੇ ਜਾਤ-ਆਧਾਰਿਤ ਵਿਤਕਰੇ ਨਾਲ ਗ੍ਰਸਤ ਹੈ। ਅਜਕੇ ਪੂੰਜੀਵਾਦੀ ਸਮਾਜ ਵਿੱਚ ਬਹੁਤ ਸਾਰੇ ਜਾਤੀ-ਵਿਤਕਰਿਆਂ, ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਤਾ, ਫਿਰਕੂ ਦੰਗਿਆਂ, ਫਾਸੀਵਾਦੀ ਰੁਚੀਆਂ ਆਦਿ ਦਾ ਵੱਡੀ ਪੱਧਰ 'ਤੇ ਬੋਲਬਾਲਾ ਹੈ ਅਰਜਕ ਸੰਘ ਵੀ ਇੱਕ ਅਜਿਹੇ ਸਮਾਜ ਦੀ ਧਾਰਨਾ ਪੇਸ਼ ਕਰਦਾ ਹੈ ਜਿੱਥੇ ਜਾਤਾਂ ਦੀ ਹੋਂਦ ਖਤਮ ਹੋ ਜਾਂਦੀ ਹੈ ਸਭ ਲਈ ਮਾਨਵਵਾਦ, ਤਰਕਸ਼ੀਲਤਾ, ਵਿਗਿਆਨਕ ਸੁਭਾਅ ਅਤੇ ਸਿੱਖਿਆ ਦੀ ਜ਼ਰੂਰਤ ਉਭਰਵੇਂ ਰੂਪ ਵਿੱਚ ਹੋਵੇ।

**ਤਰਕਸ਼ੀਲ ਨਜ਼ਰੀਆ ਤੇ ਨਾਸਤਿਕ ਪਰੰਪਰਾ :-** ਅਰਜਕ ਸੰਘ ਇੱਕ ਤਰਕਸ਼ੀਲ ਨਜ਼ਰੀਆ ਰੱਖਣ ਵਾਲੀ ਜਥੇਬੰਦੀ ਹੈ ਤੇ ਡੂੰਘੀ ਤਰ੍ਹਾਂ ਭਾਰਤ ਦੀ ਨਾਸਤਿਕ ਪਰੰਪਰਾ ਨਾਲ ਜੁੜੀ ਹੋਈ ਹੈ। ਜਥੇਬੰਦੀ ਦਾ ਮੰਨਣਾ ਹੈ ਕਿ ਸਾਡੇ ਸਮਾਜ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ "ਸਿੱਖਿਆ ਦੀ ਘਾਟ" ਅਤੇ "ਪਾਖੰਡ" ਹਨ ਜੋ ਕਿ ਸਾਧਾਰਨ ਸ਼ਬਦਾਂ ਵਿੱਚ ਧਾਰਮਿਕ ਪਾਖੰਡ ਨੂੰ ਹੱਲਾਸ਼ੇਰੀ ਦਿੰਦੇ ਹਨ। ਇਸਦੇ ਪੈਰੋਕਾਰ ਧਾਰਮਿਕ ਪਾਖੰਡ ਦੇ ਮੂਲ ਵਿੱਚ ਮੌਜੂਦ ਇੱਕ ਪਰਮ ਹਸਤੀ/ਸ਼ਕਤੀ ਦੇ ਵਿਚਾਰ ਦੀ ਨਿੰਦਾ ਕਰਦੇ ਹਨ। ਉਹ ਨਾਸਤਿਕ ਹਨ ਜੋ ਦੇਵੀ ਦੇਵਤਿਆਂ, ਮੂਰਤੀਆਂ, ਸਵਰਗ, ਨਰਕ, ਪਰਲੋਕ ਅਤੇ ਪੁਨਰ ਜਨਮ ਦੇ ਸਾਰੇ ਰੂਪਾਂ ਨੂੰ ਰੱਦ ਕਰਦੇ ਹਨ

**ਸ਼ਿਵ ਕੁਮਾਰ ਦੱਸਦਾ ਹੈ :** "ਰੱਬ ਦੀ ਹੋਂਦ ਨਹੀਂ ਹੈ, ਇਸ ਲਈ ਅਸੀਂ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ ਸਵਰਗ ਮੌਜੂਦ ਨਹੀਂ ਹੈ, ਇਸ ਲਈ ਅਸੀਂ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ। ਰੱਬ ਨੂੰ ਮੰਨਣ ਵਾਲੇ ਉਸ ਵਿੱਚ ਵਿਸ਼ਵਾਸ ਕਰਦੇ ਹਨ ਜੋ ਮੌਜੂਦ ਨਹੀਂ ਹੈ। ਜੇ ਪੁਲਾੜ ਯਾਤਰੀ ਅਤੇ ਵਿਗਿਆਨੀ ਚੰਦਰਮਾ 'ਤੇ ਜਾ ਸਕਦੇ ਹਨ ਤਾਂ ਉਹ ਕਦੇ ਸਵਰਗ ਕਿਉਂ ਨਹੀਂ ਗਏ ?"

**ਸਿੱਖਿਆ ਦਾ ਸਰੂਪ :-** ਇਸ ਸਾਲ ਅਰਜਕ ਸੰਘ ਨੇ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਲਈ ਇੱਕ ਦੇਸ਼ ਵਿਆਪੀ ਮੁਹਿੰਮ ਚਲਾਈ ਅਤੇ ਮੰਗ ਕੀਤੀ ਕਿ 'ਰਾਸ਼ਟਰੀ ਸਿੱਖਿਆ ਨੀਤੀ' ਸਭ ਲਈ ਇਕਸਾਰ, ਮੁਫ਼ਤ, ਮਾਨਵਵਾਦੀ ਅਤੇ ਵਿਗਿਆਨਕ ਚੇਤਨਾ 'ਤੇ ਆਧਾਰਿਤ ਸਿੱਖਿਆ ਦੇਣ ਵਾਲੀ ਹੋਵੇ। ਅਰਜਕ ਸੰਘ ਸਿੱਖਿਆ ਦੇ ਖੇਤਰ ਵਿੱਚ ਧਾਰਮਿਕ ਸੰਸਥਾਵਾਂ ਦੀ ਦਖਲਅੰਦਾਜ਼ੀ 'ਤੇ ਪਾਬੰਦੀ ਦੀ ਮੰਗ ਕਰਦਾ ਹੈ। ਅਰਜਕ ਸੰਘ ਮਤਾ ਪੇਸ਼ ਕਰਦਾ ਹੈ ਕਿ ਦੇਸ਼ ਦਾ ਸਿੱਖਿਆ ਬਜਟ ਵੀ ਰੱਖਿਆ ਬਜਟ ਵਾਂਗ ਹੀ ਵੱਧ ਤੋਂ ਵੱਧ ਰੱਖਿਆ ਜਾਵੇ ਅਤੇ ਪ੍ਰਾਇਮਰੀ ਪੱਧਰ 'ਤੇ ਨਾਗਰਿਕਤਾ, ਗਣਿਤ, ਭੂਗੋਲ ਅਤੇ ਵਿਗਿਆਨ ਆਦਿ ਦੀਆਂ ਪ੍ਰਾਪਤੀਆਂ ਦੀ ਲਾਜ਼ਮੀ ਪੜ੍ਹਾਈ ਕਰਵਾਈ ਜਾਵੇ ਸਭ ਤੋਂ ਕਾਬਿਲ ਏ ਗੌਰ ਗੱਲ ਇਹ ਹੈ ਕਿ ਅਰਜਕ ਸੰਘ ਦਾ ਸਿੱਖਿਆ ਸਰੂਪ (Blue Print) ਕਹਿੰਦਾ ਹੈ ਕਿ ਸਿੱਖਿਆ ਪ੍ਰਣਾਲੀ ਦੇ ਸਾਰੇ ਪੱਧਰਾਂ 'ਤੇ ਅੰਧਵਿਸ਼ਵਾਸ, ਪੁਨਰ-ਜਨਮ, ਕਿਸਮਤਵਾਦ, ਜਾਤ-ਪਾਤ, ਵਿਤਕਰੇ ਅਤੇ ਚਮਤਕਾਰਾਂ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ ਤਾਂ ਕਿ ਇੱਕ ਵਿਗਿਆਨਕ-ਸਮਾਜਵਾਦੀ ਸੋਚ ਨਾਲ ਲੈਸ ਮਨੁੱਖ ਤਿਆਰ ਕੀਤਾ ਜਾ ਸਕੇ ਤੇ ਇਸ ਤੋਂ ਅਗਲੇ ਪੜਾਅ 'ਤੇ ਜਮਾਤ-ਰਹਿਤ ਸਮਾਜ ਦੀ ਉਸਾਰੀ ਵੱਲ ਵਧਿਆ ਜਾ ਸਕੇ। ਅਰਜਕ ਸੰਘ ਦੇ ਸਿੱਖਿਆ ਫਲਸਫੇ ਦਾ ਸਾਰ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ ਕਿ "ਭਾਵੇਂ ਇਹ ਰਾਸ਼ਟਰਪਤੀ ਦਾ ਪੁੱਤਰ ਹੋਵੇ ਜਾਂ ਜ਼ਿਲ੍ਹਾ ਮੈਜਿਸਟਰੇਟ ਜਾਂ ਕਿਸੇ ਗਰੀਬ ਵਿਅਕਤੀ ਦਾ, ਸਿੱਖਿਆ ਮੁਫਤ, ਇਕਸਾਰ ਅਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਅਰਜਕ ਸੰਘ ਮੌਕਿਆਂ ਅਤੇ ਸਾਧਨਾਂ ਦੀ ਬਰਾਬਰ ਵੰਡ ਦੇ ਹੱਕ ਵਿੱਚ ਹੈ, ਜਿਸ ਦੇ ਆਧਾਰ 'ਤੇ ਅਜਿਹਾ ਸਾਂਝਾ ਸਮਾਜ ਉਸਰ ਜਾਵੇ ਜਿਥੇ ਹਰ ਮਨੁੱਖ ਨੂੰ ਇੱਜ਼ਤ ਨਾਲ ਰੋਟੀ ਮਿਲੇ ਤੇ ਉਸ ਦਾ ਸਤਿਕਾਰ ਕੀਤਾ ਜਾਵੇ।"

**ਮਾਰਕਸਵਾਦੀ-ਲੈਨਿਨਵਾਦੀ ਫ਼ਲਸਫ਼ੇ ਤੋਂ ਪ੍ਰਭਾਵਿਤ :-** ਮਾਰਕਸਵਾਦ ਲੈਨਿਨਵਾਦ ਇੱਕ ਵਿਸ਼ਵ ਵਿਆਪੀ ਦਰਸ਼ਨ ਹੈ ਜਿਸ ਦੇ ਸਿਧਾਂਤਾਂ ਤੇ ਸਰੋਕਾਰਾਂ ਨੇ ਹਰ ਖੇਤਰ ਅੰਦਰ ਇੱਕ ਲੋਕ ਪੱਖੀ ਮਾਰਗ ਦਰਸਾਇਆ ਹੈ ਅਰਜਕ ਸੰਘ ਦੇ ਬਹੁਤੇ ਪੈਰੋਕਾਰ ਇਸ ਵਿਸ਼ਵ ਦਰਸ਼ਨ ਤੋਂ ਪ੍ਰਭਾਵਿਤ ਹਨ। ਭਾਰਤੀ ਤੇ ਮਨੀਸ਼ ਵੀ ਮਾਰਕਸਵਾਦੀ ਅਤੇ ਲੈਨਿਨਵਾਦੀ ਫ਼ਲਸਫ਼ਿਆਂ ਤੋਂ ਪ੍ਰਭਾਵਿਤ ਸੀ। ਮਨੀਸ਼ ਨੇ ਤਾਂ ਰੂਸੀ ਸਾਹਿਤ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਰੂਸੀ ਭਾਸ਼ਾ ਵੀ ਸਿੱਖੀ। ਅਰਜਕ

ਸੰਘ ਇੱਕ ਜਮਾਤ ਰਹਿਤ ਮਾਨਵਵਾਦੀ ਸਮਾਜ ਦੀ ਉਸਾਰੀ ਵਿੱਚ ਵਿਸ਼ਵਾਸ ਰੱਖਦਾ ਹੈ ਇਹ ਅੰਤਰ ਜਾਤੀ ਵਿਆਹ ਦਾ ਸਮਰਥਨ ਕਰਦਾ ਹੈ ਅਤੇ ਵਿਤਕਰੇ ਅਤੇ ਛੂਤ ਛਾਤ ਦੇ ਵਿਰੁੱਧ ਖੜ੍ਹਾ ਹੈ। ਅਰਜਕ ਸੰਘ ਇਸ ਮੁੱਦੇ 'ਤੇ ਵੀ ਵਿਚਾਰ ਕਰਦਾ ਹੈ ਕਿ ਧਾਰਮਿਕ ਸਿਧਾਂਤਾਂ ਨੂੰ ਰਾਜ ਦਾ ਸਮਰਥਨ ਵੀ ਮਾਰਕਸੀ ਸਿਧਾਂਤਾਂ ਅਨੁਸਾਰ ਜਮਾਤ ਰਹਿਤ ਸਮਾਜ ਸਿਰਜਣ ਦੇ ਰਸਤੇ ਵਿਚ ਇੱਕ ਚੁਣੌਤੀ ਬਣਿਆ ਹੋਇਆ ਹੈ

**ਦਲਿਤ ਚੇਤਨਾ ਦਾ ਹਾਮੀ :-** ਅਰਜਕ ਸੰਘ ਦਲਿਤ-ਚੇਤਨਾ ਦਾ ਹਾਮੀ ਤੇ ਦਲਿਤ ਸਰੋਕਾਰਾਂ ਨਾਲ ਜੁੜਿਆ ਹੋਇਆ ਸੰਗਠਨ ਹੈ। ਹਿੰਦੂ ਧਰਮ ਦੇ ਅੰਦਰ ਦੱਬੀਆਂ ਜਾਤੀਆਂ ਅਤੇ ਦਲਿਤਾਂ ਪ੍ਰਤੀ ਵਿਤਕਰੇ ਅਤੇ ਦਰਜੇਬੰਦੀ ਦੇ ਇਸ ਪਹਿਲੂ ਦਾ ਪੁਰਜ਼ੋਰ ਵਿਰੋਧ ਕਰਦਾ ਹੈ। ਅਰਜਕ ਸੰਘ ਦੇ ਪੈਰੋਕਾਰ ਇਨ੍ਹਾਂ ਗੱਲਾਂ ਦੇ ਵਿਰੋਧੀ ਹਨ ਕਿ ਦਲਿਤਾਂ ਨੂੰ ਅਜੇ ਵੀ ਵਿਆਹਾਂ ਦੇ ਸਮਾਰੋਹਾਂ ਦੌਰਾਨ ਘੋੜੀ ਦੀ ਸਵਾਰੀ ਕਰਨ, ਮੁੱਛਾਂ ਰੱਖਣ ਜਾਂ ਸਾਫ਼-ਸੁਥਰੇ ਕੱਪੜੇ ਪਾਉਣ ਲਈ ਕੁੱਟਿਆ ਜਾਂਦਾ ਹੈ ਅਤੇ ਅਖੌਤੀ ਉੱਚ ਜਾਤੀਆਂ ਦੇ ਮੈਂਬਰਾਂ ਦੁਆਰਾ ਉਨ੍ਹਾਂ ਉੱਤੇ ਪਿਸ਼ਾਬ ਤੱਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਸਵਰਗ, ਨਰਕ, ਕਿਸਮਤ, ਪੁਨਰ ਜਨਮ ਅਤੇ ਪਰਲੋਕ ਦੀਆਂ ਧਾਰਨਾਵਾਂ ਲੋਕਾਂ ਦੇ ਮਨਾਂ ਵਿੱਚ ਮਜ਼ਬੂਤ ਹੋ ਗਈਆਂ ਹਨ। ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਪਿਛਲੇ ਜਨਮ ਵਿੱਚ ਉਨ੍ਹਾਂ ਨੇ 'ਪੁੰਨ ਅਤੇ 'ਦਾਨ' ਨਹੀਂ ਕੀਤਾ ਇਸ ਲਈ ਉਹ ਗਰੀਬ ਹਨ ਅਤੇ ਇੱਕ ਨੀਵੀਂ ਜਾਤ ਵਿੱਚ ਪੈਦਾ ਹੋਏ ਹਨ ਜਿਸ ਕਾਰਨ ਉਹ ਸਾਰੇ ਦੁੱਖ ਝੱਲਦੇ ਹਨ। ਜੇਕਰ ਉਹ ਇਸ ਜਨਮ ਵਿੱਚ ਧਰਮ ਦੇ ਦਰਸਾਏ ਮਾਰਗ ਅਨੁਸਾਰ ਕੁੱਝ ਦਾਨ ਦਕਸ਼ਿਣਾ ਅਤੇ ਧਰਮ ਕਰਮ ਕਰਦੇ ਹਨ ਤਾਂ ਉਹ ਨਾ ਸਿਰਫ਼ ਸਵਰਗ ਪ੍ਰਾਪਤ ਕਰਨਗੇ, ਸਗੋਂ ਅਗਲੇ ਜਨਮ ਵਿੱਚ ਇੱਕ ਅਮੀਰ ਅਤੇ ਉੱਚੀ ਜਾਤ ਵਿੱਚ ਜਨਮ ਲੈਣਗੇ ਅਰਜਕ ਸੰਘ ਇਸ ਸਭ ਦਾ ਸਖਤ ਵਿਰੋਧ ਕਰਦਾ ਹੈ।

**ਮਨੁੱਖਤਾਵਾਦੀ ਤੇ ਵਿਗਿਆਨਕ ਤਿਉਹਾਰ ਮਨਾਉਣ ਪ੍ਰਤੀ ਚੇਤਨਾ :-** ਸ਼ੁਰੂਆਤ ਤੋਂ ਹੀ 'ਅਰਜਕ ਸੰਘ' ਲਈ ਇੱਕ ਵੱਡੀ ਚੁਣੌਤੀ ਇਹ ਬਣੀ ਹੋਈ ਸੀ ਕਿ ਧਾਰਮਿਕ ਤਿਉਹਾਰਾਂ ਅਤੇ ਰੀਤੀ ਰਿਵਾਜਾਂ ਦੀ ਲੋਕਾਂ, ਖਾਸ ਕਰਕੇ ਪਛੜੀਆਂ ਜਾਤੀਆਂ ਅਤੇ ਦਲਿਤਾਂ ਦੇ ਜੀਵਨ ਉੱਤੇ ਪੂਰੀ ਪਕੜ ਸੀ। ਅਰਜਕ ਸੰਘ ਦੇ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਤਿਉਹਾਰਾਂ ਦੇ ਵਿਚਾਰ ਤੋਂ ਲੋਕਾਂ ਨੂੰ ਪੂਰੀ ਤਰ੍ਹਾਂ ਵੱਖ ਕਰਨਾ ਮੁਸ਼ਕਲ ਹੋਵੇਗਾ। ਅਰਜਕ ਸੰਘ ਦੇ ਆਗੂ ਵਰਮਾ ਨੇ ਧਾਰਮਿਕ ਪਰੰਪਰਾ ਤੋਂ ਕੱਟੇ ਹੋਏ ਤਿਉਹਾਰਾਂ ਅਤੇ ਸੰਸਕਾਰਾਂ ਦਾ ਇੱਕ ਬਦਲਵਾਂ ਸੈੱਟ ਪ੍ਰਦਾਨ ਕੀਤਾ ਜਿਸ ਕਰਕੇ ਹੀ ਅੱਜ ਅਰਜਕ ਸੰਘ ਦੇ ਬਦਲਵੇਂ ਕੈਲੰਡਰ ਵਿੱਚ 14 "ਮਨੁੱਖਤਾਵਾਦੀ ਤਿਉਹਾਰ" ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਮੁਤਾਬਕ ਹੀ ਸਮਾਜਿਕ ਤਬਦੀਲੀ ਦੇ ਪ੍ਰਤੀਕ, ਦੇਸ਼ ਦੇ ਸੰਵਿਧਾਨਕ ਮੀਲ ਪੱਥਰ ਅਤੇ ਖੇਤੀਬਾੜੀ ਮੌਸਮਾਂ ਦੇ ਜਨਮ ਦਿਨ ਅਤੇ ਬਰਸੀ ਮਨਾਏ ਜਾਂਦੇ ਹਨ। ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮਨਾਉਣ ਤੋਂ ਇਲਾਵਾ, ਅਰਜਕ ਸੰਘ ਹਾੜ੍ਹੀ ਦੀ ਫ਼ਸਲ ਦੀ ਵਾਢੀ ਨੂੰ ਮਨਾਉਣ ਲਈ 1 ਮਾਰਚ ਨੂੰ 'ਉਲਹਾਸ ਦਿਵਸ' ਵਜੋਂ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਵਾਢੀ ਮਨਾਉਣ ਲਈ 1 ਅਕਤੂਬਰ ਨੂੰ 'ਲਾਭ ਦਿਵਸ' ਵਜੋਂ ਯਾਦ ਕਰਦਾ ਹੈ। ਅਰਜਕ ਸੰਘ ਲਈ ਬੁੱਧ ਜਯੰਤੀ ਮਾਨਵਤਾ ਦਿਵਸ ਹੈ ਜਦੋਂ ਕਿ ਅੰਬੇਡਕਰ ਜਯੰਤੀ ਚੇਤਨਾ ਦਿਵਸ ਹੈ। ਦ੍ਰਾਵਿੜ ਚਿੰਤਕ ਈ ਵੀ. ਰਾਮਾਸਾਮੀ ਪੇਰੀਆਰ ਦਾ ਜਨਮ ਦਿਨ ਵਿਵੇਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅਰਜਕ ਸੰਘ ਦਾ ਸਥਾਪਨਾ ਦਿਵਸ 1 ਜੂਨ ਨੂੰ 'ਸਮਤਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਜੋਤੀਬਾ ਫੂਲੇ (ਸ਼ਕਤੀ ਦਿਵਸ) ਅਤੇ ਬਾਬੂ ਜਗਦੇਓ ਪ੍ਰਸਾਦ (ਸ਼ਹੀਦ ਦਿਵਸ) ਦੀ ਬਰਸੀ ਦੇ ਨਾਲ-ਨਾਲ ਬਿਰਸਾ ਮੁੰਡਾ (ਜਾਗ੍ਰਿਤੀ ਦਿਵਸ) ਅਤੇ ਸਰਦਾਰ ਵੱਲਭਭਾਈ ਪਟੇਲ (ਏਕਤਾ ਦਿਵਸ) ਦੀਆਂ ਜਯੰਤੀਆਂ ਨੂੰ ਵੀ ਯਾਦ ਕਰਦਾ ਹੈ। 1998 ਵਿੱਚ ਵਰਮਾ ਦੇ ਦਿਹਾਂਤ ਤੋਂ ਬਾਅਦ, ਜਥੇਬੰਦੀ ਨੇ ਉਸਦੇ ਜਨਮ ਦਿਨ (22 ਅਗਸਤ) ਨੂੰ ਕ੍ਰਾਂਤੀ ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਭਾਰਤੀ ਦੇ ਜਨਮਦਿਨ (3 ਨਵੰਬਰ) ਨੂੰ ਵਿਗਿਆਨ ਦਿਵਸ ਵਜੋਂ ਸਨਮਾਨਿਤ ਕੀਤਾ ਜਾਂਦਾ ਹੈ ਜੋ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਲਈ ਉਸ ਦੇ ਸੰਘਰਸ਼ ਦਾ ਪ੍ਰਮਾਣ ਹੈ

**ਰਾਜ ਦੁਆਰਾ ਧਰਮ ਦਾ ਸਮਰਥਨ :-** ਅਰਜਕ ਸੰਘ ਦੇ ਅਨੁਯਾਈਆਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਭਾਰਤੀ ਰਾਜ ਦੁਆਰਾ ਧਰਮ ਵਿੱਚ ਦਖਲ ਦੇ ਕੇ ਆਪਣੀ ਰਾਜਨੀਤੀ ਕੀਤੀ ਜਾਂਦੀ ਹੈ। ਭਾਰਤੀ ਰਾਜ ਨੇ ਧਾਰਮਿਕ ਵਿਚਾਰਾਂ ਅਤੇ ਪਹਿਰਾਵੇ ਦਾ ਸਰਗਰਮੀ ਨਾਲ ਸਮਰਥਨ ਕੀਤਾ ਹੈ। ਜਿੱਥੇ ਮੌਜੂਦਾ ਸਰਕਾਰ ਨੇ ਬ੍ਰਾਹਮਣਵਾਦੀ ਵਿਚਾਰਾਂ ਅਤੇ ਜੀਵਨ ਪ੍ਰਤੀ ਹਿੰਦੂਤਵ ਦ੍ਰਿਸ਼ਟੀਕੋਣ ਨੂੰ ਪ੍ਰਫੁੱਲਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਉੱਥੇ ਪਿਛਲੀਆਂ ਸਰਕਾਰਾਂ ਨੇ ਵੀ ਅਜਿਹਾ ਕੀਤਾ ਹੈ। ਸ਼ਿਵ ਕੁਮਾਰ ਨੇ ਦਲੀਲ ਦਿੱਤੀ ਕਿ ਇਸ ਦੀ ਜੜ੍ਹ ਇਹ ਹੈ ਕਿ ਭਾਰਤੀ ਰਾਜ ਬ੍ਰਾਹਮਣਵਾਦੀ ਵਿਚਾਰਾਂ ਵੱਲ ਝੁਕਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਪਾਲਿਆ ਗਿਆ ਹੈ। ਉਸ ਅਨੁਸਾਰ, "ਜੇਕਰ ਰਾਜ ਵਿਗਿਆਨਕ ਜੀਵਨ ਢੰਗ ਦਾ

**ਬਾਕੀ ਸਫ਼ਾ 53 'ਤੇ**

# ਸੋਸ਼ਲ ਮੀਡੀਆ ਅਤੇ ਨੌਜਵਾਨ



- ਭੁਪਿੰਦਰ ਫ਼ੌਜੀ

ਕੁੱਝ ਸਮਾਂ ਪਹਿਲਾਂ ਵਾਪਰੀ ਇੱਕ ਘਟਨਾ ਨੇ ਮਨ ਨੂੰ ਅੰਦਰ ਤੱਕ ਹਲੂਣ ਦਿੱਤਾ। ਦਿਨ ਭਰ ਇਹੋ ਸੋਚਦਾ ਰਿਹਾ ਕਿ ਕੀ ਹੋ ਰਿਹੈ, ਸਾਡੀ ਨਵੀਂ ਪੀੜ੍ਹੀ ਕਿੱਧਰ ਨੂੰ ਤੁਰ ਪਈ ਹੈ? ਪਲਾਂ ਵਿੱਚ ਸਾਰੇ ਰਿਸ਼ਤੇ ਤਾਰ-ਤਾਰ ਹੋ ਰਹੇ ਨੇ। ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਰਾਤੀਂ ਸੁੱਤੇ ਪਏ ਦੇ ਦਿਮਾਗ਼ ਵਿੱਚ ਕਈ ਸਵਾਲ ਹਥੌੜਿਆਂ ਵਾਂਗ ਵੱਜਦੇ ਰਹੇ। ਜਦੋਂ ਦਾ ਕਰੋਨਾ ਕਾਲ ਤੋਂ ਬੱਚਿਆਂ ਦੇ ਹੱਥ ਮੋਬਾਈਲ ਲੱਗਿਆ ਹੈ, ਸੋਸ਼ਲ ਮੀਡੀਆ ਦੀਆਂ ਅਨੇਕਾਂ ਐੱਪ ਹੋਂਦ ਵਿੱਚ ਆਈਆਂ। ਮਾਂ ਬਾਪ ਤੋਂ ਚੋਰੀ ਛੁਪੇ ਬੱਚੇ ਇਸ ਦੀ ਦੁਰਵਰਤੋਂ ਕਰ ਰਹੇ ਹਨ।

ਰੋਜ਼ਾਨਾ ਅਨੇਕਾਂ ਲੋਕਾਂ ਨੂੰ ਕੋਰਟ ਵਿੱਚ ਦੇਖਦਾ ਹਾਂ ਇੱਥੇ ਅਕਸਰ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ ਸੁਰੱਖਿਆ ਲੈਣ ਲਈ ਨੌਜੁਆਨ ਜੋੜੇ ਆਉਂਦੇ ਰਹਿੰਦੇ ਹਨ। ਆਪਣੇ ਮੂੰਹ ਰੁਮਾਲ ਨਾਲ ਬੰਨ੍ਹੀਂ ਆਪਣੇ ਵਕੀਲ/ਮੁਨਸ਼ੀ ਨਾਲ ਆਇਆ ਇੱਕ ਜੋੜਾ। ਪੁਲੀਸ ਮੁਲਾਜ਼ਮ ਨੇ ਉਨ੍ਹਾਂ ਨੂੰ ਮੂੰਹ ਤੋਂ ਰੁਮਾਲ ਉਤਾਰਨ ਲਈ ਕਿਹਾ ਤੇ ਮਹਿਲਾ ਮੁਲਾਜ਼ਮ ਨੇ ਕੁੜੀ ਦੀ ਤਲਾਸ਼ੀ ਲਈ।ਨਾਲ ਹੀ ਸਵਾਲ ਕੀਤਾ,"ਕਿਵੇਂ ਆਏ ਹੋ?"

"ਜੀ ਵਿਆਹ ਕਰਵਾਉਣ ਲਈ।" ਕੁੜੀ ਨੇ ਦੱਬੀ ਜਿਹੀ ਆਵਾਜ਼ ਵਿੱਚ ਕਿਹਾ। ਮੈਂ ਇਹ ਸੁਣ ਕੇ ਦੰਗ ਰਹਿ ਗਿਆ ਕੁੜੀ ਇੰਝ ਲੱਗ ਰਹੀ ਸੀ ਜਿਵੇਂ ਅੱਠਵੀਂ ਨੌਂਵੀਂ ਜਮਾਤ ਦੀ ਵਿਦਿਆਰਥਣ ਹੋਵੇ। ਉਸ ਨਾਲ ਪੱਕੀ ਉਮਰ ਦਾ ਜਾਪਦਾ 32 33 ਸਾਲ ਦਾ ਨੌਜੁਆਨ ਸੀ। ਤੱਕਣੀ ਤੋਂ ਨਸ਼ੇ ਦਾ ਆਦੀ ਲੱਗਦਾ ਸੀ। ਕੁੜੀ ਦਾ ਉਸ ਨਾਲ ਕੋਈ ਮੇਲ ਨਹੀਂ ਸੀ। ਕੁੜੀ ਸੋਹਣੀ ਸੁਨੱਖੀ ਤੇ ਨੌਜੁਆਨ ਸਾਂਵਲੇ ਰੰਗ ਵਾਲਾ ਨਸ਼ੇੜੀ ਭਾਵੇਂ ਨਸ਼ੇੜੀਆਂ ਨੂੰ ਵੀ ਅਸੀਂ ਸਮਾਜਿਕ ਪ੍ਰਬੰਧ ਤੋਂ ਪੀੜਤ ਹੀ ਮੰਨਦੇ ਹਾਂ। ਮੇਰੇ ਮਨ ਅੰਦਰ ਹਲਚਲ ਜਿਹੀ ਪੈਦਾ ਹੋ ਗਈ। ਕੁੜੀ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕੋਰਟ ਵਿੱਚ ਵਿਆਹ ਨਹੀਂ ਹੁੰਦਾ, ਸੁਰੱਖਿਆ ਹੀ ਮਿਲਦੀ ਹੈ। ਉਹ ਅਣਜਾਣ ਵਿਆਹ ਕਰਵਾਉਣ ਆਈ ਸੀ, ਨਾ ਵਕੀਲ ਉਨ੍ਹਾਂ ਨੂੰ ਕੁੱਝ ਦੱਸਦੇ ਨੇ। ਉਨ੍ਹਾਂ ਨੇ ਮੋਟੀਆਂ ਰਕਮਾਂ ਜੁ ਲੈਣੀਆਂ ਹੁੰਦੀਆਂ। ਮੇਰੇ ਦਿਮਾਗ਼ ਵਿੱਚ ਆਉਂਦੇ ਅਨੇਕਾਂ ਸੁਆਲਾਂ ਨੇ ਉਥਲ ਪੁਥਲ ਮਚਾ ਦਿੱਤੀ ਸੋਚ ਰਿਹਾ ਸਾਂ ਕਿ ਇਸ ਕੁੜੀ ਦੀ ਜ਼ਿੰਦਗੀ ਤਾਂ ਬਰਬਾਦ ਹੈ।

ਸੋਚਾਂ ਮਨ ਮਸਤਕ 'ਤੇ ਦਸਤਕ ਦੇਣ ਲੱਗੀਆਂ। ਇਸ ਉਮਰ ਦੀਆਂ ਬੱਚੀਆਂ ਕਦੇ ਵੀ ਸਹੀ ਫ਼ੈਸਲਾ ਨਹੀਂ ਲੈ ਸਕਦੀਆਂ। ਉਨ੍ਹਾਂ ਨੂੰ ਨਾ ਹੀ ਸਮਝ ਹੁੰਦੀ ਹੈ। ਅਜਿਹੀਆਂ ਅਣਭੋਲ ਕੁੜੀਆਂ ਜਲਦੀ ਝਾਂਸੇ ਵਿੱਚ ਆ ਜਾਂਦੀਆਂ ਹਨ ਹਵਾ ਵਿੱਚ ਉਸਾਰੇ ਮਹਿਲਾਂ ਦੇ ਸੁਫ਼ਨੇ ਦੇਖਣ ਲੱਗ ਜਾਂਦੀਆਂ ਹਨ. ਉਨ੍ਹਾਂ ਨੂੰ ਸਭ ਕੁੱਝ ਸਹੀ ਦਿਖਾਈ ਦਿੰਦਾ ਹੈ। ਉਹ ਮਾਂ ਬਾਪ ਦੇ ਸੁਪਨਿਆਂ ਨੂੰ ਪਲਾਂ ਵਿੱਚ ਰੋਲ ਦਿੰਦੀਆਂ ਹਨ। ਉਨ੍ਹਾਂ ਨੂੰ ਇਹ ਮੁਹੱਬਤ ਤਾਂ ਬਹੁਤ ਵੱਡੀ ਲੱਗਦੀ ਹੈ ਪਰ ਮਾਂ-ਬਾਪ ਦਾ ਪਿਆਰ ਬੌਣਾ ਨਜ਼ਰ ਆਉਂਦਾ ਹੈ। ਧਾਰਮਿਕ ਸਥਾਨਾਂ 'ਤੇ ਬੈਠਾ ਪੁਜਾਰੀ ਵਰਗ ਵੀ ਘੱਟ ਜ਼ਿੰਮੇਵਾਰ ਨਹੀਂ। ਉਹ ਪੈਸਿਆਂ ਦੇ ਲਾਲਚ ਵਿੱਚ ਕੁੱਝ ਵੀ ਨਹੀਂ ਵੇਖਦੇ, ਬੱਸ ਚਾਰ ਸ਼ਬਦ ਪੜ੍ਹ ਕੇ ਵਿਆਹ ਦਾ ਸਰਟੀਫਿਕੇਟ ਦੇ ਦਿੰਦੇ ਹਨ। ਚਾਹੀਦਾ ਤਾਂ ਇਹ ਹੈ ਕਿ ਉਹ ਦੋਵੇਂ ਧਿਰਾਂ ਦੇ ਮਾਂ-ਬਾਪ ਨੂੰ ਵੀ ਭਰੋਸੇ ਵਿਚ ਲੈਣ। ਧਾਰਮਿਕ ਸਥਾਨਾਂ ਤੋਂ ਮਿਲੇ ਸਰਟੀਫਿਕੇਟ ਜ਼ਰੀਏ ਨੌਜੁਆਨ ਜੋੜੇ ਸੁਰੱਖਿਆ ਲੈਣ ਲਈ ਕੋਰਟ ਪਹੁੰਚ ਜਾਂਦੇ ਹਨ। ਫਿਰ ਵਕੀਲਾਂ ਵੱਲੋਂ ਬਣਾਈਆਂ ਮਨਘੜ੍ਹਤ ਕਹਾਣੀਆਂ ਵਿੱਚ ਕੁੜੀ ਦੇ ਮਾਪੇ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ। ਇਹ ਖਰੜਾ ਜੱਜ ਕੋਲ ਲੈ ਜਾਂਦੇ ਹਨ। ਉਨ੍ਹਾਂ ਨੂੰ ਸੁਰੱਖਿਆ ਦੇਣੀ ਪੈਂਦੀ ਹੈ। ਉਸ ਜੋੜੇ ਨੂੰ ਲੱਗਦਾ ਹੈ ਕਿ ਸਾਡਾ ਤਾਂ ਕੋਰਟ ਵਿੱਚ ਵਿਆਹ ਹੋ ਗਿਆ ਹੈ ਆਮ ਭੋਲੀ-ਭਾਲੀ ਜਨਤਾ ਵੀ ਸੁਰੱਖਿਆ ਨੂੰ ਵਿਆਹ ਸਮਝ ਲੈਂਦੀ ਹੈ ਜਦੋਂ ਕਿ ਕੋਰਟ ਧਾਰਮਿਕ ਸਥਾਨਾਂ 'ਤੇ ਹੋਏ ਵਿਆਹ ਦੇ ਦਿੱਤੇ ਸਰਟੀਫਿਕੇਟ ਉੱਤੇ ਹੀ ਸੁਰੱਖਿਆ ਦਿੰਦੀ ਹੈ।

ਕੁੜੀ ਦੇ ਮਾਪਿਆਂ ਵੱਲੋਂ ਕੋਰਟ ਵਿੱਚ ਪਹੁੰਚ ਕੀਤੇ ਹੰਗਾਮੇ ਨੇ ਮੇਰੀਆਂ ਸੋਚਾਂ ਦੀ ਤੰਦ ਤੋੜੀ। ਕੁੜੀ ਤੇ ਮੁੰਡੇ ਨੂੰ ਕੋਰਟ ਦੇ ਅੰਦਰ ਬਿਠਾ ਦਿੱਤਾ ਗਿਆ ਮਾਂ ਬਾਪ ਤੇ ਦਾਦੀ ਜੱਜ ਸਾਹਿਬ ਦੇ ਪੇਸ਼ ਹੋ ਗਏ ਜੱਜ ਨੇ ਉਨ੍ਹਾਂ ਨੂੰ ਕਿਹਾ, "ਇਹ ਤਾਂ ਵਿਆਹ ਪਹਿਲਾਂ ਹੀ ਕਰਵਾਈ ਫਿਰਦੇ ਨੇ, ਆਹ ਗੁਰਦੁਆਰੇ ਦਾ ਸਰਟੀਫਿਕੇਟ ਹੈ। ਮੇਰੇ ਕੋਲ ਤਾਂ ਇਹ ਸੁਰੱਖਿਆ ਲੈਣ ਲਈ ਆਏ ਹਨ ਇਨ੍ਹਾਂ ਦੀ ਜਾਨ ਨੂੰ ਤੁਹਾਡੇ ਤੋਂ ਖ਼ਤਰਾ ਹੈ।" ਕੁੜੀ-ਮੁੰਡੇ ਦੀ ਜੱਜ ਨੇ ਕਾਫ਼ੀ ਝਾੜ ਝੰਬ ਵੀ ਕੀਤੀ ਅਤੇ ਵਕੀਲ ਦੀ ਵੀ। ਕੁੜੀ ਨੇ ਮਾਪਿਆਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਪਲਾਂ ਵਿੱਚ ਉਨ੍ਹਾਂ ਦੇ ਲਾਡ ਪਿਆਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਸਾਰੇ ਰਿਸ਼ਤੇ ਨਾਤੇ ਗ਼ੈਰ ਬਣ ਗਏ। ਕੁੜੀ ਦਾ ਪਰਿਵਾਰ ਰੋਂਦਾ ਹੋਇਆ ਕੋਰਟ ਰੂਮ ਵਿੱਚੋਂ ਬਾਹਰ ਨਿਕਲਿਆ ਅਜਿਹਾ ਮੰਜ਼ਰ ਵੇਖ ਕੇ ਦੇਖ ਕੇ ਮੇਰਾ ਵੀ ਮਨ ਭਰ ਆਇਆ। ਜਿਵੇਂ ਮੇਰੇ ਆਪਣੇ ਹੀ ਬੱਚੇ ਨੇ ਕੋਈ ਗ਼ਲਤੀ ਕਰ ਦਿੱਤੀ ਹੋਵੇ। ਉੱਥੋਂ ਸੱਚ ਵੀ ਨਿੱਤਰ ਕੇ ਸਾਹਮਣੇ ਆ ਗਿਆ ਮੁੰਡੇ ਦੀ ਉਮਰ ਬੱਤੀ ਸਾਲ ਅਤੇ ਕੁੜੀ ਦੀ ਉਮਰ ਸਾਢੇ ਅਠਾਰਾਂ ਸਾਲ। ਕੁੜੀ ਮੱਧਵਰਗੀ ਘਰ ਦੀ ਸੀ ਜੋ ਬੀ ਕਾਮ ਦੇ ਪਹਿਲੇ ਸਾਲ ਦੀ ਵਿਦਿਆਰਥਣ ਸੀ। ਮੁੰਡਾ ਸੱਤ ਕਲਾਸਾਂ ਪੜ੍ਹਿਆ ਕਿਸੇ ਦੀ ਡਰਾਇਵਰੀ ਕਰਦਾ ਸੀ. ਇਨ੍ਹਾਂ ਦੇ ਇਸ ਪਿਆਰ ਮੁਹੱਬਤ ਨੇ ਸੋਸ਼ਲ ਮੀਡੀਆ ਤੋਂ ਹੀ ਉਡਾਣ ਭਰੀ ਸੀ। ਇਹ ਕੁਜੋੜ ਰਿਸ਼ਤਾ ਮੈਨੂੰ ਪਹਿਲੀ ਨਜ਼ਰੇ ਹੀ ਰੜਕਿਆ ਸੀ।

ਕੋਰਟ ਵਿੱਚ ਮੈਂ ਅਜਿਹਾ ਅਕਸਰ ਵੇਖਦਾਂ ਕਿ ਅਜਿਹੇ

ਰਿਸ਼ਤੇ ਬਹੁਤ ਘੱਟ ਪ੍ਰਵਾਨ ਚੜ੍ਹਦੇ ਹਨ ਦੋ ਚਾਰ ਮਹੀਨਿਆਂ ਬਾਅਦ ਫਿਰ ਇਹ ਕੋਰਟ ਦੇ ਦਰ 'ਤੇ ਦਸਤਕ ਦਿੰਦੇ ਹਨ ਜਾਂ ਮੌਤ ਗਲੇ ਲਗਾ ਲੈਂਦੇ ਹਨ।ਅੱਜ ਕੱਲ੍ਹ ਜ਼ਿਆਦਾਤਰ ਕੇਸ ਅੱਲੜ੍ਹ ਉਮਰ ਦੀਆਂ ਕੁੜੀਆਂ ਤੇ ਨਸ਼ੇੜੀ ਕਿਸਮ ਦੇ ਨੌਜੁਆਨਾਂ ਦੇ ਹੁੰਦੇ ਹਨ। ਇਹ ਸ਼ੋਸ਼ਲ ਮੀਡੀਆ ਦੇ ਦੂਰ ਪ੍ਰਭਾਵ ਦਾ ਨਤੀਜਾ ਮਾਤਰ ਹੈ। ਇਹ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਜੇਕਰ ਘਰ ਦੇ ਚਾਰ ਮੈਂਬਰ ਹਨ ਤਾਂ ਚਾਰਾਂ ਦੇ ਹੱਥ ਵਿੱਚ ਮੋਬਾਈਲ ਹੁੰਦੇ ਹਨ। ਸਾਰੇ ਆਪਣੇ ਆਪਣੇ ਐੱਪ ਖੋਲ੍ਹ ਕੇ ਠੂੰਗਾਂ ਮਾਰ ਰਹੇ ਹੁੰਦੇ ਹਨ। ਜਿਵੇਂ ਮੋਬਾਈਲ ਹੀ ਹੁਣ ਉਨ੍ਹਾਂ ਦੇ ਰਿਸ਼ਤੇਦਾਰ ਹੋਣ ਸਾਰਿਆਂ 'ਤੇ ਆਪੋ ਆਪਣੇ ਉਮਰ ਵਰਗ ਅਨੁਸਾਰ ਸਭ ਉੱਤੇ ਰੀਲਾਂ ਬਣਾਉਣ ਦਾ ਭੂਤ ਸਵਾਰ ਹੁੰਦਾ ਹੈ ਜੋ ਅਜਿਹੀਆਂ ਹਾਲਤਾਂ ਨੂੰ ਬਲ ਦਿੰਦਾ ਹੈ

ਅਜਿਹੇ ਹਾਲਾਤਾਂ ਦਾ ਟਾਕਰਾ ਕਰਨ ਲਈ ਮਾਪਿਆਂ ਨੂੰ ਨੌਜੁਆਨ ਬੱਚਿਆਂ ਦੀਆਂ ਲੋੜਾਂ, ਰੁਚੀਆਂ ਦਾ ਖਿਆਲ ਰੱਖਣ ਤੇ ਉਨ੍ਹਾਂ ਨਾਲ ਅਜਿਹੇ ਮੁੱਦਿਆਂ 'ਤੇ ਸਾਰਥਕ ਚਰਚਾ ਕਰਦੇ ਰਹਿਣ ਦੀ ਜਰੂਰਤ ਹੈ ਉਨ੍ਹਾਂ ਨੂੰ ਸ਼ੋਸ਼ਲ ਮੀਡੀਆ ਦੇ ਝੂਠ ਫਰੇਬ ਤੋਂ ਵੀ ਜਾਣੂੰ ਕਰਵਾਉਣ ਦੀ ਲੋੜ ਹੈ ਤੇ ਬੱਚਿਆਂ/ ਨੌਜੁਆਨਾਂ ਦੀ ਇਕੱਲਤਾ ਨੂੰ ਸਾਂਝ ਵਿੱਚ ਤਬਦੀਲ ਕਰਨ ਤੇ ਭਵਿੱਖ ਤੋਂ ਜਾਣੂ ਕਰਵਾਉਣ ਲਈ ਸਾਹਿਤਕ ਕਿਤਾਬਾਂ ਨਾਲ ਜੋੜਨਾ ਜਰੂਰੀ ਹੈ ਪੁਸਤਕ ਸਾਥ ਦੇ ਨਾਲ ਨਾਲ ਖੇਡਾਂ ਦੇ ਮੈਦਾਨ ਵੱਲ ਤੋਰਨਾ ਵੀ ਸਿਹਤਮੰਦ ਤੇ ਉਸਾਰੂ ਰੁਝਾਨ ਹੈ ਮੋਬਾਈਲ ਦੀ ਗ੍ਰਿਫਤ ਤੋਂ ਬੱਚਿਆਂ ਨੂੰ ਆਜ਼ਾਦ ਕਰਵਾਉਣਾ ਸਮੇਂ ਦੀ ਲੋੜ ਹੈ। ਸੋਸ਼ਲ ਮੀਡੀਆ ਦਾ ਦੂਰ ਪ੍ਰਭਾਵ ਰਾਹੋਂ ਕੁਰਾਹ ਕਰ ਰਿਹਾ ਹੈ। ਪਿਆਰ ਵਿਆਹ ਦੇ ਅਸੀਂ ਵਿਰੋਧੀ ਨਹੀਂ ਹਾਂ, ਪਰ ਇਸ ਦਾ ਆਧਾਰ-ਵਿਚਾਰ, ਯੋਗਤਾ, ਹਾਣ-ਪਰਵਾਨ ਆਦਿ ਹੋਣਾ ਚਾਹੀਦਾ। ਭਾਵੁਕਤਾ ਨਾਲ ਲਏ ਅਜਿਹੇ ਫੈਸਲੇ ਕਈ ਵਾਰ ਪੂਰੇ ਜੀਵਨ ਨੂੰ ਵੀ ਤਬਾਹ ਕਰ ਦਿੰਦੇ ਹਨ ਸਰੀਰਕ ਸੁਹੱਪਣ ਦੀ ਥਾਂ ਉਸਾਰੂ ਵਿਚਾਰਾਂ ਦੀ ਖੂਬਸੂਰਤੀ ਵੇਖੀ ਜਾਣੀ ਬਣਦੀ ਹੈ।

**98143-98762**

ਹੱਡ ਬੀਤੀ :

# ਕਚੀਲ ਕ੍ਰੋਪੀ

– ਅਵਨੀਤ ਕੌਰ

ਮੇਰੀ ਸਹੇਲੀ ਕਮਲ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਬਰਗਾੜੀ ਨੂੰ ਨਿਹਾਰਦੀ ਹੈ। ਕਾਲੀ, ਵਲ ਖਾਂਦੀ ਜਰਨੈਲੀ ਸੜਕ 'ਤੇ ਸਥਿਤ ਕ੍ਰਿਸ਼ਨ ਬਰਗਾੜੀ ਯਾਦਗਾਰੀ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਆਸਾਂ/ਸੁਪਨਿਆਂ ਦੇ ਪ੍ਰਵਾਹ ਨੂੰ ਜਗਾਉਂਦਾ ਹੈ ਕਮਲ ਗੁਜ਼ਰੇ ਵਕਤ ਦੀ ਗਾਥਾ ਛੋਂਹਦੀ ਹੈ। ਇਹੋ ਜਗ੍ਹਾ ਹੈ, ਜਿਸਨੇ ਔਕੜਾਂ ਵਿੱਚ ਵੀ ਮੈਨੂੰ ਸਫਲਤਾ ਦੇ ਰਾਹ ਤੁਰਨਾ ਸਿਖਾਇਆ। ਮਨ ਦੀ ਦਿਸ਼ਾ ਬਦਲੀ, ਹੌਸਲਾ ਤੇ ਸਬਕ ਦਿੱਤਾ। ਕੇਂਦਰ ਵਾਲੇ ਤਰਕਸ਼ੀਲ ਅੰਕਲ ਨਾ ਮਿਲਦੇ ਤਾਂ ਮੈਂ ਕਦੋਂ ਦੀ ਕਿਧਰੇ ਰੁਲ ਗਈ ਹੁੰਦੀ। ਦਸਵੀਂ ਵਿੱਚ ਪੜ੍ਹਦਿਆਂ ਮੈਂ ਕਲਾਸ ਦੀਆਂ ਹੁਸ਼ਿਆਰ ਵਿਦਿਆਰਥਣਾਂ ਵਿੱਚੋਂ ਇੱਕ ਸਾਂ। ਸਕੂਲ ਵਿੱਚ ਪੜ੍ਹਾਈ ਦਾ ਮਾਹੌਲ ਮੈਨੂੰ ਉਤਸ਼ਾਹਿਤ ਕਰਦਾ। ਮਨ ਵਿੱਚ ਪੜ੍ਹ ਲਿਖ ਕੇ ਕੁੱਝ ਬਣਨ ਦੀ ਰੀਝ ਸੀ। ਮੇਰੀ ਮਾਂ ਦਿਨ ਭਰ ਘਰ ਦੇ ਕੰਮ ਵਿੱਚ ਲੱਗੀ ਰਹਿੰਦੀ। ਆਖਦੀ, ਧੀਏ ਮਿਹਨਤ ਨਾਲ ਪੜ੍ਹਿਆ ਕਰ। ਆਪਣੀ ਜੂਨ ਸੁਧਾਰ ਲੈ। ਪਾਪਾ ਖੇਤ ਦੇ ਕੰਮਾਂ ਵਿੱਚ ਜੁਟੇ ਰਹਿੰਦੇ। ਘਰ ਵਿੱਚ ਮੇਰੀ ਭੂਆ ਵੀ ਰਹਿੰਦੀ ਸੀ। ਔਲਾਦ ਤੇ ਪਤੀ ਦੇ ਸੁਖ ਤੋਂ ਸੱਖਣੀ ਉਸ ਦੀ ਨਜ਼ਰ 'ਚ ਚੰਗੇ ਵਕਤ ਲਈ ਸੁੱਖਣਾਂ, ਟੂਣੇ ਬਹੁਤ ਕਾਰਗਾਰ ਸਨ ਉਹ ਆਂਢ ਗੁਆਂਢ ਦੀਆਂ ਵਹਿਮੀ ਔਰਤਾਂ ਨਾਲ ਚੇਲਿਆਂ, ਬਾਬਿਆਂ ਕੋਲ ਤੁਰੀ ਰਹਿੰਦੀ।

ਉਸਨੇ ਘਰ ਪਰਿਵਾਰ ਦੀ ਸੁਖ ਸ਼ਾਂਤੀ ਇੱਕ ਬਾਬੇ ਦਾ ਸਹਾਰਾ ਤੱਕਿਆ ਬਾਬਾ ਤਿੰਨ ਚਾਰ ਚੇਲੇ ਬਾਲਕਿਆਂ ਨਾਲ ਆਇਆ ਉਸ ਨੇ ਆਖਿਆ ਕਿ ਇਸ ਘਰ ਤੇ ਕਿਸੇ ਕਚੀਲ ਦੀ ਕ੍ਰੋਪੀ ਹੈ। ਇੱਕ ਬਾਬੇ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਇਹ ਕੁੜੀ ਹੀ ਕੁਲਿਹਣੀ ਹੈ। ਘਰ ਬਚਾਉਣਾ ਹੈ ਤਾਂ ਇਹਦੇ ਹੱਥ ਪੀਲੇ ਕਰਕੇ ਘਰੋਂ ਵਿਦਾ ਕਰ ਦਿਉ। ਨਹੀਂ ਤਾਂ ਉਮਰ ਭਰ ਪਛਤਾਉਂਦੇ ਰਹੋਗੇ। ਭੂਆ ਨੇ ਇਲਾਜ ਛੱਡ ਮੇਰੇ ਵਿਆਹ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ।

ਮੈਨੂੰ ਆਪਣਾ ਭਵਿੱਖ ਹਨੇਰਾ ਨਜ਼ਰ ਆਉਣ ਲੱਗਾ ਮਾਂ ਮੇਰੇ ਨਾਲ ਸੀ ਪਰ ਭੂਆ ਤੇ ਪਾਪਾ ਜੀ ਕਰਕੇ ਉਹ ਚੁੱਪ ਰਹੀ। ਅਜਿਹਾ ਵੇਖ ਸੁਣ ਮੈਂ ਸੁਧ ਬੁਧ ਗੁਆ ਬੈਠੀ ਆਖਰ ਕਿਸੇ ਭਲੇ ਪੁਰਸ਼ ਨੇ ਮੇਰੇ ਪਾਪਾ ਨੂੰ ਇਸ ਮਸ਼ਵਰਾ ਕੇਂਦਰ ਦੀ ਦੱਸ ਪਾਈ ਇਨ੍ਹਾਂ ਪਹਿਲਾਂ ਮੇਰੇ ਮਾਤਾ ਪਿਤਾ ਤੋਂ ਸਾਰੀ ਕਥਾ ਜਾਣੀ। ਫਿਰ ਮੈਨੂੰ ਕੋਲ ਬਿਠਾ ਆਪਣੇ ਧੀ ਪੁੱਤ ਵਾਂਗ ਵਿਵਹਾਰ ਕੀਤਾ। ਮੇਰੀ ਉਦਾਸੀ ਦਾ ਰਾਜ਼ ਜਾਣਿਆ ਮਨ ਦੇ ਡਰ ਤੇ ਸਹਿਮ ਵਾਲੇ ਕਾਰਨ ਤਲਾਸ਼ ਕੀਤੇ। ਨਿੱਕੀਆਂ ਤੇ ਭਾਵਪੂਰਤ ਗੱਲਾਂ ਨਾਲ ਮੈਨੂੰ ਪ੍ਰੇਰਿਆ, ਸਮਝਾਇਆ। ਮਨ ਦੇ ਅੰਬਰ 'ਤੇ ਪਈਆਂ ਡਰ ਦੀਆਂ ਪਰਤਾਂ ਹਟਾਈਆਂ ਸੰਮੋਹਨ ਨਾਲ ਮਨ ਮਸਤਕ ਵਿੱਚ ਆਸਾਂ ਦੀ ਉਡਾਣ ਭਰੀ ਪੜ੍ਹਨ, ਸਿੱਖਣ ਲਈ ਤਰਕਸ਼ੀਲ ਪੁਸਤਕਾਂ ਮੇਰੇ ਹੱਥ ਫੜਾਈਆਂ। ਘਰ ਵਾਪਸ ਪਰਤਦਿਆਂ ਹੀ ਮੇਰੀ ਉਦਾਸੀ ਖੁਸ਼ੀ ਵਿੱਚ ਤਬਦੀਲ ਹੋਣ ਲੱਗੀ।

ਉਨ੍ਹਾਂ ਅਗਲੀ ਫੇਰੀ 'ਤੇ ਭੂਆ ਨੂੰ ਕੇਂਦਰ 'ਤੇ ਬੁਲਾ ਉਸਦੇ ਸ਼ੰਕੇ ਦੂਰ ਕੀਤੇ। ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਅਨੁਸਾਰ ਮੇਰੇ ਪ੍ਰਤੀ ਪਰਿਵਾਰ ਦਾ ਬਦਲਿਆ ਵਤੀਰਾ ਸੁਖਦ ਅਹਿਸਾਸ ਬਣ ਮਿਲਿਆ। ਫਿਰ ਪਰਿਵਾਰ ਤੋਂ ਪੜ੍ਹਨ ਲਈ ਹਰ ਸਹੂਲਤ/ ਸਹਿਯੋਗ ਮਿਲਿਆ। ਮਸ਼ਵਰਾ ਕੇਂਦਰ ਸਾਡੇ ਪਰਿਵਾਰ ਲਈ ਕਚੀਲ ਕ੍ਰੋਪੀ ਦਾ ਸੱਚ ਜਾਨਣ ਦਾ ਜ਼ਰੀਆ ਬਣਿਆ ਜਿਸਨੇ ਮੇਰੇ ਸੁਪਨਿਆਂ ਨੂੰ ਪਰ ਲਗਾਏ। ਮੈਨੂੰ ਰਾਜਧਾਨੀ ਦੇ ਚੋਟੀ ਦੇ ਕਾਲਿਜ ਤੱਕ ਪੁੱਜਦਾ ਕੀਤਾ ਜਿਹੜਾ ਮੇਰੀ ਮੰਜ਼ਿਲ ਵੱਲ ਜਾਂਦਾ ਰੌਸ਼ਨ ਰਾਹ ਹੈ।

'ਚਮਤਕਾਰ' ਦਾ ਰਹੱਸ

# ਰਾਜਸਥਾਨ ਵਿਚਲੇ ਇੱਕ ਪਿੰਡ ਦੇ ਲੱਗ ਰਹੇ ਬੋਰ 'ਚੋਂ ਆਪ ਮੁਹਾਰੇ ਪਾਣੀ ਨਿਕਲਣ ਦੇ ਰਹੱਸ ਦੀ ਵਿਗਿਆਨਕ ਵਿਆਖਿਆ



ਅਜਾਇਬ ਜਲਾਲਆਣਾ

ਰਾਜਸਥਾਨ ਵਿੱਚ ਜੈਸਲਮੇਰ ਜ਼ਿਲ੍ਹੇ ਦੇ ਇੱਕ ਪਿੰਡ ਹਾਲ ਹੀ ਵਿੱਚ ਇੱਕ ਬੋਰਵੈਲ ਤੋਂ ਪਾਣੀ ਆਪਣੇ ਆਪ ਧਰਤੀ ਚੋਂ ਬਾਹਰ ਵਹਿਣ ਲੱਗਾ। ਇਸ ਘਟਨਾ ਨੂੰ ਕਈ ਲੋਕਾਂ ਨੇ 'ਚਮਤਕਾਰ' ਕਹਿ ਦਿੱਤਾ। ਕਿਸੇ ਨੇ ਇਸਨੂੰ ਸਰਸਵਤੀ ਨਦੀ ਪ੍ਰਚਾਰਕੇ ਦੈਵੀ ਸ਼ਕਤੀ ਦਾ ਪ੍ਰਤੀਕ ਬਣਾਉਣ ਦੀ ਕੋਸ਼ਿਸ਼ ਕੀਤੀ। ਪਰ ਇਸ ਨੂੰ ਵਿਗਿਆਨਕ ਨਜ਼ਰੀਏ ਨਾਲ ਸਮਝਣਾ ਬਹੁਤ ਜ਼ਰੂਰੀ ਹੈ।

**ਭੂ-ਵਿਗਿਆਨਕ ਪ੍ਰਕਿਰਿਆ**

ਆਰਟੇਸ਼ੀਅਨ ਖੂਹ (Artesian Well) ਉਹ ਖੂਹ ਹੁੰਦੇ ਹਨ ਜਿੱਥੇ ਪਾਣੀ ਆਪਣੇ ਆਪ ਜ਼ਮੀਨ ਦੇ ਅੰਦਰੋਂ ਉੱਪਰ ਵੱਲ ਨੂੰ ਵਹਿਣ ਲੱਗਦਾ ਹੈ. ਇਹ ਪ੍ਰਕਿਰਿਆ ਇਸ ਗੱਲ 'ਤੇ ਆਧਾਰਿਤ ਹੁੰਦੀ ਹੈ ਕਿ ਜ਼ਮੀਨ ਦੇ ਹੇਠਲੀ ਪਾਣੀ ਵਾਲੀ ਪਰਤ (Aquifer) ਵਿੱਚ ਪਾਣੀ ਉੱਚ ਦਬਾਅ 'ਤੇ ਫਸਿਆ ਪਿਆ ਹੁੰਦਾ ਹੈ।

**ਆਓ ਇਸ ਪ੍ਰਕਿਰਿਆ ਨੂੰ ਸਮਝਦੇ ਹਾਂ...**

**ਭੂ-ਸੰਰਚਨਾ :** ਜਦੋਂ ਪਾਣੀ ਵਾਲੀ ਪਰਤ ਦੇ ਉੱਪਰ ਅਤੇ ਹੇਠਾਂ ਅਣਭਿੱਜਣ ਪਰਤਾਂ (Impermeable Layers) ਹੁੰਦੀਆਂ ਹਨ ਤਾਂ ਇਹ ਪਾਣੀ ਨੂੰ ਇੱਕ ਬੰਦ ਸਿਸਟਮ ਵਿੱਚ ਫਸਾ ਲੈਂਦੀਆਂ ਹਨ

**ਦਬਾਅ ਦਾ ਕਾਰਨ :** ਜੇ ਜ਼ਮੀਨ ਦੇ ਕਿਸੇ ਹਿੱਸੇ ਵਿੱਚ ਟਿਪਾ (Fault) ਆ ਜਾਂਦਾ ਹੈ ਜਾਂ ਬੋਰਵੈੱਲ ਡ੍ਰਿਲ/ਸੁਰਾਖ ਕੀਤਾ ਜਾਂਦਾ ਹੈ ਤਾਂ ਦਬਾਅ ਕਾਰਨ ਹੇਠਲਾ ਪਾਣੀ ਉੱਪਰ ਵੱਲ ਨੂੰ ਵਹਿਣ ਲੱਗਦਾ ਹੈ। ਜਦੋਂ ਅਸੀਂ ਇਸ ਨੂੰ ਭੂ ਵਿਗਿਆਨਕ ਨਜ਼ਰੀਏ ਤੋਂ ਸਮਝਦੇ ਹਾਂ ਤਾਂ ਇਹ ਇੱਕ ਆਮ ਕੁਦਰਤੀ ਵਰਤਾਰਾ ਹੈ।




**ਉਦਾਹਰਨ :**

1 ਅਮਰੀਕਾ ਦੇ ਮਿਡਵੈਸਟ ਵਿੱਚ ਗ੍ਰੇਟ ਆਰਟੇਸ਼ੀਅਨ ਬੇਸਿਨ (Great Artesian Basin) ਇਸਦਾ ਇੱਕ ਵਿਸ਼ਾਲ ਉਦਾਹਰਨ ਹੈ ਜਿੱਥੇ ਸੈਂਕੜੇ ਆਰਟੇਸ਼ੀਅਨ ਖੂਹ ਮੌਜੂਦ ਹਨ

2. ਆਸਟਰੇਲੀਆ ਵਿੱਚ ਵੀ ਆਰਟੇਸ਼ੀਅਨ ਪਾਣੀ ਕਿਸਾਨਾਂ ਦੀਆਂ ਫ਼ਸਲਾਂ ਲਈ ਮੁੱਖ ਸਰੋਤ ਹਨ।

**ਪਾਣੀ ਦਾ ਦਬਾਅ : ਭੌਤਿਕ ਵਿਗਿਆਨ ਦਾ ਅਸੂਲ**

ਪਾਣੀ ਦੇ ਦਬਾਅ ਨਾਲ ਉੱਪਰ ਵਹਿਣ ਦੀ ਪ੍ਰਕਿਰਿਆ ਪਾਸਕਲ ਦੇ ਸਿਧਾਂਤ ਨਾਲ ਸੰਬੰਧਿਤ ਹੈ. ਇਹ ਕਹਿੰਦਾ ਹੈ ਕਿ ਬੰਦ ਸਿਸਟਮ ਵਿੱਚ ਪਾਣੀ ਉੱਚ ਦਬਾਅ ਵਿੱਚ ਹੋਣ 'ਤੇ ਘੱਟ ਦਬਾਅ ਵਾਲੇ ਸਥਾਨ ਵੱਲ ਨੂੰ ਵਹਿੰਦਾ ਹੈ।

**ਅਜਿਹੇ 'ਚਮਤਕਾਰ' ਦੇ ਦਾਅਵਿਆਂ ਦੀ ਤਰਕਸ਼ੀਲ ਪੜਤਾਲ**

**ਧਾਰਮਿਕ ਰੰਗਤ ਦਾ ਗਲਤ ਪ੍ਰਚਾਰ :**

ਕੁੱਝ ਲੋਕ ਇਸ ਘਟਨਾ ਨੂੰ ਸਰਸਵਤੀ ਨਦੀ ਦੀਆਂ ਪੁਰਾਣੀਆਂ ਮਿੱਥ ਦੰਦ ਕਥਾਵਾਂ ਨਾਲ ਜੋੜਣ ਦੀ ਕੋਸ਼ਿਸ਼ ਕਰਦੇ ਹਨ ਜਦ ਕਿ ਜਿਸਦਾ ਅਸਲੀ ਪ੍ਰਮਾਣ ਅਜੇ ਵੀ ਭੂ ਵਿਗਿਆਨਕ ਤਰੀਕੇ ਨਾਲ ਨਹੀਂ ਮਿਲਿਆ ਹੈ। ਇਸ ਤਰ੍ਹਾਂ ਇਹ ਵਿਗਿਆਨਕ ਨਜ਼ਰੀਏ ਤੋਂ ਬਿਲਕੁਲ ਗਲਤ ਹੈ। ਅਜਿਹੇ ਬਚਕਾਨੇ ਦਾਅਵਿਆਂ ਕਾਰਨ ਲੋਕਾਂ ਵਿੱਚ ਅੰਧਵਿਸ਼ਵਾਸ ਨੂੰ ਸ਼ਹਿ ਮਿਲਦੀ ਹੈ।

ਧਾਰਮਿਕ ਵਹਿਮ ਭਰਮ ਪੈਦਾ ਕਰਕੇ ਪੁਜਾਰੀ ਜਮਾਤ ਅਤੇ ਕੁੱਝ ਰਾਜਨੀਤਿਕ ਸ਼ਹਿ ਪ੍ਰਾਪਤ ਤਾਕਤਾਂ ਅਜਿਹੀਆਂ ਘਟਨਾਵਾਂ ਨੂੰ ਚਮਤਕਾਰ ਦੇ ਰੂਪ ਵਿਚ ਪੇਸ਼ ਕਰਕੇ ਅੰਧਵਿਸ਼ਵਾਸ ਫੈਲਾਉਣ ਦਾ ਅਕਸਰ ਕੰਮ ਕਰਦੀਆਂ ਰਹਿੰਦੀਆਂ ਹਨ

**ਵਿਗਿਆਨਕ ਸਬੂਤ :**

ਭਾਰਤੀ ਭੂ ਵਿਗਿਆਨਿਕ ਸਰਵੇਖਣ (Geological Survey of India) ਨੇ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਕੁਦਰਤੀ ਪ੍ਰਕਿਰਿਆ ਦੱਸਿਆ ਹੈ। ਇਸਦੀ ਸਪਸ਼ਟਤਾ ਲਈ ਭਾਰਤ ਵਿੱਚ ਕਈ ਹੋਰ ਖੂਹਾਂ ਦੇ ਅਧਿਐਨ ਵੀ ਕੀਤੇ ਗਏ ਹਨ।

ਬਾਕੀ ਸਫ਼ਾ 43 'ਤੇ

# ਬੋਲ ਸਦੀਵੀਂ

## ਜੰਗਲ ਦੀ ਚੀਕ



ਪਾਲ ਕੌਰ

ਸੜਕ ਦੀ ਚੀਕ ਤਾਂ ਸਭ ਨੇ ਸੁਣੀ ਸੀ
ਤੇ ਖੜਾ ਜਹਾਦ ਵੀ ਕੀਤਾ ਸੀ !
ਮਾਲਕੀ ਦੇ ਇਕ ਇਕ ਬੋਲ ਦਾ
ਬਰਾਬਰ ਹਿਸਾਬ ਵੀ ਕੀਤਾ ਸੀ !

ਪਰ ਇਹ ਜੰਗਲ ਦੀ ਚੀਕ ?
ਕੀ ਜੰਗਲ ਵਿੱਚ ਹੀ ਦਫਨ ਹੋ ਜਾਵੇਗੀ ?
ਮਹਾਨ 'ਭਾਰਤ' ਦੀ ਕਲਗੀ ਦੇ
ਨਾ ਕੁੱਝ ਖੰਭ ਹਿਲਾਵੇਗੀ ?

ਜੰਗਲ ਦੀ ਚੀਕ ਤਾਂ
ਮਾਲਕੀ ਦਾ ਹਰ ਘਿਨਾਉਣਾ ਚਿਹਰਾ ਹੈ !
ਬਿਰਛਾਂ ਤੋਂ ਬਣੀਆ ਕਰਸੀਆ ਦਾ
ਇੱਕ ਸਾਜਿਸ਼ੀ ਹਨੇਰਾ ਹੈ
ਲੁੱਟਾਂਗੇ, ਕੱਟਾਂਗੇ ਤੇ ਨਾਲੇ ਰਾਜ ਕਰਾਂਗੇ
ਜੇ ਚੂੰ ਕੀਤੀ ਤਾਂ ਤੁਹਾਡੇ ਸਿਰ 'ਤੇ
ਨਮਸ਼ੀ ਮੌਤ ਦਾ ਤਾਜ ਧਰਾਂਗੇ

ਤਮਾਸ਼ਾ ਨਹੀਂ ਹੈ ਜੰਗਲ ਦੀ ਚੀਕ
ਜੋ ਚਾਰ ਦਿਨ ਟੀ ਵੀ. 'ਤੇ ਜ਼ਗਮਗਾਵੇਗੀ !
ਇਹ ਚੀਕ ਹੈ ਮਜ਼ਲੂਮ
ਸਾਰੇ ਹਨੇਰੇ ਪਾੜ ਖਾਵੇਗੀ .
ਦਿਸੇ ਨਾ ਦਿਸੇ ਮਚਦਾ ਜਹਾਦ ਕੋਈ
ਇਹ ਚੀਕ ਹੈ ਐਨੀ ਗਹਿਰੀ ਕਿ
ਉੱਠੇਗੀ ਫੁਲਣਾਂ ਦੀ ਡਾਰ
ਇਨਾਂ ਮਾਲਕਾਂ ਦੇ ਫਿਰ ਸੱਥਰ ਵਿਛਾਵੇਗੀ
*****

## ਬਚਪਨ ਦੇ ਰੰਗ



ਇੰਦਰਜੀਤ ਨੰਦਨ

ਬੱਚੇ ਹਣ
ਮਾਸੂਮ ਨਹੀਂ ਰਹੇ
ਉਹ ਕੰਪਿਊਟਰ ਦੀ ਭਾਸ਼ਾ ਬਲਦੇ
ਉਮਰ ਪਹਿਲਾ
ਵੱਡ ਹੋ ਗਏ
*
ਮੈਂ ਆਪਣੇ
ਮਾਂ ਬਾਪ ਦੀਆਂ
ਕਈ ਗੱਲਾ 'ਚੋਂ
ਭੋਲਾਪਨ ਦੇਖ ਕੇ
ਉਨ੍ਹਾਂ ਦੇ ਬਚਪਨ ਬਾਰੇ
ਸਚਣ ਲੱਗ ਜਾਂਦੀ ਹਾਂ
*
ਕਈ ਥਾ ਬਚਪਨ
ਢੇਰਾਂ 'ਤੇ ਰੁਲਦਾ
ਤੰਦੂਰਾਂ ਚ ਭਖਦਾ
ਕਾਰਖਾਨਿਆਂ ਚ ਪਿਘਲਦਾ

ਕੀ ਅਸੀਂ ਕਦੇ ਵੀ
ਨਹੀਂ ਦੇ ਸਕਾਂਗੇ
ਉਨ੍ਹਾਂ ਦੀਆਂ ਅੱਖਾਂ ਨੂੰ
ਸਨਹਿਰ ਮਾਸੂਮ ਸਪਨੇ ?
*
ਨਿੱਕੀਆਂ ਨਿੱਕੀਆਂ ਮੰਗਾਂ
ਨਿੱਕੇ ਨਿੱਕੇ ਹਾਸੇ
ਨਿੱਕੀਆਂ ਨਿੱਕੀਆਂ ਖੁਸ਼ੀਆਂ
ਨਿੱਕੇ ਨਿੱਕੇ ਦਿਲਾਸ
ਤੁਰਦੇ ਤੁਰਦੇ ਜੇ ਡਿੱਗ ਪੈਣਾ
ਤਾਂ ਕੌਲੀ ਦਾ ਸਾਰਾ
ਆਟਾ ਹੀ ਡੁੱਲ੍ਹ ਜਾਣਾ
ਅੱਖਾਂ 'ਚੋਂ ਵਗਦੇ ਹੰਝੂਆਂ ਨੂੰ ਰੋਕ ਕੇ
ਕੌਲੀ ਨੂੰ ਲੱਭਣਾ
ਤੇ ਫਿਰ ਤੁਰ ਪੈਣਾ
ਸਾਰਾ ਕੁੱਝ ਜਿਵੇਂ
ਕੌਲੀ ਨਾਲ ਹੀ ਜੁੜਿਆ
ਬਚਪਨ ਉਹ ਸਾਡਾ
ਫਿਰ ਕਦੇ ਨਾ ਮੁੜਿਆ
*****

23 ਮਾਰਚ ਦੇ ਸ਼ਹੀਦ :

## ਸ਼ਹੀਦ ਰਾਜਗੁਰੂ



ਕਮਿਊਨਿਜ਼ਮ ਜਾਂ ਸਮਾਜਵਾਦ ਦਾ ਰਾਹ ਹੀ ਦੇਸ਼ ਦੇ ਭਵਿੱਖ ਦਾ ਰਾਹ ਹੈ। ਇਸ ਉੱਪਰ ਰਾਜਗੁਰੂ ਨੂੰ ਪੂਰਾ ਵਿਸ਼ਵਾਸ ਸੀ। ਇਸ ਦਾ ਮਤਲਬ ਇਹ ਨਹੀਂ ਸੀ ਕਿ ਉਸਨੇ ਸਮਾਜਵਾਦ ਦੇ ਸਿਧਾਂਤ ਨੂੰ ਸਮਝ ਲਿਆ ਸੀ। ਸਮਾਜਵਾਦ ਕੀ ਹੈ ? ਉਸਦੀ ਸਥਾਪਨਾ ਕਿੰਨ੍ਹਾਂ ਹੀਲਿਆਂ ਨਾਲ ਸੰਭਵ ਹੋ ਸਕਦੀ ਹੈ ? ਭਵਿੱਖ ਵਿੱਚ ਸਮਾਜਵਾਦੀ ਸਮਾਜ ਦੀ ਕੀ ਭੂਮਿਕਾ ਹੋਵੇਗੀ ? ਆਦਿ ਸਵਾਲਾਂ ਦੀ ਜਾਣਕਾਰੀ ਉਸ ਕੋਲ ਨਹੀਂ ਸੀ। ਉਹ ਸਿਰਫ ਏਨਾ ਜਾਣਦਾ ਸੀ ਕਿ ਪੂੰਜੀਵਾਦੀ ਸਮਾਜ ਵਿੱਚ ਮਿਹਨਤ ਕਰਨ ਵਾਲਿਆਂ ਦੀ ਕਮਾਈ ਕੁੱਝ ਥੋੜ੍ਹੇ ਜਿੰਨੇ ਪੂੰਜੀਪਤੀਆਂ ਦੇ ਹੱਥਾਂ ਵਿੱਚ ਚਲੀ ਜਾਂਦੀ ਹੈ। ਇਸਦੇ ਉਲਟ ਸਮਾਜਵਾਦੀ ਸਮਾਜ ਵਿੱਚ ਨਾ ਕੋਈ ਅਮੀਰ ਹੋਵੇਗਾ ਤੇ ਨਾ ਹੀ ਕੋਈ ਗਰੀਬ। ਕੋਈ ਕਿਸੇ ਦੀ ਲੁੱਟ ਨਹੀਂ ਕਰ ਸਕੇਗਾ ਅਤੇ ਨਾ ਹੀ ਕੋਈ ਇੱਕ ਦੇਸ਼ ਦੂਸਰੇ ਨੂੰ ਗੁਲਾਮ ਬਣਾ ਕੇ ਰੱਖ ਸਕੇਗਾ। ਮਾਰਕਸਵਾਦ ਜਾਂ ਕਮਿਊਨਿਜ਼ਮ ਦੀ ਸਿਧਾਂਤਕ ਜਾਣਕਾਰੀ ਨਾ ਹੁੰਦੇ ਹੋਇਆਂ ਵੀ, ਜਿਸਨੇ ਆਪਣੀ ਜ਼ਿੰਦਗੀ ਦੇ ਵਿੱਚ ਗਰੀਬੀ ਦੇ ਦਿਨ ਵੇਖੇ, ਉਸ ਦੇ ਜੀਵਨ ਵਿੱਚ ਕਿੰਨਾ ਅਪਮਾਨ ਹੈ, ਕਿੰਨੀ ਕੜਵਾਹਟ ਤੇ ਪੈਰ ਪੈਰ 'ਤੇ ਕਿੰਨੀਆਂ ਠੋਕਰਾਂ ਹਨ, ਇਹ ਅਨੁਭਵ ਕੀਤਾ ਸੀ। ਉਸ ਵਿੱਚ ਸਮਾਜਵਾਦ ਪ੍ਰਤੀ ਗਹਿਰੀ ਪ੍ਰਤੀਬੱਧਤਾ ਪੈਦਾ ਕਰਨ ਲਈ ਉਪਰੋਕਤ ਵਿਸ਼ਵਾਸ ਹੀ ਕਾਫ਼ੀ ਹੈ। ਰਾਜਗੁਰੂ ਵੀ ਆਪਣੀ ਜ਼ਿੰਦਗੀ ਦੇ ਤਜਰਬਿਆਂ ਤੋਂ ਹੀ ਸਮਾਜਵਾਦ ਵੱਲ ਖਿੱਚਿਆ ਗਿਆ ਸੀ। ਅੱਗੇ ਚੱਲ ਕੇ ਇਸ ਨੇ ਗਹਿਰੀ ਪ੍ਰਤੀਬੱਧਤਾ ਤੇ ਵਿਸ਼ਵਾਸ ਦਾ ਰੂਪ ਲੈ ਲਿਆ ਸੀ।

ਜੇਲ੍ਹ ਦੀ ਕਾਲ ਕੋਠੜੀ ਵਿੱਚ ਆਪਣੇ ਇੱਕ ਸਾਥੀ ਨਾਲ ਗੱਲਬਾਤ ਕਰਦਿਆਂ ਸ਼ਹੀਦ ਰਾਜਗੁਰੂ ਦਾ ਕਥਨ ਆਪਣੇ ਆਸ਼ੇ ਪ੍ਰਤੀ ਬੁਲੰਦ ਇਰਾਦਿਆਂ ਦੀ ਸ਼ਾਹਦੀ ਭਰਦਾ ਹੈ।

ਮੈਂ ਜੋ ਕੁਝ ਵੀ ਕੀਤਾ ਹੈ, ਉਸ ਉੱਪਰ ਮੈਨੂੰ ਓਨਾ ਹੀ ਫ਼ਖ਼ਰ ਹੈ, ਜਿੰਨਾ ਕਿ ਤੁਹਾਨੂੰ ਸਾਰਿਆਂ ਨੂੰ। ਜੇਕਰ ਅਸੀਂ ਆਪਣੀ ਜ਼ਿੰਦਗੀ ਦੇ ਕੇ ਦੇਸ਼ ਦੇ ਕਰੋੜਾਂ ਮਰਦ ਔਰਤਾਂ ਨੂੰ ਆਜ਼ਾਦੀ ਰੂਪੀ ਸਵਰਗ ਦੇ ਬੂਹੇ ਖੋਲ੍ਹ ਕੇ ਉਸਦੀ ਖ਼ੂਬਸੂਰਤੀ ਦੀ ਝਲਕ ਵਿਖਾ ਸਕੀਏ ਤਾਂ ਬਾਕੀ ਦਾ ਕੰਮ ਉਹ ਖ਼ੁਦ ਪੂਰਾ ਕਰ ਲੈਣਗੇ। ਇਸ ਤਰ੍ਹਾਂ ਦੀ ਹੁਸੀਨ ਮੌਤ 'ਤੇ ਪਛਤਾਉਣ ਵਾਲੇ ਨੂੰ ਮੂਰਖ ਹੀ ਕਿਹਾ ਜਾਵੇਗਾ। ਇਨਕਲਾਬੀਆਂ ਲਈ ਇਹ ਤਾਂ ਇੱਕ ਮੂੰਹ ਮੰਗਿਆ ਵਰਦਾਨ ਹੈ। (ਸ਼ਹੀਦਾਂ ਦੇ ਅੰਗ ਸੰਗ 'ਚੋਂ)

## ਸ਼ਹੀਦ ਸੁਖਦੇਵ

ਨਿੱਜੀ ਤੌਰ 'ਤੇ ਉਸਨੂੰ ਸਭ ਤੋਂ ਵੱਧ ਮੋਹ ਭਗਤ ਸਿੰਘ ਨਾਲ ਸੀ। ਪਿਆਰ ਨਾਂ ਦੀ ਜੋ ਪੂੰਜੀ ਉਸ ਕੋਲ ਸੀ, ਉਹ ਸਾਰੀ ਦੀ ਸਾਰੀ ਉਸਨੇ ਭਗਤ ਸਿੰਘ ਨੂੰ ਹੀ ਸੌਂਪੀ ਸੀ। ਜਦੋਂ ਕਦੇ ਆਗਰੇ ਜਾਂ ਗਵਾਲੀਅਰ ਸੁਖਦੇਵ ਆ ਜਾਂਦਾ ਤਾਂ ਇਹ ਦੋਵੇਂ ਇੱਕ ਦੂਸਰੇ ਨਾਲ ਇੰਝ ਲਿਪਟ ਜਾਂਦੇ ਜਿਵੇਂ ਹੋਰ ਕੋਈ ਹੋਵੇ ਹੀ ਨਾ। ਇੱਕ ਕੋਨੇ ਵਿੱਚ ਬੈਠ ਕੇ ਗੱਲਾਂ ਕਰਨ ਵਿੱਚ ਉਹ ਰਾਤਾਂ ਗੁਜ਼ਾਰ ਦਿੰਦੇ।



ਦਲ ਦੀ ਕੇਂਦਰੀ ਕਮੇਟੀ ਦੀ ਜਿਸ ਮੀਟਿੰਗ ਵਿੱਚ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫੈਸਲਾ ਲਿਆ ਗਿਆ, ਸੁਖਦੇਵ ਉਸ ਵਿੱਚ ਹਾਜ਼ਰ ਨਹੀਂ ਸੀ। ਭਗਤ ਸਿੰਘ ਦਾ ਕਹਿਣਾ ਸੀ ਕਿ ਇਸ ਕੰਮ ਲਈ ਉਸ ਨੂੰ ਜ਼ਰੂਰ ਭੇਜਿਆ ਜਾਵੇ ਪ੍ਰੰਤੂ ਬਾਕੀ ਮੈਂਬਰਾਂ ਨੇ ਉਸ ਦੀ ਇਹ ਗੱਲ ਨਹੀਂ ਮੰਨੀ। ਉਸ ਵੇਲੇ ਸਾਂਡਰਸ ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੂੰ ਭਗਤ ਸਿੰਘ ਦੀ ਭਾਲ ਸੀ। ਉਸ ਦੇ ਫੜ੍ਹੇ ਜਾਣ ਦਾ ਮਤਲਬ ਸੀ – ਫਾਂਸੀ। ਕਮੇਟੀ ਨੇ ਭਗਤ ਸਿੰਘ ਦੀ ਗੱਲ ਨਾ ਮੰਨ ਕੇ ਦੋ ਹੋਰ ਸਾਥੀਆਂ ਨੂੰ ਭੇਜਣ ਦਾ ਫੈਸਲਾ ਕੀਤਾ। ਦੋ ਤਿੰਨ ਦਿਨ ਬਾਅਦ ਜਦ ਸੁਖਦੇਵ ਆਇਆ ਤਾਂ ਉਸਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਸਦਾ ਕਹਿਣਾ ਸੀ ਕਿ ਫੜ੍ਹੇ ਜਾਣ ਤੋਂ ਬਾਅਦ ਅਦਾਲਤ ਦੇ ਮੰਚ ਤੋਂ ਦਲ ਦੇ ਸਿਧਾਂਤ, ਆਦਰਸ਼, ਉਦੇਸ਼ ਤੇ ਬੰਬ ਧਮਾਕੇ ਦੇ ਰਾਜਨੀਤਕ ਮਹੱਤਵ ਨੂੰ ਚੰਗੀ ਤਰ੍ਹਾਂ ਭਗਤ ਸਿੰਘ ਹੀ ਰੱਖ ਸਕਦਾ ਹੈ। ਇਸ ਸਬੰਧ ਵਿੱਚ ਕੇਂਦਰੀ ਕਮੇਟੀ ਦੀ ਬੈਠਕ ਤੋਂ ਪਹਿਲਾਂ ਉਸ ਦੀ ਭਗਤ ਸਿੰਘ ਨਾਲ ਗੱਲ ਵੀ ਹੋ ਚੁੱਕੀ ਸੀ। ਉਸਨੇ ਭਗਤ ਸਿੰਘ ਉੱਪਰ ਜ਼ੋਰ ਪਾਇਆ ਸੀ ਕਿ ਇਹ ਕੰਮ ਖ਼ੁਦ ਕਰੇ।

ਭਗਤ ਸਿੰਘ ਦੇ ਜ਼ੋਰ ਪਾਉਣ 'ਤੇ ਕੇਂਦਰੀ ਕਮੇਟੀ ਦੀ ਮੀਟਿੰਗ ਫਿਰ ਤੋਂ ਬੁਲਾਈ ਗਈ। ਸੁਖਦੇਵ ਸਿਰਫ਼ ਬੈਠਾ ਰਿਹਾ ਪਰ ਬੋਲਿਆ ਇੱਕ ਸ਼ਬਦ ਵੀ ਨਹੀਂ। ਭਗਤ ਸਿੰਘ ਦੀ ਜ਼ਿੱਦ ਸਾਹਮਣੇ ਕਮੇਟੀ ਨੂੰ ਆਪਣਾ ਫੈਸਲਾ ਬਦਲਣਾ ਪਿਆ। ਸੁਖਦੇਵ ਉਸੇ ਸ਼ਾਮ ਬਿਨਾ ਕਿਸੇ ਨਾਲ ਗੱਲ ਕਰਿਆਂ ਲਾਹੌਰ ਚਲਿਆ ਗਿਆ। ਦੁਰਗਾ ਭਾਬੀ ਦੇ ਦੱਸਣ ਅਨੁਸਾਰ ਦੂਸਰੇ ਦਿਨ ਜਦ ਉਹ ਲਾਹੌਰ ਪਹੁੰਚਿਆ ਤਾਂ ਉਸਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਸ਼ਾਇਦ ਉਹ ਬਹੁਤ ਰੋਇਆ ਸੀ। ਪਰ ਉਸਨੇ ਦੂਸਰਿਆਂ ਸਾਹਮਣੇ ਨਾਂ ਤਾਂ ਕੋਈ ਕਮਜ਼ੋਰੀ ਵਿਖਾਈ ਤੇ ਨਾ ਹੀ ਕੋਈ ਹੰਝੂ ਵਹਾਇਆ। ਉਸਨੇ ਉਦੇਸ਼ ਦੀ ਪੂਰਤੀ ਖਾਤਰ ਆਪਣੇ ਸਭ ਤੋਂ ਪਿਆਰੇ ਦੋਸਤ ਦੀ ਬਾਜ਼ੀ ਲਗਾ ਦਿੱਤੀ।

**ਸ਼ਿਵ ਵਰਮਾ**

**(ਭਗਤ ਸਿੰਘ ਹੁਰਾਂ ਦਾ ਨੇੜਲਾ ਸਾਥੀ)**

## ਆਪਣਾ ਪਾਸ਼



ਖੇਤਾਂ ਦਾ ਪੁੱਤ ਪਾਸ਼ ਮਹਿਜ਼ ਪੰਜਾਬ ਜਾਂ ਦੇਸ਼ ਦੀ ਧਰਤੀ ਦਾ ਕਵੀ ਨਹੀਂ ਹੈ ਉਸ ਦੀ ਬੇਬਾਕ ਤੇ ਉੱਚ ਪਾਏ ਦੀ ਕਵਿਤਾ ਨੂੰ ਚਾਹੁਣ ਵਾਲੇ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਹਨ

ਇੱਕ ਪ੍ਰਸ਼ਾਸਨਿਕ ਅਧਿਕਾਰੀ ਆਪਣੀ ਟ੍ਰੇਨਿੰਗ ਦੌਰਾਨ ਗੁਜ਼ਰੇ ਪਲਾਂ ਨੂੰ ਯਾਦ ਕਰਦਿਆਂ ਦੱਸਦਾ ਹੈ ਕਿ ਸੰਸਾਰ ਦੀਆਂ 10 ਪ੍ਰਮੁੱਖ ਯੂਨੀਵਰਸਿਟੀਆਂ ਚੋਂ ਇੱਕ ਜਵਾਹਰ ਲਾਲ ਯੂਨੀਵਰਸਿਟੀ ਦਿੱਲੀ ਦੇ ਮੁੱਖ ਗੇਟ 'ਤੇ ਯੁੱਗ ਕਵੀ ਪਾਸ਼ ਦੀ ਲਿਖੀ ਕਵਿਤਾ ਹਰੇਕ ਪੰਜਾਬੀ ਪਿਆਰੇ ਲਈ ਮਾਣ ਮੱਤੀ ਗੱਲ ਹੈ। ਇਹ ਪੰਜਾਬੀ ਕਵਿਤਾ ਦੀ ਬੁਲੰਦੀ ਦਾ ਪ੍ਰਤੀਕ ਹੈ। ਰਾਜਧਾਨੀ ਦੇ ਉੱਘੇ ਚਿੰਤਕ ਪ੍ਰੋ. ਅਪੂਰਵਾਨੰਦ ਇਹ ਦੱਸਦਿਆਂ ਕਿ ਯੂਨੀਵਰਸਿਟੀ ਦੇ ਹਰ ਵਿਭਾਗ ਦੀਆਂ ਕੰਧਾਂ ਪਾਸ਼ ਦੀਆਂ ਕਵਿਤਾਵਾਂ ਦੀਆਂ ਟੂਕਾਂ ਨਾਲ ਭਰੀਆਂ ਪਈਆਂ ਹਨ, ਇਸ ਮਾਣ ਨੂੰ ਦੂਣਾ ਚੌਣਾ ਕਰਦੇ ਹਨ। ਉਹਨਾਂ ਅਨੁਸਾਰ ਪਾਸ਼ ਦਾ ਹਿੰਦੀ ਵਿੱਚ ਬਹੁਤ ਵੱਡਾ ਪਾਠਕ ਵਰਗ ਹੈ ਜਿਹੜਾ ਪਾਸ਼ ਨੂੰ ਆਪਣਾ ਕਵੀ ਸਮਝਦਾ ਹੈ। ਏਸ਼ੀਆ ਦੇ ਵੱਕਾਰੀ ਪੁਰਸਕਾਰ ਜੇਤੂ ਨਾਮਵਰ ਨਿਡਰ, ਬੇਬਾਕ ਪੱਤਰਕਾਰ ਰਵੀਸ਼ ਕੁਮਾਰ ਪਾਸ਼ ਨੂੰ ਆਪਣਾ ਪਸੰਦੀਦਾ ਕਵੀ ਮੰਨਦੇ ਹਨ। ਉਹ ਪਾਸ਼ ਦੀ 'ਸਭ ਤੋਂ ਖਤਰਨਾਕ' ਨਾਂ ਦੀ ਪ੍ਰਸਿੱਧ ਕਵਿਤਾ ਨੂੰ ਸੀ.ਬੀ.ਐੱਸ.ਈ. ਦੇ ਸਿਲੇਬਸ ਚੋਂ ਕੱਢੇ ਜਾਣ 'ਤੇ ਟਿੱਪਣੀ ਕਰਦੇ ਆਖਦੇ ਹਨ ਕਿ ਪਾਸ਼ ਦੀ ਕਵਿਤਾ ਤੋਂ ਸਰਕਾਰ ਨੂੰ ਇਸ ਲਈ ਡਰ ਲਗਦਾ ਹੈ ਕਿਉਂਕਿ ਉਹ ਜਗਾਉਂਦੀ ਹੈ, ਰਾਹ ਵਿਖਾਉਂਦੀ ਹੈ। ਪਾਸ਼ ਦੀ ਕਵਿਤਾ ਵਿੱਚ ਸੁਪਨੇ ਹਨ, ਪ੍ਰਵਾਜ਼ ਹੈ, ਉੱਠਣ ਲਈ ਪ੍ਰੇਰਨਾ ਹੈ ਤੇ ਜ਼ਿੰਦਗੀ/ਸਮਾਜ ਨੂੰ ਬਦਲਣ ਵਾਲੀ ਚੇਤਨਾ ਦਾ ਚਾਨਣ ਹੈ ਇਹੋ ਕਲਾ ਦਾ ਧਰਮ ਹੈ।

## ਸ਼ਬਦਾਂ ਦੀ ਦੌਲਤ

ਜੀਵਨ ਰਾਹ 'ਤੇ ਸ਼ਬਦਾਂ ਦੀ ਦੌਲਤ ਦੇ ਸੁਨਿਹਰੀ ਕਿਣਕਿਆਂ ਦੀ ਝਲਕ ਵੇਖਦਾ ਹਾਂ ਰਾਹ ਰੁਸ਼ਨਾਉਂਦੇ, ਪ੍ਰੇਰਦੇ ਤੇ ਜੀਵਨ ਦਾ ਸਬਕ ਬਣਦੇ। ਸੁਹਜ ਸਲੀਕੇ ਤੇ ਜੀਵਨ ਜਾਚ ਵਿੱਚ ਸਾਂਝ, ਸਨੇਹ ਦਾ ਰੰਗ ਭਰਦੇ

ਰਿਸ਼ਤਿਆਂ ਵਿੱਚ ਮੁਹੱਬਤ ਦੀ ਮਿਠਾਸ ਭਰਦੇ। ਮਨੁੱਖ ਦੀਆਂ ਆਸਾਂ ਦਾ ਬੂਰ ਬਣਦੇ। ਜ਼ਿੰਦਗੀ ਲਈ ਸਾਵੇਂ ਸੁਖਾਵੇਂ ਰਾਹ ਤਲਾਸ਼ਦੇ ਸਭਨਾਂ ਦੇ ਭਲੇ ਦੀ ਤੰਦ ਬੁਣਦੇ। ਲੋਕਾਈ ਨੂੰ ਆਜ਼ਾਦੀ, ਬਰਾਬਰੀ ਤੇ ਏਕਤਾ ਦੇ ਕਲਾਵੇ ਵਿੱਚ ਭਰਨਾ ਲੋਚਦੇ। ਧਰਮ, ਜਾਤ, ਰੰਗ, ਨਸਲ ਤੋਂ ਉੱਪਰ ਮਾਨਵਤਾ ਪੱਖੀ ਬੋਲਾਂ ਦੀ ਬੁਲੰਦ ਆਵਾਜ਼ ਬਣਦੇ।

## ਨਸ਼ਤਰਾਂ

ਸਾਰੀ ਉਮਰ ਖ਼ਜ਼ਾਨਾ ਜਿੰਨ੍ਹਾਂ ਚੱਟਿਆ
ਹੁਣ ਤਨਖਾਹੀਏ ਹੋ ਗਏ

*******

ਚਾਇਨਾ ਡੋਰ ਤੇ ਚਿੱਟਾ ਨੀਂ ਬੰਦ ਹੋਇਆ
ਜ਼ੁਬਾਨ ਬੰਦੀ ਕਰੋ ਲੋਕਾਂ ਦੀ

*******

ਅਸੀਂ ਲਾਸ਼ਾਂ ਵੀ ਛੁਪਾਉਣਾ ਜਾਣਦੇ
ਰਾਮ ਨਾਮ ਸੱਤ ਬੋਲ ਕੇ

******

ਵਿਸ਼ਵ ਗੁਰੂ ਨੇ ਲਗਾਈ ਡੁਬਕੀ
ਕਰਜ਼ੇ ਚ ਦੇਸ਼ ਡੁੱਬਿਆ

******



ਜਗਸੀਰ ਜੀਦਾ
(94173-33203)

ਮਿੰਨੀ ਕਹਾਣੀ

## ਸੇਵਾ

ਕੁਲਦੀਪ ਮਾਣੂੰਕੇ



ਸਰ, ਹਫ਼ਤੇ ਦੀ ਛੁੱਟੀ ਚਾਹੀਦੀ ਹੈ... ਪੁਸ਼ਪਿੰਦਰ ਮੈਡਮ ਨੇ ਅਰਜ਼ੀ ਪ੍ਰਿੰਸੀਪਲ ਵੱਲ ਵਧਾਉਂਦਿਆਂ ਕਿਹਾ "ਤੁਹਾਡੀ ਆਗਿਆ ਹੋਵੇ ਤਾਂ ਛੁੱਟੀ ਆਨ ਲਾਈਨ ਅਪਲਾਈ ਕਰ ਦਿਆਂ ਸਰ "

"ਕੀ ਗੱਲ ਹੋ ਗਈ ਮੈਡਮ, ਸੁੱਖ ਤਾਂ ਹੈ ?" ਪ੍ਰਿੰਸੀਪਲ ਨੇ ਅਰਜ਼ੀ 'ਤੇ ਸਰਸਰੀ ਨਜ਼ਰ ਮਾਰਦਿਆਂ ਪੁੱਛਿਆ .

"ਸਰ, ਡੇਰੇ ਜਾਣਾ ਸੇਵਾ ਲਈ ... ਹਰ ਸਾਲ ਹੀ ਜਾਈਦਾ" ..ਮੈਡਮ ਨੇ ਐਨਕ ਠੀਕ ਕਰਦਿਆਂ ਕਿਹਾ।

"ਮੈਡਮ, ਤੁਹਾਡੇ ਬੱਚੇ ਵਿਦੇਸ਼ ਗਏ ਹੋਣ ਕਾਰਨ ਸ਼ਾਇਦ ਤੁਹਾਨੂੰ ਇਨ੍ਹਾਂ ਦਿਨਾਂ ਦੀ ਅਹਿਮੀਅਤ ਭੁੱਲ ਗਈ ਹੈ..ਹੁਣ ਫਰਵਰੀ ਮਹੀਨਾ ਚੱਲ ਰਿਹਾ ...ਬੱਚਿਆਂ ਦੇ ਸਲਾਨਾ ਇਮਤਿਹਾਨ ਸਿਰ ਤੇ ਹਨ...ਪੇਪਰਾਂ ਦੀ ਤਿਆਰੀ ਕਰਵਾਓ ਜ਼ੋਰ ਸ਼ੋਰ ਨਾਲ ਇਸ ਤੋਂ ਵੱਡੀ ਸੇਵਾ ਭਲਾਂ ਹੋਰ ਕਿਹੜੀ ਹੋ ਸਕਦੀ ਹੈ ?" ਪ੍ਰਿੰਸੀਪਲ ਨੇ ਅਰਜ਼ੀ ਮੈਡਮ ਨੂੰ ਮੋੜਦਿਆਂ ਕਿਹਾ। "ਠੀਕ ਹੈ ਸਰ, ਮੇਰੇ ਤਾਂ ਇਹ ਖਿਆਲ ਵਿੱਚ ਹੀ ਨਹੀਂ ਸੀ " ਮੈਡਮ ਨੇ ਅਰਜ਼ੀ ਪਰਸ ਵਿੱਚ ਪਾਉਂਦਿਆਂ ਕਿਹਾ। ਸ਼ਾਇਦ ਪ੍ਰਿੰਸੀਪਲ ਦੇ ਬੋਲਾਂ ਨੇ ਮੈਡਮ ਨੂੰ ਅੰਦਰੋਂ ਝੰਜੋੜ ਦਿੱਤਾ ਸੀ।

98147 22408

ਬੁਲੰਦ ਇਰਾਦੇ ਵਾਲੀਆਂ ਔਰਤਾਂ-4



# ‘ਕਿੱਟੀ’ ਡਾਇਰੀ ਵਾਲੀ ਐਨੇ ਫਰਾਂਕ

- ਨਰਿੰਜਨ ਸਿੰਘ ਸਾਥੀ

ਇੱਕ ਆਦਮੀ... ਸੋਹਣੇ ਨੈਣ-ਨਕਸ਼, ਗੋਰਾ ਰੰਗ, ਲੰਮਾ ਕੱਦ, ਪਰ ਮੈਲੇ ਕੋਟ ਪੈਂਟ ਦਾ ਪਹਿਰਾਵਾ ਰੁਲ਼ਿਆ ਜਿਹਾ ਚਿਹਰਾ, ਹਜਾਮਤ ਮੰਗਦੇ ਉਲਝੇ ਉਲਝੇ ਵਾਲ...। ਉਦਾਸ ਪ੍ਰੇਸ਼ਾਨ ਲੋਕਾਂ ਦੀ ਇੱਕ ਭੀੜ ਦੇ ਨਾਲ, ਪੋਲੈਂਡ ਤਾਂ ਰੂਸ ਵੱਲ ਸਫ਼ਰ ਕਰਦਾ ਆ ਰਿਹਾ ਹੈ ਕਦੀ ਰੇਲ- ਗੱਡੀਆਂ ਵਿੱਚ ਤੇ ਕਦੀ ਟਰੱਕਾਂ ਵਿੱਚ। ਨਾ ਕੋਈ ਸਾਮਾਨ, ਨਾ ਅਸਬਾਬ, ਉੱਕਾ ਖਾਲੀ ਹੱਥ। ਕਿਸੇ ਨਾਲ ਬੋਲਦਾ ਨਹੀਂ, ਬੱਸ ਸੁਣਦਾ ਹੈ, ਬਿਟਰ ਬਿਟਰ ਤੱਕਦਾ ਹੈ, ਸੋਚਦਾ ਹੈ ਤੇ ਸੋਚੀ ਹੀ ਜਾਂਦਾ ਹੈ ਪੋਲੈਂਡ ਤਾਂ ਜਦ ਉਹ ਚੱਲਿਆ ਸੀ ਤਾਂ ਆਪਣੀ ਪਤਨੀ ਤੇ ਦੋ ਧੀਆਂ ਨੂੰ ਇੱਕ ਕੈਂਪ ਵਿੱਚ ਛੱਡ ਆਇਆ ਸੀ। ਰਾਹ ਵਿੱਚ ਉਸ ਨੂੰ ਕਿਸੇ ਨੇ ਦੱਸਿਆ, “ਤਰੀ ਪਤਨੀ ਮਰ ਗਈ ਹੈ ” ਚੁੱਪ ਚਾਪ ਬਿਟਰ ਬਿਟਰ ਦੇਖਦਿਆਂ ਉਸ ਨੇ ਇਹ ਖ਼ਬਰ ਸੁਣ ਲਈ ਤੇ ਬੱਸ! ਨਾ ਉਹ ਤ੍ਰਬਕਿਆ, ਨਾ ਰੋਇਆ। ਜਿਵੇਂ ਉਸ ਨੂੰ ਪਹਿਲਾਂ ਹੀ ਪਤਾ ਹੋਵੇ ਕਿ ਉਸ ਨੇ ਮਰ ਹੀ ਜਾਣਾ ਹੈ। ਤੇ ਉਹ ਮਰ ਗਈ!...ਉਸ ਦੀਆਂ ਦੋਵੇਂ ਲਾਡਲੀਆਂ ਧੀਆਂ ਕਿੱਥੇ ਹਨ? ਉਸ ਨੂੰ ਕੋਈ ਪਤਾ ਨਹੀਂ ਸੀ ਉਹ ਰੂਸ ਦੀ ਇੱਕ ਬੰਦਰਗਾਹ ‘ਉਡੈਸਾ’ ਪਹੁੰਚਿਆ ਤੇ ਜਹਾਜ਼ ਵਿੱਚ ਆਪਣੇ ਦੇਸ਼ ਹਾਲੈਂਡ ਨੂੰ ਚੱਲ ਪਿਆ ਜਿੰਨਾ ਪਾਣੀ ਜਹਾਜ਼ ਦੀ ਹਿੱਕ ਹੇਠਾਂ ਸੀ ਉੱਨਾ ਹੀ ਗ਼ਮ ਇਸ ਆਦਮੀ ਦੇ ਦਿਲ ਵਿੱਚ ਨੀਲੇ ਪਾਣੀਆਂ ਉੱਤੇ ਨੀਝ ਲਾਈ ਉਹ ਆਪਣੇ ਦੇਸ਼ ਹਾਲੈਂਡ ਨੂੰ ਪਰਤ ਰਿਹਾ ਸੀ



ਇਹ ਐਨੇ ਫਰਾਂਕ (ਅਨਾਫਰਾਂਕ ਜਾਂ ਅੱਨੇਲੀਸ) ਦਾ ਪਿਤਾ ਮਿਸਟਰ ਓਟੋ ਫਰਾਂਕ ਸੀ। ਦੂਜੀ ਵੱਡੀ ਜੰਗ ਸਮੇਂ ਅਗਸਤ, 1934 ਵਿੱਚ ਆਪਣੀ ਪਤਨੀ ਤੇ ਦੋ ਧੀਆਂ ਦੀ ਛੋਟੀ ਜਿਹੀ ਟੱਬਰੀ ਸਮੇਤ ਉਹਨੂੰ ਆਪਣਾ ਘਰ, ਆਪਣਾ ਸ਼ਹਿਰ ਤੇ ਆਪਣਾ ਦੇਸ਼ ਤਿਆਗਣਾ ਪਿਆ। ਹੁਣ ਜੰਗ ਖ਼ਤਮ ਹੋ ਗਈ ਸੀ। ਤੂਫ਼ਾਨ ਦੇ ਭੰਨ੍ਹੇ-ਤੋੜ੍ਹੇ, ਖੰਭ-ਖੁੱਥੇ ਪੰਛੀ ਆਪਣੇ ਆਲ੍ਹਣਿਆਂ ਨੂੰ ਪਰਤ ਰਹੇ ਸਨ। ਤਕਰੀਬਨ ਅੱਠਾਂ ਮਹੀਨਿਆਂ ਦੇ ਦੁਖਾਂਤ ਭਰੇ ਸਮੇਂ ਵਿੱਚ ਉਹ ਆਪਣਾ ਪਰਿਵਾਰ, ਆਪਣੀ ਸਾਰੀ ਦੁਨੀਆਂ ਗੁਆ ਕੇ, ਸੰਸਾਰ ਜਿੱਡੀ ਸੁੰਨ ਆਪਣੇ ਦਿਲ ਵਿੱਚ ਲੈ ਕੇ ਵਾਪਸ ਆਪਣੇ ਸ਼ਹਿਰ ਐਮ-ਸਟ੍ਰਡੱਮ ਪੁੱਜਾ ਉਸ ਦੀ ਛੋਟੀ ਧੀ ਐਨੇ ਦੀਆਂ ਦੋ ਸਹੇਲੀਆਂ ਮੀਪ ਤੇ ਐਲੀ ਉਸ ਨੂੰ ਇੱਕ ਦਿਨ ਮਿਲੀਆਂ। ਉਨ੍ਹਾਂ ਨੇ ਇੱਕ ਨੋਟ-ਬੁੱਕ ਉਸ ਨੂੰ ਦਿੱਤੀ। ਇਹ ਨੋਟ ਬੁੱਕ ਉਨ੍ਹਾਂ ਨੂੰ ਉਸ ਘਰ ਦੇ ਰੱਦੀ ਕਾਗਜ਼ਾਂ ਤੇ ਅਖਬਾਰਾਂ ਵਿੱਚੋਂ ਲੱਭੀ ਸੀ, ਜਿਸ ਵਿੱਚ ਐਨੇ ਹੋਰਾਂ ਦਾ ਪਰਿਵਾਰ ਜਰਮਨ ਸਿਪਾਹੀਆਂ ਤੋਂ ਡਰਦਾ ਦੋ ਸਾਲ ਲੁਕਿਆ ਰਿਹਾ ਸੀ। ਇਹ ਐਨੇ ਫਰਾਂਕ ਦੀ ਡਾਇਰੀ ਸੀ। ਉਹ ਮਹਾਨ ਡਾਇਰੀ, ਜਿਸ ਨੇ ਐਨੇ ਨੂੰ ਦੁਨੀਆਂ ਵਿੱਚ ਅਮਰ ਬਣਾ ਦਿੱਤਾ ਹੈ.

ਤਕਰੀਬਨ ਤਿੰਨ ਸਾਲ ਮੌਤ ਦਾ ਭਿਆਨਕ ਪਰਛਾਵਾਂ ਮਿਸਟਰ ਓਟੋ ਫਰਾਂਕ ਦੇ ਪਰਿਵਾਰ ਦੇ ਮਗਰ-ਮਗਰ ਦੌੜਦਾ ਰਿਹਾ ਤੇ ਅੰਤ ਉਹ ਉਸ ਦੀ ਪਤਨੀ ਉੱਤੇ ਪੂਰਨ ਤੌਰ ’ਤੇ ਛਾ ਗਿਆ ਆਪਣੀ ਪਿਆਰੀ ਛੋਟੀ ਧੀ ਐਨੇ ਦੇ ਬਾਲ ਹੱਥਾਂ ਦੀ ਲਿਖੀ ਹੋਈ ਡਾਇਰੀ ਉਸ ਦੇ ਹੱਥਾਂ ਵਿੱਚ ਸੀ, ਪਰ ਇਸ ਸਮੇਂ ਐਨੇ ਕਿੱਥੇ ਸੀ ? ਵੱਡੀ ਧੀ ਮਾਰਗਟ ਕਿੱਥੇ ਸੀ?. ਉਹ ਆਪਣੀਆਂ ਲਾਡਲੀਆਂ ਧੀਆਂ ਦੇ ਹਾਲ ਤੋਂ ਉੱਕਾ ਅਣਜਾਣ ਐਨੇ ਦੀ ਡਾਇਰੀ ਨੂੰ ਨੀਝ ਲਾ ਲਾ ਕੇ ਵੇਖ ਰਿਹਾ ਸੀ ਗੂੜ੍ਹੇ ਗ਼ਮ ਦੇ ਬੱਦਲ ਉਸ ਦੇ ਦਿਮਾਗ ਵਿੱਚ ਘੁਲ ਰਹੇ ਸਨ। ਪਿਆਰੀ ਪੁੱਤਰੀ ਐਨੇ ਦੀਆਂ ਯਾਦਾਂ ਟਟਹਣਿਆਂ ਵਾਂਗ, ਤੇ ਕਦੀ ਬਿਜਲੀ ਵਾਂਗ ਚਮਕ ਚਮਕ ਜਾਂਦੀਆਂ ਸਨ।

ਕਿੰਨਾ ਪਿਆਰਾ ਚਿਹਰਾ ਸੀ ਉਸ ਕੁੜੀ ਦਾ! ਕਿੰਨੀ ਸ਼ੋਖ ਤੇ ਚੰਚਲ ਸੀ ਉਹ. ਸੂਝ ਦੀਆਂ ਕਿਰਨਾਂ ਜਾਣੋਂ ਉਸ ਦੇ ਮੱਥੇ ’ਚੋਂ ਫੁਟਦੀਆਂ ਸਨ. ਜਦੋਂ ਪੜ੍ਹਨ ਬੈਠਦੀ ਤਾਂ ਬੇਹੱਦ ਸਿਆਣੀ ਲੱਗਦੀ ਸੀ। ਪਰ ਜਦੋਂ ਕਿਤੇ ਕਿਸੇ ਗੱਲੋਂ ਵਿਗੜ ਜਾਂਦੀ ਤਾਂ ਅੱਡੀਆਂ ਮਾਰ ਮਾਰ ਕੇ ਫਰਸ਼ ਹਿਲਾ ਦਿੰਦੀ, ਛੱਤ ਨੂੰ ਸਿਰ ’ਤੇ ਚੁੱਕ ਲੈਂਦੀ ਬੜੀ ਬਾਗ਼ੀ ਕੁੜੀ ਸੀ ਉਹ. . ਗੱਲੀਂ ਜੁਟਦੀ ਤਾਂ ਅਗਲੇ ਦੇ ਕੰਨੀਂ ਹੱਥ ਲੁਆ ਦਿੰਦੀ ਸਕੂਲ ਜਾ ਕੇ ਕਲਾਸ ਵਿੱਚ ਵੀ ਉਸ ਤੋਂ ਗੱਲਾਂ ਕਰਨੋਂ ਨਾ ਰਿਹਾ ਜਾਂਦਾ ਇਕ ਬੁੱਢਾ ਮਾਸਟਰ ਐਨੇ ਦੀ ਇਸ ਆਦਤ ਤੋਂ ਬੜਾ ਤੰਗ ਸੀ। ਇੱਕ ਦਿਨ ਉਸ ਨੇ ਐਨੇ ਨੂੰ ਕਿਹਾ “ਤੂੰ

ਹਰ ਵੇਲੇ ਚਿੜ-ਚਿੜ ਲਾਈ ਰੱਖਦੀ ਏਂ ਸਜ਼ਾ ਦੇ ਤੌਰ 'ਤੇ ਕੱਲ੍ਹ ਨੂੰ ਇੱਕ ਲੇਖ ਲਿਖ ਕੇ ਲਿਆਵੀਂ : ਚੈਟਰ ਬਾਕਸ" (ਭਾਵ ਗਾਲੜ ਕੁੜੀ)? ਆਖ਼ਰ ਉਸ ਨੇ ਸੋਚ-ਸੋਚ ਕੇ ਇਸ ਤਰ੍ਹਾਂ ਦੀਆਂ ਗੱਲਾਂ ਲਿਖੀਆਂ, " .. ਗੱਲਾਂ ਕਰਨਾ ਮਨੁੱਖਾਂ ਦਾ ਵਿਸ਼ੇਸ਼ ਸੁਭਾਅ ਹੈ ਮੈਂ ਇਸ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਾਂਗੀ ਪਰ ਇਸ ਆਦਤ ਦਾ ਪੂਰਨ ਇਲਾਜ ਮੁਸ਼ਕਿਲ ਹੈ, ਕਿਉਂਕਿ ਮੇਰੀ ਮਾਂ ਵੀ ਬਹੁਤ ਗੱਲਾਂ ਕਰਦੀ ਹੈ, ਸਗੋਂ ਮੇਰੇ ਨਾਲੋਂ ਵੀ ਵੱਧ ਜਮਾਂਦਰੂ ਆਦਤਾਂ ਦਾ ਕੋਈ ਕੀ ਕਰੇ!" ਮਾਸਟਰ ਐਨੇ ਦੀਆਂ ਦਲੀਲਾਂ ਉੱਤੇ ਬੜਾ ਹੱਸਿਆ। ਕਹਿਣ ਲੱਗਾ, "ਅੱਛਾ? ਇਸ ਆਦਤ ਦਾ ਕੋਈ ਇਲਾਜ ਨਹੀਂ?.. ਤਾਂ ਫੇਰ ਤੂੰ ਨਾ-ਇਲਾਜ ਗਾਲੜ ਉੱਤੇ ਲੇਖ ਲਿਖੀਂ।" ਐਨੇ ਨੇ ਇਹ ਵੀ ਲਿਖ ਦਿੱਤਾ ਪਰ ਉਸ ਦਾ ਗੱਲਾਂ ਕਰਨ ਦਾ ਸ਼ੌਕ ਮੱਠਾ ਨਾ ਪਿਆ ਤੀਜੀ ਵਾਰੀ ਮਾਸਟਰ ਨੇ ਕਿਹਾ, "ਐਨੇ ਬਹੁਤੀਆਂ ਗੱਲਾਂ ਕਰਨ ਦੀ ਸਜ਼ਾ ਵਜੋਂ ਇਹ ਲੇਖ ਲਿਖੇਗੀ : ਕਐ, ਕ਼ਐ, ਕ਼ਐ, ਬਲਦੀ ਬੀਬੀ ਬਤਕੋ " ਲੇਖ ਦਾ ਨਾਂ ਸੁਣ ਕੇ ਸਾਰੀ ਜਮਾਤ ਖਿੜ ਖਿੜ ਹੱਸ ਪਈ ਐਨੇ ਸੋਚਣ ਲੱਗੀ, "ਹੁਣ ਕੀ ਲਿਖਾਂਗੀ?" ਉਸ ਦੀ ਇੱਕ ਸਹੇਲੀ, ਸੈਨੇ ਕਵਿਤਾਵਾਂ ਲਿਖਦੀ ਹੁੰਦੀ ਸੀ ਉਸ ਦੀ ਮਦਦ ਨਾਲ ਐਨੇ ਨੇ ਕਵਿਤਾ ਵਿੱਚ ਇੱਕ ਕਹਾਣੀ ਲਿਖ ਮਾਰੀ ਇੱਕ ਸੀ ਬੱਤਕ, ਇੱਕ ਸੀ ਬੱਤਕਾ ਉਨ੍ਹਾਂ ਦੇ ਤਿੰਨ ਬੱਚੇ ਸਨ। ਇੱਕ ਦਿਨ ਭੈੜੇ ਬੱਤਕੇ ਨੇ ਤਿੰਨੇ ਬੱਚੇ ਚੁੰਝਾਂ ਮਾਰ ਮਾਰ ਕੇ ਮਾਰ ਸੁੱਟੇ, ਕਿਉਂਕਿ ਉਹ ਕੈਂ, ਕੈਂ ਬਹੁਤ ਕਰਦੇ ਸਨ। ਮਾਸਟਰ ਇਸ ਕਵਿਤਾ ਨੂੰ ਪੜ੍ਹ ਕੇ ਹੈਰਾਨ ਵੀ ਹੋਇਆ, ਸ਼ਰਮਿੰਦਾ ਵੀ ਤੇ ਖੁਸ਼ ਵੀ। ਉਸ ਨੇ ਇਹ ਕਵਿਤਾ ਕਈ ਹੋਰ ਜਮਾਤਾਂ ਨੂੰ ਵੀ ਸੁਣਾਈ ਤੇ ਐਨੇ ਨੂੰ ਸਦਾ ਲਈ ਗੱਲਾਂ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ।

12 ਜੂਨ 1929 ਐਨੇ ਫਰਾਂਕ ਦੀ ਜਨਮ ਤਰੀਕ ਹੈ। ਉਦੋਂ ਉਸ ਦੇ ਮਾਤਾ ਪਿਤਾ ਜਰਮਨੀ ਦੇ ਇੱਕ ਸ਼ਹਿਰ ਫਰੈਂਕ ਫੋਰਟ ਆਨ ਮੇਨ ਵਿੱਚ ਰਹਿੰਦੇ ਸਨ। ਯਹੂਦੀਆਂ ਉੱਤੇ ਹਿਟਲਰ-ਸਰਕਾਰ ਦੀ ਕਹਿਰੀ ਨਜ਼ਰ ਦੇਖਕੇ ਇਹ ਫਰਾਂਕ-ਪਰਿਵਾਰ 1933 ਵਿੱਚ ਹਾਲੈਂਡ ਆ ਗਿਆ ਤੇ ਰਾਜਧਾਨੀ ਦੇ ਸ਼ਹਿਰ ਐਮ-ਸਟ੍ਰਡੱਮ ਵਿੱਚ ਰਹਿਣ ਲੱਗਾ। ਓਟੋ ਫਰਾਂਕ ਇੱਕ ਕੰਪਨੀ ਦਾ ਮੈਨੇਜਿੰਗ ਡਾਇਰੈਕਟਰ ਸੀ ਤੇ ਇੱਕ ਹੋਰ ਕੰਪਨੀ ਵਿੱਚ ਉਸ ਦਾ ਹਿੱਸਾ ਸੀ

ਐਨੇ ਚਹੁੰ ਸਾਲਾਂ ਦੀ ਹੋਈ ਤਾਂ ਪੜ੍ਹਨ ਲਈ ਮਾਂਟੇਸੁਰੀ ਕਿੰਡਰਗਾਰਟਨ ਵਿੱਚ ਜਾਣ ਲੱਗੀ। ਇਸ ਛੋਟੇ ਸਕੂਲ ਦੇ ਬਾਅਦ 1942 ਵਿੱਚ ਉਹ ਯਹੂਦੀ ਸੈਕੰਡਰੀ ਸਕੂਲ ਵਿੱਚ ਦਾਖ਼ਲ ਹੋ ਗਈ ਸਾਈਕਲ ਉੱਤੇ ਉਹ ਸਕੂਲ ਜਾਂਦੀ ਸੀ ਪੜ੍ਹਾਈ ਵਿੱਚ ਬੜੀ ਚੇਤੰਨ ਤੇ ਬੇਸ਼ੁਮਾਰ ਕੁੜੀਆਂ ਮੁੰਡੇ ਉਹਦੀਆਂ ਸਹੇਲੀਆਂ ਤੇ ਮਿੱਤਰ ਸਨ ਸਕੂਲੋਂ ਆ ਕੇ ਉਹ ਟੈਨਿਸ ਖੇਲ੍ਹਣ ਜਾਂਦੀ। ਖੇਲ੍ਹਣ ਪਿੱਛੋਂ ਮਿੱਤਰਾਂ, ਸਹੇਲੀਆਂ ਨਾਲ ਰਲ਼ ਕੇ, ਆਈਸ-ਕਰੀਮ ਖਾਣਾ, ਉਸ ਨੂੰ ਬੜਾ ਚੰਗਾ ਲੱਗਦਾ ਸੋਹਣਾ ਘਰ ਸੀ, ਅਮੀਰ ਮਾਪੇ ਸਨ, ਸਕੂਲ ਸੀ, ਖੁੱਲ੍ਹ ਸੀ, ਖੇਲ੍ਹ ਸੀ। ਚਾਰੇ ਪਾਸੇ ਬਹਾਰ ਹੀ ਬਹਾਰ ਸੀ। ਫੁੱਲਾਂ ਉੱਤੇ ਬੁਲਬੁਲ ਚਹਿਕ ਰਹੀ ਸੀ।

ਐਨੇ ਦੇ ਨਕਸ਼ ਬੜੇ ਸੋਹਣੇ ਤੇ ਪਿਆਰੇ ਸਨ ਉਹ ਆਪ ਵੀ ਜਾਣਦੀ ਸੀ ਕਿ ਮੈਂ ਇੱਕ ਸੋਹਣੀ ਕੁੜੀ ਹਾਂ। ਉਸ ਨੇ ਆਪਣੀ ਡਾਇਰੀ ਵਿੱਚ ਲਿਖਿਆ ਹੈ "ਸਾਰੇ ਮਾਸਟਰ ਮੇਰੇ ਤਿੱਖੇ ਜਵਾਬਾਂ, ਸੁਆਦਲੀਆਂ ਗੱਲਾਂ, ਮੁਸਕਰਾਉਂਦੇ ਚਿਹਰੇ ਤੇ ਸਦਾ ਕੁੱਝ ਪੁੱਛਦੀਆਂ ਅੱਖਾਂ ਦੇ ਕਾਰਨ ਪ੍ਰਸ਼ੰਨ ਰਹਿੰਦੇ ਹਨ। ਮੈਂ ਮਿਹਨਤੀ ਤੇ ਇਮਾਨਦਾਰ ਕੁੜੀ ਹਾਂ। ਖੁੱਲ੍ਹਾ-ਖਲਾਸਾ ਮੇਰਾ ਸੁਭਾਅ ਹੈ। ਨਕਲ ਕਰਨ ਬਾਰੇ ਮੈਂ ਕਦੀ ਸੋਚਿਆ ਵੀ ਨਹੀਂ। ਮਠਿਆਈ ਮੈਂ ਹੋਰਾਂ ਨਾਲ ਵੰਡ ਕੇ ਖਾਂਦੀ ਹਾਂ। " ਐਨੇ ਵਰਗੇ ਸੁਹਣੇ ਵਾਲ ਹਰੇਕ ਕੁੜੀ ਨੂੰ ਨਹੀਂ ਸਨ ਬਣਾਉਣੇ ਆਉਂਦੇ। ਕਈ ਕਹਿੰਦੀਆਂ, "ਪਤਾ ਨਹੀਂ ਕਿਵੇਂ ਇਹ ਐਕਟ੍ਰੈਸਾਂ ਵਰਗੇ ਵਾਲ਼ ਬਣਾ ਲੈਂਦੀ ਹੈ "

ਜੂਨ, 1942 ਵਿੱਚ ਐਨੇ ਦਾ ਤੇਰ੍ਹਵਾਂ ਜਨਮ ਦਿਨ ਆਇਆ ਬਹੁਤ ਸਾਰੀਆਂ ਸੁਗਾਤਾਂ ਆਈਆਂ ਉਨ੍ਹਾਂ ਵਿੱਚੋਂ ਸਭ ਤੋਂ ਵਧੀਆ ਸੀ ਇਕ ਨੋਟ-ਬੁੱਕ। ਐਨੇ ਨੇ ਇਸ ਨੂੰ ਆਪਣੀ ਡਾਇਰੀ ਬਣਾ ਲਿਆ ਤੇ ਉਸ ਦਾ ਬੜਾ ਸੋਹਣਾ ਨਾਂ ਰੱਖਿਆ ਕਿੱਟੀ। ਹਰ ਰੋਜ਼ ਜਾਂ ਦੂਏ ਤੀਏ, ਜਦੋਂ ਉਹਦਾ ਦਿਲ ਕਰਦਾ, ਉਹ ਉਸ ਵਿੱਚ ਨਿੱਤ ਦਾ ਹਾਲ, ਆਪਣੇ ਮਨ ਦੇ ਭੇਤ ਤੇ ਆਪਣੇ ਦਿਲ ਦੀਆਂ ਉਮੰਗਾਂ ਲਿਖਣ ਲੱਗ ਪਈ। ਹਰ ਦਿਨ ਦੀ ਡਾਇਰੀ ਉਹ ਇੱਕ ਚਿੱਠੀ ਵਾਂਗ ਇੰਝ ਸ਼ੁਰੂ ਕਰਦੀ,

'ਪਿਆਰੀ ਕਿੱਟੀ, ਅੱਜ " ਡਾਇਰੀ ਨੂੰ ਉਹ ਇੱਕ ਗੂੜ੍ਹੀ ਸਹੇਲੀ ਵਾਂਗ ਸਮਝਦੀ ਤੇ ਆਪਣੇ ਦਿਲ ਦੀਆਂ ਗੱਲਾਂ ਨਿਝੱਕ ਉਸ ਨੂੰ ਦੱਸ ਦਿੰਦੀ।

ਪਰ ਦਿਨ ਹੁਣ ਪਹਿਲਾਂ ਵਰਗੇ ਨਹੀਂ ਸੀ ਰਹੇ। ਦੂਜੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। 1940 ਦੀ ਦੂਜੀ ਅੱਧ ਵਿੱਚ ਹੀ ਹਾਲੈਂਡ ਵਿੱਚ ਜਰਮਨ ਫ਼ੌਜਾਂ ਆ ਧਮਕੀਆਂ ਸਨ। ਯਹੂਦੀ ਲੋਕਾਂ ਲਈ ਜਿਉਣਾ ਦਿਨੋ-ਦਿਨ ਔਖੇ ਤੋਂ ਔਖੇਰਾ ਹੁੰਦਾ ਜਾ ਰਿਹਾ ਸੀ। ਅਣਗਿਣਤ ਪਾਬੰਦੀਆਂ ਉਨ੍ਹਾਂ ਉੱਤੇ ਲਾ ਦਿੱਤੀਆਂ ਗਈਆਂ ਸਨ। ਇਹ ਹੁਕਮ ਸੀ ਕਿ ਯਹੂਦੀ, ਪਛਾਣ ਵਾਸਤੇ, ਪੀਲਾ ਤਗ਼ਮਾ ਲਾਉਣ, ਆਪਣੀਆਂ ਸਾਈਕਲਾਂ ਜਰਮਨਾਂ ਦੇ ਹਵਾਲੇ ਕਰ ਦੇਣ, ਯਹੂਦੀ ਬੱਚੇ ਯਹੂਦੀ ਸਕੂਲਾਂ ਵਿੱਚ ਹੀ ਜਾਣ, ਉਹ ਨੀਅਤ ਦੁਕਾਨਾਂ ਤੋਂ ਨੀਅਤ ਸਮੇਂ ਦੇ ਅੰਦਰ ਹੀ ਚੀਜ਼ਾਂ ਖ਼ਰੀਦਣ, ਅੱਠ ਵਜੇ ਤੋਂ ਬਾਅਦ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ, ਟ੍ਰੈਮਾਂ ਉੱਤੇ ਨਾ ਚੜ੍ਹਨ, ਇਸਾਈ ਘਰਾਂ ਵਿੱਚ ਨਾ ਜਾਣ। ਸਿਨਮੇ, ਥੀਏਟਰ, ਖੇਲ੍ਹ ਗਰਾਉਂਡ,

ਨਹਾਉਣ ਤੇ ਤੈਰਨ ਦੇ ਤਲਾਅ, ਸਭ ਥਾਵਾਂ ਉਨ੍ਹਾਂ ਲਈ ਵਰਜਿਤ ਸਨ।

ਇੱਕ ਦਿਨ ਐਨੇ ਨੇ ਡਾਇਰੀ ਵਿੱਚ ਲਿਖਿਆ, "ਪਿਆਰੀ ਕਿੱਟੀ, ਅੱਜ ਦਿਨ ਜਿਵੇਂ ਉਬਲ ਰਿਹਾ ਹੈ ਅਸੀਂ ਪਿਘਲਦੇ ਜਾ ਰਹੇ ਹਾਂ। ਅੱਜ ਇੰਨੀ ਗਰਮੀ ਵਿੱਚ ਮੈਨੂੰ ਹਰ ਪਾਸੇ ਤੁਰ ਕੇ ਜਾਣਾ ਪਿਆ ਅੱਜ ਮੈਨੂੰ ਪਤਾ ਲੱਗਾ ਹੈ ਕਿ ਟ੍ਰੈਮ ਕਿੰਨੀ ਸੁਖਦਾਇਕ ਚੀਜ਼ ਹੈ। ਪਰ ਉਸ ਦੀ ਸੁਆਰੀ ਸਾਨੂੰ ਯਹੂਦੀਆਂ ਨੂੰ ਮਨ੍ਹਾਂ ਹੈ। ਈਸਟਰ ਦੀਆਂ ਛੁੱਟੀਆਂ ਵਿੱਚ ਮੇਰਾ ਸਾਈਕਲ ਕਿਸੇ ਨੇ ਚੁੱਕ ਲਿਆ ਸੀ ਤੇ ਡੈਡੀ ਨੇ ਮੰਮੀ ਦਾ ਸਾਈਕਲ ਇੱਕ ਇਸਾਈ ਪਰਿਵਾਰ ਕੋਲ ਛੁਪਾ ਕੇ ਰੱਖਿਆ ਹੋਇਆ ਹੈ। ਸ਼ੁਕਰ ਹੈ, ਸਾਨੂੰ ਛੁੱਟੀਆਂ ਹੋਣ ਵਾਲੀਆਂ ਹਨ..." ਇੱਕ ਪਿਆਰੀ ਲਾਡੋ ਸਿਖਰ ਦੁਪਹਿਰ ਦੀਆਂ ਧੁੱਪਾਂ ਵਿੱਚ ਸੜਦੀ ਫਿਰ ਰਹੀ ਹੈ। ਕੱਲ੍ਹ ਦੀ ਲੰਕਾਂ ਦੀਆਂ ਭਰੀਆਂ ਟਰਾਮਾਂ ਲੰਘ ਰਹੀਆਂ ਹਨ ਪਰ ਉਨ੍ਹਾਂ ਵਿੱਚ ਚੜ੍ਹਨਾ ਇਸ ਕੁੜੀ ਲਈ ਵਰਜਿਤ ਹੈ। ਇਹ ਸੀ ਫਾਸਿਜ਼ਮ (ਫਾਸ਼ੀਵਾਦ) ਦਾ ਜੀਵਨ ਫੁੱਲਾਂ ਨਾਲ ਪਿਆਰ ਦਾ ਇੱਕ 'ਨਮੂਨਾ'।

ਪਰ ਯਹੂਦੀਆਂ ਲਈ ਤਾਂ ਇਸ ਨਾਲੋਂ ਵੀ ਭਿਆਨਕ ਦਿਨ ਆ ਰਹੇ ਸਨ। ਜਰਮਨਾਂ ਨੇ ਉਨ੍ਹਾਂ ਨੂੰ ਕੈਂਪਾਂ ਵਿੱਚ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿਪਾਹੀ ਉਸ ਨੂੰ ਸ਼ਿਕਾਰੀਆਂ ਵਾਂਗ ਲੱਭਦੇ ਫਿਰਦੇ ਕਈਆਂ ਨੂੰ ਉਹ ਗੋਲੀ ਮਾਰ ਦਿੰਦੇ। ਜੁਆਨ ਕੁੜੀਆਂ ਨੂੰ ਉਚੇਚਾ ਭਾਲਦੇ ਸਨ। ਐਨੇ ਆਪਣੀ ਵੱਡੀ ਭੈਣ ਮਾਰਗਟ ਦੀ ਬਹੁਤ ਚਿੰਤਾ ਕਰਦੀ ਸੀ। ਬਹੁਤ ਸਾਰੇ ਯਹੂਦੀ ਪਰਿਵਾਰ ਜਰਮਨ ਨਾਜ਼ੀਆਂ ਤੋਂ ਬਚਣ ਲਈ ਕਿਤੇ ਛੁਪ ਗਏ ਸਨ। ਐਨੇ ਦੇ ਪਿਤਾ ਓਟੋ ਫਰਾਂਕ ਨੇ ਵੀ ਲੁਕਣ ਦਾ ਪ੍ਰਬੰਧ ਕਰ ਲਿਆ। ਕੁੱਝ ਇਸਾਈ ਦੋਸਤਾਂ ਨੇ ਉਨ੍ਹਾਂ ਦੀ ਮਦਦ ਕੀਤੀ ਤੇ ਉਹ ਆਪਣੀ ਕੰਪਨੀ ਦੇ ਦਫ਼ਤਰ ਦੀ ਪੁਰਾਣੀ ਇਮਾਰਤ ਦੇ ਚੁਬਾਰਿਆਂ ਦੇ ਪਿਛਲੇ ਕਮਰਿਆਂ ਵਿੱਚ ਜਾ ਛੁਪੇ।

6 ਜੁਲਾਈ 1942 ਦੀ ਰਾਤ ਨੂੰ ਗੁਪਤਵਾਸ ਵਿੱਚ ਜਾਣ ਸਮੇਂ ਐਨੇ ਨੇ ਜਿਹੜੀ ਚੀਜ਼ ਸਭ ਤੋਂ ਪਹਿਲਾਂ ਸੰਭਾਲੀ ਉਹ ਉਸ ਦੀ ਪਿਆਰੀ ਸਹੇਲੀ ਕਿੱਟੀ (ਡਾਇਰੀ) ਸੀ, ਤੇ ਹੋਰ ਚੀਜ਼ਾਂ ਸਨ ਵਾਲ੍ਹਾਂ ਦੇ ਪਿਨ, ਕੰਘੀ, ਕਿਤਾਬਾਂ ਤੇ ਪੁਰਾਣੀਆਂ ਚਿੱਠੀਆਂ। ਅਗਲੇ ਦਿਨ ਐਨੇ ਨੇ ਕਿੱਟੀ ਨੂੰ ਲਿਖਿਆ, "... ਅਸੀਂ ਢੇਰਾਂ ਦੇ ਢੇਰ ਕੱਪੜੇ ਪਾ ਲਏ, ਜਿਵੇਂ ਕਿਤੇ ਉੱਤਰੀ ਧਰੁਵ ਨੂੰ ਜਾ ਰਹੇ ਸਾਂ, ਕੇਵਲ ਇਸ ਲਈ ਕਿ ਵੱਧ ਤੋਂ ਵੱਧ ਕੱਪੜੇ ਨਾਲ ਲਿਜਾ ਸਕੀਏ। ਮੈਂ ਦੋ ਬੁਨੈਣਾਂ, ਤਿੰਨ ਨਿੱਕਰਾਂ, ਇੱਕ ਫਰਾਕ, ਇੱਕ ਸਕੱਰਟ, ਜੈਕਟ, ਠੰਢਾ ਕੋਟ, ਦੋ ਜੁਰਾਬਾਂ, ਤਸਮਿਆਂ ਵਾਲੇ ਬੂਟ, ਊਨੀ ਟੋਪੀ, ਗਲ ਦੁਆਲੇ ਰੁਮਾਲ ਤੇ ਕਈ ਕੁੱਝ ਹੋਰ ਪਾਇਆ ਸੀ। ਤੁਰਨ ਤੋਂ ਪਹਿਲਾਂ ਮੇਰਾ ਸਾਹ ਵੀ ਘੁੱਟ ਰਿਹਾ ਸੀ, ਪਰ ਇਸ ਗੱਲ ਦੀ ਉਸ ਸਮੇਂ ਕੀਹਨੂੰ ਸੁਰਤ ਸੀ "

**ਗੁਪਤਵਾਸ** : ਚੌਵੀ ਘੰਟੇ, ਤੀਹ ਦਿਨ ਅੰਦਰੇ ਅੰਦਰ ਘੁਟ ਘੁਟ ਕੇ ਰਹਿਣਾ, ਬਾਹਰ ਨਾ ਨਿਕਲਣਾ, ਉੱਚੀ ਬੋਲ ਨਹੀਂ ਸਕਣਾ, ਖੰਘ ਨਹੀਂ ਸਕਣਾ, ਹੱਸ ਨਹੀਂ ਸਕਣਾ, ਰੋ ਨਹੀਂ ਸਕਣਾ, ਕਿਸੇ ਚੀਜ਼ ਦਾ ਖੜਕਾ ਨਹੀਂ ਕਰਨਾ, ਰੇਡੀਓ ਸੁਣਨਾ ਅਵਾਜ਼ ਬਹੁਤ ਘੱਟ ਕਰਕੇ, ਕੋਈ ਵੇਖ ਨਾ ਲਏ, ਕੋਈ ਸੁਣ ਨਾ ਲਏ, ਪੁਲੀਸ ਨੂੰ ਪਤਾ ਨਾ ਲੱਗ ਜਾਏ। ਦਰਵਾਜ਼ੇ ਉੱਤੇ ਖੜਕਾ : ਹਾਇ.... ਕਿਤੇ ਜਰਮਨ ਸਿਪਾਹੀ ਤਾਂ ਨਹੀਂ ਆ ਗਏ। ਹਰ ਸਮੇਂ ਭੈ, ਸੱਜੇ ਖੱਬੇ, ਹੇਠਾਂ ਉੱਪਰ ਮੌਤ ਦਾ ਪਰਛਾਵਾਂ ਐਨੇ ਕਹਿੰਦੀ ਹੈ, "... ਮੈਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਕਦੀ ਵੀ ਬਾਹਰ ਨਾ ਜਾ ਸਕਣਾ ਕਿੰਨੀ ਭਿਆਨਕ ਦਸ਼ਾ ਹੈ। ਮੈਂ ਡਰੀ ਰਹਿੰਦੀ ਹਾਂ ਕਿ ਇੱਕ ਦਿਨ ਅਸੀਂ ਫੜ੍ਹੇ ਜਾਵਾਂਗੇ ਤੇ ਸਾਨੂੰ ਗੋਲੀ ਮਾਰ ਦਿੱਤੀ ਜਾਵੇਗੀ।" ਪਰ ਐਨੇ ਇੰਨੀ ਡਰਪੋਕ ਕੁੜੀ ਵੀ ਨਹੀਂ ਕਹਿੰਦੀ ਹੈ, "ਮੈਂ ਇੱਥੇ ਰਹਿਣ ਨੂੰ ਇੰਨਾ ਬੁਰਾ ਵੀ ਨਹੀਂ ਕਹਿੰਦੀ। ਇੰਝ ਲੱਗਦਾ ਹੈ ਜਿਵੇਂ ਅਸੀਂ ਇਸ ਖਾਸ ਕਿਸਮ ਦੇ ਬੋਰਡਿੰਗ ਹਾਊਸ ਵਿੱਚ ਛੁੱਟੀਆਂ ਗੁਜ਼ਾਰ ਰਹੇ ਹਾਂ "

ਉਹ ਬਾਲੜੀ ਕੁੜੀ, ਜਿਹੜੀ ਹਰ ਰਾਤ ਜਹਾਜ਼ਾਂ ਦੀ ਸ਼ੂਕਰ ਤੇ ਗੰਨਾਂ ਦੀ ਡਰਾਉਣੀ ਅਵਾਜ਼ ਤੋਂ ਡਰਦੀ, ਕੰਬਦੀ ਆਪਣੇ ਡੈਡੀ ਨਾਲ ਲੱਗ ਕੇ ਸੌਂਦੀ ਹੈ, ਰਾਤ ਦੇ ਹਨੇਰੇ ਵਿੱਚ ਜੰਗ ਦੀਆਂ ਹੱਥਿਆਰਾਂ ਤੇ ਕਿਲਕਾਰੀਆਂ ਤੋਂ ਸਹਿਮੀ ਹੋਈ ਚੀਕਦੀ ਹੈ, "ਡੈਡੀ, ਮੋਮਬੱਤੀ ਜਗਾਓ, ਡੈਡੀ। ਮੋਮਬੱਤੀ ਜਗਾ ਦਿਓ।" ਉਹ ਨਹੀਂ ਜਗਾਉਂਦਾ ਤਾਂ ਮੰਮੀ ਆਪਣੀ ਧੀ ਲਈ ਚਾਨਣ ਕਰ ਦਿੰਦੀ ਹੈ। ਕਹਿੰਦੀ ਹੈ, "ਆਖਰ ਵਿਚਾਰੀ ਐਨੇ ਲੜਾਈਆਂ ਨਾਲ ਗਿੱਝਿਆ ਹੋਇਆ ਕੋਈ ਪੱਕਾ-ਪੁਰਾਣਾ ਫ਼ੌਜੀ ਤਾਂ ਨਹੀਂ।"

ਸਾਡੀ ਹੈਰਾਨੀ ਸੱਚੀ ਹੈ, ਪਰ ਐਨੇ ਦੀ ਯੋਗਤਾ ਵੀ ਨਕਲੀ ਨਹੀਂ। ਸਾਡੀ ਹੈਰਾਨੀ ਨੂੰ ਜਨਮ ਦੇਣ ਵਾਲਾ ਕਾਰਨ ਐਨੇ ਫਰਾਂਕ ਦਾ ਵਿਸ਼ਾਲ ਅਧਿਐਨ ਹੈ, ਜੋ ਉਸ ਦੀ ਉਮਰ ਦੇ ਬੱਚਿਆਂ ਤੇ ਖਾਸ ਕਰਕੇ ਸਾਡੇ ਦੇਸ਼ ਦੇ ਵਿਦਿਆਰਥੀਆਂ ਦਾ ਨਹੀਂ ਹੁੰਦਾ। ਉਸ ਨੂੰ ਕਿਤਾਬਾਂ ਪੜ੍ਹਨ ਦਾ ਬੇਹੱਦ ਸ਼ੌਂਕ ਹੈ ਇੱਕੋ ਸਮੇਂ ਉਹ ਦੋ ਦੋ, ਤਿੰਨ ਤਿੰਨ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੰਦੀ ਹੈ। ਤਿਤਲੀ ਜਿਵੇਂ ਫੁੱਲਾਂ ਦੀ ਪ੍ਰੇਮਣ ਹੁੰਦੀ ਹੈ, ਉਹ ਕਿਤਾਬਾਂ ਦੀ ਆਸ਼ਕ ਹੈ। ਡੱਚ, ਅੰਗਰੇਜ਼ੀ, ਫਰਾਂਸੀਸੀ ਤੇ ਯੂਨਾਨੀ ਬੋਲੀਆਂ ਉਹ ਸਿੱਖਦੀ ਤੇ ਪੜ੍ਹਦੀ ਹੈ। ਉਸ ਦਾ ਸਭ ਤੋਂ ਵੱਡਾ ਸ਼ੌਂਕ ਇਤਿਹਾਸ, ਅਤੇ ਰੋਮ ਤੇ ਯੂਨਾਨ ਦਾ ਮਿਥਿਹਾਸ ਹੈ। ਫਰਾਂਸੀਸੀ, ਜਰਮਨ, ਸਪੇਨੀ, ਅੰਗਰੇਜ਼ੀ, ਆਸਟਰੀ, ਰੂਸੀ, ਨਾਰਵੀ ਤੇ ਡੱਚ ਸ਼ਾਹੀ ਘਰਾਣਿਆਂ ਦੀਆਂ ਉਹ ਬੰਸਾਵਲੀਆਂ ਬਣਾ ਰਹੀ ਹੈ।

ਮੇਰੀ ਸਭ ਤੋਂ ਵੱਡੀ ਰੀਝ ਹੈ ਕਿ ਮੈਂ ਇੱਕ ਲੇਖਿਕਾ ਤੇ ਪੱਤਰਕਾਰ ਬਣਾਂ। ਜਦੋਂ ਲੜਾਈ ਮੁੱਕੇਗੀ ਤਾਂ ਸਭ ਤੋਂ ਪਹਿਲਾਂ, ਮੈਂ ਇਸੇ ਡਾਇਰੀ ਦੀ ਸਹਾਇਤਾ ਨਾਲ ਇੱਕ ਕਿਤਾਬ ਛਪਵਾਵਾਂਗੀ **'ਗੁਪਤਵਾਸ'** ਹੀ ਉਸ ਦਾ ਨਾਂ ਰੱਖ ਦਿਆਂਗੀ

ਆਪਣੇ ਅਕਾਸ਼-ਉੱਚੇ ਸੁਪਨਿਆਂ ਨੂੰ ਫੜਨ ਲਈ ਉਹ ਦਿਨ ਰਾਤ ਮਿਹਨਤ ਕਰਦੀ ਹੈ। ਜੰਗ ਹੋ ਰਹੀ ਹੈ। ਵਾਤਾਵਰਨ ਸਾਹ ਘੁੱਟਵਾਂ ਛੋਟਾ ਜਿਹਾ ਤੰਗ ਕਮਰਾ ਹੈ ਲਿਖਣ ਪੜ੍ਹਨ ਲਈ ਮੇਜ਼ ਵੀ ਛੋਟਾ ਹੈ (ਇੱਕ ਵਾਰੀ ਮੇਜ਼ ਬਾਰੇ ਉਸ ਦੀ ਡਾ. ਡਸਲ ਨਾਲ ਲੜਾਈ ਵੀ ਹੋ ਪੈਂਦੀ ਹੈ ) ਪਰ ਐਨੇ ਕਿਸੇ ਨਾ ਕਿਸੇ ਤਰ੍ਹਾਂ ਪੜ੍ਹਦੀ ਰਹਿੰਦੀ ਹੈ, ਲਿਖਦੀ ਰਹਿੰਦੀ ਹੈ, ਡਿਕਸ਼ਨਰੀਆਂ ਫਰੋਲ਼ਦੀ ਰਹਿੰਦੀ ਹੈ। ਇੱਕ ਦਿਨ ਉਸ ਕਿੱਟੀ ਨੂੰ ਲਿਖਿਆ, "ਤੈਨੂੰ ਦੱਸ ਨਹੀਂ ਸਕਦੀ ਕਿ ਮੈਨੂੰ ਕਿੰਨਾ ਸਖ਼ਤ ਰੁਝੇਵਾਂ ਹੈ। ਪੁਸਤਕ 'ਗੈਲੀਲੀਉ' ਕੱਲ੍ਹ ਤੱਕ ਜ਼ਰੂਰ ਖ਼ਤਮ ਕਰਨੀ ਹੈ ਇਸੇ ਕਿਤਾਬ ਦਾ ਦੂਜਾ ਭਾਗ ਤੇ 'ਫਲਸਤੀਨ ਚੌਰਾਹੇ 'ਤੇ' ਸ਼ੁਰੂ ਕਰਨੀਆਂ ਹਨ 'ਚਾਰਲਜ਼ ਪੰਜਵੇਂ' ਦੀ ਜੀਵਨੀ ਵਿੱਚੋਂ ਨਕਸ਼ੇ ਤੇ ਬੰਸ਼ਾਵਲੀਆਂ ਉਤਾਰਨੀਆਂ ਹਨ। ਵੱਖ-ਵੱਖ ਕਿਤਾਬਾਂ 'ਚੋਂ ਮੈਂ ਤਿੰਨ ਸਫ਼ੇ ਬਦੇਸ਼ੀ ਸ਼ਬਦ ਇਕੱਠੇ ਕੀਤੇ ਹਨ, ਉਨ੍ਹਾਂ ਨੂੰ ਲਿਖਣਾ, ਦੁਹਰਾਉਣਾ ਤੇ ਯਾਦ ਕਰਨਾ ਹੈ। ਐਕਟਰਾਂ ਦੀਆਂ ਤਸਵੀਰਾਂ ਐਲਬਮ ਵਿੱਚ ਲਾਉਣੀਆਂ ਹਨ। . ਸੋ 'ਪ੍ਰੋਫੈਸਰ' ਐਨੇ ਦੇ ਕਈ ਦਿਨ ਇਨ੍ਹਾਂ ਕੰਮਾਂ 'ਤੇ ਲੱਗ ਜਾਣਗੇ ਬਾਈਬਲ ਦੀਆਂ ਕਹਾਣੀਆਂ ਵੀ ਪੜ੍ਹਨੀਆਂ ਹਨ। ਸੋ ਕਿੱਟੀ! ਤੂੰ ਦੇਖਦੀ ਹੈਂ, ਮੈਂ ਕੰਮ ਨਾਲ ਤੂਸੀ ਪਈ ਹਾਂ। ਤੈਨੂੰ ਪਤਾ ਹੈ ਕਿ ਮੈਂ ਪੱਤਰਕਾਰ ਤੇ ਫੇਰ ਲੇਖਕ ਬਣਨਾ ਚਾਹੁੰਦੀ ਹਾਂ. . ਪਰ ਕਈ ਵਾਰੀ ਸਾਰੇ ਕੰਮ ਮੇਰੇ ਦਿਮਾਗ ਵਿੱਚ ਉਲਝ ਜਾਂਦੇ ਹਨ। ਐਸੀ ਯਾਦ-ਸ਼ਕਤੀ ਦਾ ਕੋਈ ਕੀ ਕਰੇ ਮੈਂ ਸੋਚਦੀ ਹਾਂ ਉਦੋਂ ਮੈਂ ਕਿੰਨਾ ਭੁੱਲਿਆ ਕਰਾਂਗੀ ਜਦੋਂ ਮੇਰੀ ਉਮਰ ਅੱਸੀਆਂ ਸਾਲਾਂ ਦੀ ਹੋ ਜਾਵੇਗੀ।"

ਦੰਗਾਕਾਰੀ ਮਨੁੱਖ ਨੇ ਸਾਰੇ ਸ਼ਹਿਰ ਨੂੰ ਜ਼ਖ਼ਮੀ ਕਰ ਦਿੱਤਾ ਹੈ, ਪਰ ਕੁਦਰਤ ਅਜੇ ਮਿਹਰਬਾਨ ਹੈ। ਬਾਹਰ ਸੂਰਜ ਚਮਕਦਾ ਹੈ, ਅਸਮਾਨ ਸੋਹਣਾ ਨੀਲਾ ਹੈ। ਸੋਹਣੀ ਹਵਾ ਚਲਦੀ ਹੈ, ਪਰ ਕਾਲ਼ੇ ਰੇਸ਼ਮ ਦੇ ਲੱਛਿਆਂ ਵਾਂਗ ਪਲਮਦੇ ਵਾਲ਼ਾਂ ਵਾਲੀ ਕੁੜੀ, ਕਲੀ ਵਾਂਗ ਸੁੰਦਰ ਮੁਸਕਰਾਉਂਦੇ ਚਿਹਰੇ ਵਾਲੀ ਐਨੇ, ਆਪਣੇ ਕਮਰੇ ਵਿੱਚ ਬੰਦ ਤਰਸਦੀ ਹੈ, ਅਜ਼ਾਦੀ ਲਈ, ਸਹੇਲੀਆਂ ਨੂੰ ਮਿਲਣ ਲਈ, ਗੱਲਾਂ ਕਰਨ ਲਈ, ਸਾਈਕਲ ਚਲਾਉਣ ਲਈ, ਸੀਟੀਆਂ ਮਾਰਨ ਲਈ, ਨੱਚਣ ਟੱਪਣ ਲਈ ਤੇ ਜੁਆਨ ਮਹਿਸੂਸ ਕਰਨ ਲਈ ਪਰ ਕੁੱਝ ਵੀ ਨਹੀਂ ਹੈ ਤੇ ਉਹ ਤੜਫਦੀ ਹੈ, ਇਕਾਂਤ ਲਈ, ਉੱਚੀ ਉੱਚੀ ਰੋ ਪੈਣ ਲਈ। ਬੇਚੈਨ . ਕਮਰੇ ਕਮਰੇ ਵਿੱਚ ਭੌਂਦੀ ਹੈ।

ਇੰਨੇ ਨਿਰਾਸ਼ ਚੁਗਿਰਦੇ ਵਿੱਚ ਵੀ ਐਨੇ ਦੇ ਦਿਲ ਵਿੱਚ ਸਾਹਸ ਤੇ ਆਸ਼ਾ ਦੀ ਲੋਅ ਜਗਦੀ ਹੈ। ਕਹਿੰਦੀ ਹੈ, "ਸੁੱਖ ਤੇ ਅਮੀਰੀ ਸਭ ਹਮੇਸ਼ਾਂ ਲਈ ਗੁਆਚ ਸਕਦੇ ਹਨ, ਪਰ ਤੁਹਾਡੇ ਦਿਲ ਅੰਦਰਲੀ ਖੁਸ਼ੀ ਕੁੱਝ ਚਿਰ ਲਈ ਕੇਵਲ ਪਰਛਾਈ ਹੀ ਜਾ ਸਕਦੀ ਹੈ...।"

"ਦੁੱਖ ਤਕਲੀਫ਼ ਸਮੇਂ, ਮੰਮੀ ਕਹਿੰਦੀ ਹੈ, ਆਪਣੇ ਤੋਂ ਵੱਧ ਦੁਖੀ ਲੋਕਾਂ ਬਾਰੇ ਸੋਚੋ ਤੇ ਸ਼ੁਕਰ ਕਰੋ ਕਿ ਤੁਸੀਂ ਘੱਟ ਦੁਖੀ ਹੋ ਮੈਨੂੰ ਇਹ ਗੱਲ ਸਹੀ ਨਹੀਂ ਜਾਪਦੀ। ਦੁਖੀ ਬਾਰੇ ਸੋਚ ਕੇ ਤਾਂ ਅਸੀਂ ਹੋਰ ਵੀ ਉਦਾਸ ਹੋ ਜਾਵਾਂਗੇ। ਕੋਈ ਬਿਪਤਾ ਵੀ ਬੰਦੇ ਵਿੱਚੋਂ ਸਾਰੀ ਖੁਸ਼ੀ ਤੇ ਸੁੰਦਰਤਾ ਨੂੰ ਨਹੀਂ ਮਾਰ ਸਕਦੀ। ਮੈਂ ਕਹਿੰਦੀ ਹਾਂ, ਮੁਸੀਬਤ ਸਮੇਂ ਸਾਨੂੰ ਇਸ ਬਚਦੀ ਖੁਸ਼ੀ ਤੇ ਸੁਹੱਪਣ ਬਾਰੇ ਸੋਚਣਾ ਚਾਹੀਦਾ ਹੈ। ਇਹ ਸਾਡੀ ਮਦਦ ਕਰ ਸਕਦਾ ਹੈ।"

"... ਜਿਸ ਕੋਲ ਸਾਹਸ ਤੇ ਵਿਸ਼ਵਾਸ ਹੈ, ਉਸ ਨੂੰ ਮੁਸੀਬਤਾਂ ਮਾਰ ਨਹੀਂ ਸਕਦੀਆਂ।"

ਇੰਨੇ ਚਿੰਤਾ-ਭਰੇ ਵਾਯੂਮੰਡਲ ਵਿੱਚ ਵੀ ਐਨੇ ਦਾ ਦਿਲ ਕਰਦਾ ਹੈ ਕਿ ਉਹ ਨੱਚੇ। ਦੱਸਦੀ ਹੈ "ਮੰਮੀ ਦਾ ਨੀਲਾ ਪੇਟੀਕੋਟ ਪਾੜ ਕੇ, ਡਾਂਸ ਲਈ, ਮੈਂ ਇੱਕ ਫਰਾਕ ਸੀਤੀ ਹੈ।"

ਐਨੇ ਨੇ ਆਪਣੇ ਸੋਹਣੇ ਦਿਲ ਦੇ ਸਾਰੇ ਰੰਗ, ਆਉਣ ਵਾਲ਼ੇ ਜੀਵਨ ਦੇ ਸੁਪਨਿਆਂ ਵਿੱਚ ਭਰ ਰੱਖੇ ਹਨ। ਉਹ ਜਿਊਣ ਦੇ ਚਾਅ ਨਾਲ ਨੱਕੋ ਨੱਕ ਭਰੀ ਹੋਈ ਹੈ। ਬੱਸ, ਇਕ ਜੰਗ ਹੈ, ਜੋ ਉਸ ਦੇ ਵਰਤਮਾਨ ਤੇ ਭਵਿੱਖਤ ਦੇ ਵਿਚਾਲੇ ਇੱਕ ਬਰਛੇ ਵਾਂਗ ਗੱਡੀ ਹੋਈ ਹੈ, ਉਹ ਇਸ ਦੇ ਖ਼ਤਮ ਹੋਣ ਨੂੰ ਉਡੀਕ ਰਹੀ ਹੈ ਜਦੋਂ ਕਦੀ ਲੜਾਈ ਮੁੱਕਣ ਦੀ ਆਸ ਬੱਝਦੀ ਹੈ ਤਾਂ ਉਹ ਕਹਿੰਦੀ ਹੈ : "ਸਤੰਬਰ ਜਾਂ ਅਕਤੂਬਰ (1944) ਵਿੱਚ ਮੈਂ ਸਕੂਲ ਜਾਇਆ ਕਰਾਂਗੀ, ਪਰ ਕਈ ਵਾਰੀ ਲੜਾਈ ਦਾ ਅੰਤ ਕਿਸੇ ਪਰੀ ਕਹਾਣੀ ਦੇ ਸੱਚ ਹੋਣ ਵਾਂਗ ਬਹੁਤ ਦੂਰ ਜਾਪਦਾ ਹੈ।"

"ਲੜਾਈ ਦਾ, ਜੰਗ ਦਾ, ਦੱਸੋ ਤਾਂ ਸਹੀ, ਲਾਭ ਕੀ ਹੈ ? ਕੀ ਲਾਭ ਹੈ ? ਦੱਸੋ " ਐਨੇ ਪੁੱਛਦੀ ਹੈ, "ਲੋਕ ਕਿਉਂ ਅਮਨ ਨਾਲ ਇਕੱਠੇ ਨਹੀਂ ਰਹਿ ਸਕਦੇ ? ਲੜਾਈ ਉੱਤੇ ਲੱਖਾਂ ਰੁਪਏ ਹਰ ਰੋਜ਼ ਕਿਉਂ ਬਰਬਾਦ ਕੀਤੇ ਜਾਂਦੇ ਹਨ ? ਦੁਨੀਆਂ ਦੇ ਇੱਕ ਦੂਜੇ ਭਾਗ ਵਿੱਚ ਵਾਧੂ ਅੰਨ ਗੁਦਾਮਾਂ ਵਿੱਚ ਪਿਆ ਸੜਦਾ ਹੈ " ਚੌਦ੍ਹਾਂ ਸਾਲਾਂ ਦੀ ਅੱਲ੍ਹੜ ਸੁੰਦਰ ਦਿਲ ਕੁੜੀ ਦੁਨੀਆਂ ਦੇ ਸਿਆਣਿਆਂ ਨੂੰ ਇਹ ਸੁਆਲ ਪੁੱਛਦੀ ਹੈ ਤੇ ਫੇਰ ਆਪ ਹੀ ਕਹਿੰਦੀ ਹੈ, ". . ਕੇਵਲ ਵੱਡੇ ਆਦਮੀ, ਸਿਆਸਤਦਾਨ ਤੇ ਸਰਮਾਏਦਾਰ ਹੀ ਲੜਾਈ ਲਈ ਦੋਸ਼ੀ ਨਹੀਂ ਹਨ ਆਮ ਆਦਮੀ ਵੀ ਇਸ ਵਿੱਚ ਦਿਲਚਸਪੀ ਲੈਂਦਾ ਹੈ, ਨਹੀਂ ਤਾਂ ਦੁਨੀਆਂ ਦੇ ਲੋਕ ਲੜਾਈ ਵਿਰੁੱਧ ਕਦੋਂ ਦੇ ਬਗ਼ਾਵਤ ਕਰ ਦਿੰਦੇ। ਲੋਕਾਂ ਦੇ ਸੁਭਾਅ ਵਿੱਚ ਬਰਬਾਦ ਤੇ ਕਤਲ ਕਰਨ ਦਾ ਝੱਲ ਅਜੇ

ਕਾਇਮ ਹੈ ਜਦੋਂ ਤੱਕ ਸਾਰੀ ਮਾਨਵ ਜਾਤੀ ਵਿੱਚ ਇੱਕ ਮਹਾਨ ਤਬਦੀਲੀ ਨਹੀਂ ਆ ਜਾਂਦੀ, ਲੜਾਈਆਂ ਹੁੰਦੀਆਂ ਰਹਿਣਗੀਆਂ।"

ਨਿਰਾਸ਼ਾਵਾਂ ਤੇ ਹਜ਼ਾਰਾਂ ਡਰ ਸਨ, ਪਰ ਉਹ ਆਪਣੇ ਕਲਪੇ ਹੋਏ ਭਵਿੱਖ ਦੇ ਉਤਸ਼ਾਹ ਨਾਲ ਭਰੀ, ਜੰਗ ਦੇ ਅੰਤ ਨੂੰ ਉਡੀਕਦੀ ਰਹੀ।

14 ਜੁਲਾਈ, 1944 ਨੂੰ ਐਨੇ ਨੇ ਲਿਖਿਆ, "ਥੋੜ੍ਹੇ ਚਿਰ ਤਾਈਂ ਅੱਤਿਆਚਾਰਾਂ ਦਾ ਅੰਤ ਹੋਣ ਵਾਲਾ ਹੈ। ਅਮਨ ਤੇ ਸ਼ਾਂਤੀ ਫੇਰ ਪਰਤ ਆਉਣਗੇ ... ਅਕਤੂਬਰ ਵਿੱਚ ਸਕੂਲ ਦੇ ਬੈਂਚਾਂ ਉੱਤੇ ਬੈਠਣ ਦੀ ਆਸ ਵਿੱਚ ਮੈਂ ਖ਼ੁਸ਼ੀ ਨਾਲ ਝੱਲੀ ਹੋ ਰਹੀ ਹਾਂ।" ਪਰ ਇਹ ਗੱਲਾਂ ਲਿਖਣ ਸਮੇਂ ਐਨੇ ਨਹੀਂ ਜਾਣਦੀ ਸੀ ਕਿ ਇਹ ਉਸ ਦੀ ਡਾਇਰੀ ਦਾ ਅਖ਼ੀਰਲਾ ਦਿਨ ਹੈ, ਕਿੱਟੀ ਨੂੰ ਉਸ ਦੀ ਇਹ ਅੰਤਮ ਚਿੱਠੀ ਹੈ

ਐਨੇ ਦੀ ਸਕੂਲ ਜਾਣ ਦੀ 'ਝੱਲੀ ਖ਼ੁਸ਼ੀ' ਨੂੰ ਜਨਮਿਆਂ ਅਜੇ ਮਸੀਂ ਵੀਹ ਦਿਨ ਹੀ ਹੋਏ ਸਨ ਕਿ ਚਾਰ ਅਗਸਤ ਨੂੰ 'ਗੁਪਤਵਾਸ' ਉੱਤੇ ਜਰਮਨ ਪੁਲੀਸ ਦਾ ਛਾਪਾ ਪੈ ਗਿਆ। 'ਗੁਪਤਵਾਸ' ਦੀ ਦੁਨੀਆ ਨਸ਼ਟ ਹੋ ਗਈ। ਸਾਰੇ ਗੁਪਤਵਾਸੀ ਫੜ੍ਹੇ ਗਏ ਤੇ ਉਨ੍ਹਾਂ ਨੂੰ ਵੈਸਟਰਬਰਕ ਦੇ ਕੈਂਪ ਵਿੱਚ ਪੁਚਾ ਦਿੱਤਾ ਗਿਆ। ਉੱਥੋਂ ਜਰਮਨ ਫ਼ੌਜੀ ਇਨ੍ਹਾਂ ਨੂੰ ਆਸਚ-ਵਿਟਜ਼ (ਪੋਲੈਂਡ) ਲੈ ਗਏ। ਇਸ ਕੈਂਪ ਵਿੱਚ ਆ ਕੇ ਫਰਾਂਕ ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਕੈਂਪਾਂ ਦੇ ਗੰਦੇ ਵਾਤਾਵਰਨ ਤੇ ਘਟੀਆ ਖ਼ੁਰਾਕ ਕਾਰਨ ਸਾਰੇ ਬਿਮਾਰ ਹੋ ਗਏ ਡੈਡੀ (ਓਟੋ ਫਰਾਂਕ) ਨੂੰ ਨਾਜ਼ੀ ਗੈਸ ਕਮਰੇ ਵਿੱਚ ਲਿਜਾ ਕੇ ਮਾਰਨ ਲੱਗੇ ਸਨ ਕਿ ਉਹ ਕਿਸੇ ਤਰ੍ਹਾਂ ਬਚ ਨਿਕਲਿਆ ਤੇ ਇੱਕ ਹੋਰ ਕੈਂਪ ਵਿੱਚ ਪਹੁੰਚ ਗਿਆ। ਐਨੇ ਦੀ ਮੰਮੀ ਉਸੇ ਕੈਂਪ ਵਿੱਚ ਬਿਮਾਰ ਹੋ ਕੇ 5 ਜਨਵਰੀ 1945 ਨੂੰ ਮਰ ਗਈ। 27 ਜਨਵਰੀ ਨੂੰ ਪੋਲੈਂਡ ਉੱਤੇ ਰੂਸੀ ਫ਼ੌਜਾਂ ਦਾ ਕਬਜ਼ਾ ਹੋ ਗਿਆ। ਰੂਸੀ ਬਹੁਤ ਸਾਰੇ ਯਹੂਦੀ ਕੈਦੀਆਂ ਨੂੰ ਰੂਸ ਲੈ ਆਏ। ਡੈਡੀ ਉਨ੍ਹਾਂ ਦੇ ਵਿੱਚ ਸੀ ਰੂਸ ਤੋਂ ਉਹ ਹਾਲੈਂਡ ਨੂੰ ਪਰਤ ਗਿਆ।

ਐਨੇ ਤੇ ਮਾਰਗਟ ਦੋਹਾਂ ਭੈਣਾਂ ਨਾਲ ਕੀ ਬੀਤੀ? ਨਾਜ਼ੀ ਦੋਹਾਂ ਕੁੜੀਆਂ ਨੂੰ ਜਰਮਨੀ ਵਿੱਚ ਬਰਗਨਬੈਲਸਨ ਲੈ ਗਏ। ਉੱਥੋਂ ਜਾ ਕੇ ਉਹ ਦੋਵੇਂ ਬਹੁਤ ਬਿਮਾਰ ਹੋ ਗਈਆਂ। ਮਾਰਗਟ ਇੰਨੀ ਕਮਜ਼ੋਰ ਹੋ ਗਈ ਇੱਕ ਦਿਨ ਉੱਠਣ ਲੱਗੀ ਫਰਸ਼ ਉੱਤੇ ਐਸੀ ਡਿੱਗੀ ਕਿ ਮੁੜ ਕੇ ਕਦੀ ਵੀ ਉੱਠ ਨਾ ਸਕੀ। ਭੈਣ ਦੀ ਮੌਤ ਨੇ ਐਨੇ ਦਾ ਰਹਿੰਦਾ ਖੂੰਹਦਾ ਸਾਹ ਸੱਤ ਵੀ ਖਿੱਚ ਲਿਆ ਸੈਂਕੜੇ ਮੁਸੀਬਤਾਂ ਨਾਲ ਖਿੜੇ ਮੱਥੇ ਜੂਝਣ ਪਿੱਛੋਂ ਐਨੇ ਦੀ ਨਿੱਕੀ ਜਿਹੀ ਜਿੰਦ ਇਹ ਸੱਟ ਨਾ ਸਹਿ ਸਕੀ ਥੋੜ੍ਹੇ ਦਿਨਾਂ ਬਾਅਦ ਹੀ ਰੀਝਾਂ ਉਮੰਗਾਂ ਦੀ ਭਰੀ, ਅੱਧ-ਖਿੜੀ ਕਲੀ ਐਨੇ ਜੰਗ ਦੀ ਜੁਆਲਾ ਦੀ ਭੇਂਟ ਹੋ ਗਈ

ਜਿਨ੍ਹਾਂ ਦਿਨਾਂ ਵਿੱਚ ਐਨੇ ਸਕੂਲ ਦੇ ਬੈਂਚਾਂ ਉੱਤੇ ਬੈਠਣ ਦੀਆਂ ਆਸਾਂ ਲਾਈ ਬੈਠੀ ਸੀ ਉਨ੍ਹਾਂ ਦਿਨਾਂ ਵਿੱਚ ਉਸ ਨੂੰ ਜਰਮਨ ਕੈਂਪਾਂ ਵਿੱਚ ਮੌਤ ਦੇ ਪਰਛਾਵੇਂ ਹੇਠ ਬਿਠਾ ਦਿੱਤਾ ਗਿਆ ... ਅੱਸੀਆਂ ਸਾਲਾਂ ਦੀਆਂ ਗੱਲਾਂ ਕਰਦੀ ਐਨੇ ਸੋਲਾਂ ਸਾਲ ਵੀ ਪੂਰੇ ਨਾ ਕਰ ਸਕੀ

ਉਸ ਭੋਲੀ ਕੁੜੀ ਨੂੰ ਆਪਣੀ ਡਾਇਰੀ ਬਾਰੇ ਸ਼ੱਕ ਸੀ ਕਿ ਤੇਰ੍ਹਾਂ ਸਾਲਾਂ ਦੀ ਇੱਕ ਸਕੂਲ- ਪੜ੍ਹਦੀ ਕੁੜੀ ਦੀਆਂ ਗੱਲਾਂ ਵਿੱਚ ਕੌਣ ਦਿਲਚਸਪੀ ਲਏਗਾ? . ਮੇਰੇ ਬਿਨ੍ਹਾਂ ਕੌਣ ਇਨ੍ਹਾਂ ਨੂੰ ਪੜ੍ਹੇਗਾ?... ਪਰ ਜੇ ਅੱਜ ਉਹ ਜਿਊਂਦੀ ਹੁੰਦੀ ਤਾਂ ਵੇਖਦੀ ਕਿਵੇਂ ਦੇਸ਼ਾਂ-ਪਰਦੇਸ਼ਾਂ ਦੇ ਲੋਕ ਉਸ ਦੀ ਡਾਇਰੀ ਨੂੰ ਪੜ੍ਹਦੇ ਹਨ ਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਕਿਵੇਂ ਉਸ ਲਈ ਪਿਆਰ ਤੇ ਹਮਦਰਦੀ ਦੇ ਹੰਝੂ ਭਰ ਆਉਂਦੇ ਹਨ। ਐਨੇ ਦੀ ਡਾਇਰੀ ਦਾ ਪਹਿਲਾ ਐਡੀਸ਼ਨ, "ਦਾ ਸੀਕਰੇਟ ਆਫ ਅਨੈਕਸ" ਦੇ ਨਾਂ ਥੱਲੇ ਨੀਦਰਲੈਂਡ ਵਿੱਚ 1947 ਛਪਿਆ। ਐਨੇ ਦੀ ਡਾਇਰੀ ਨੇ ਸੰਸਾਰ 'ਚ ਤਹਿਲਕਾ ਮਚਾ ਦਿੱਤਾ। ਐਨੇ ਦੀ ਡਾਇਰੀ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਛਾਪਿਆ ਗਿਆ ਜਿਹੜਾ ਬਜ਼ਾਰ ਵਿੱਚ ਆਉਂਦਾ ਹੀ ਵਿਕ ਗਿਆ ਐਨੇ ਦੀ ਇਸ 'ਕਿੱਟੀ' ਡਾਇਰੀ ਦਾ ਨਾਟਕੀ ਰੂਪਾਂਤਰ ਕਰਕੇ ਅਮਰੀਕਾ ਦੇ ਮਹਾਂਨਗਰ ਨਿਊਯਾਰਕ ਵਿੱਚ ਖੇਡਿਆ ਗਿਆ। ਐਨੇ ਦੀ ਇਸ 'ਕਿੱਟੀ' ਡਾਇਰੀ ਨੇ ਐਨੇ ਨੂੰ ਅਮਰ ਕਰ ਦਿੱਤਾ, ਉਸ ਦਾ ਨਾਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਚਮਕ ਪਿਆ।

ਅੱਜ ਕੱਲ੍ਹ 263 ਵਾਲੀ ਛੁਪਣ ਪਨਾਹਗਾਰ, ਜਿਸ ਨੂੰ ਐਨੇ ਛੋਟਾ ਉਪ ਭਵਨ ਆਖਿਆ ਕਰਦੀ ਸੀ, ਦਾ ਨਾਂ "ਐਨੇ ਫਰਾਂਕ ਦਾ ਘਰ" ਰੱਖ ਦਿੱਤਾ ਗਿਆ ਹੈ। ਐਨੇ ਫਰਾਂਕ ਦੇ ਘਰ ਨੂੰ ਅਜਾਇਬ-ਘਰ ਬਣਾ ਦਿੱਤਾ ਗਿਆ ਹੈ। ਇਸ ਵਿੱਚ ਯਹੂਦੀਆਂ ਦੇ ਕਤਲੇਆਮ-ਘੱਲੂਘਾਰੇ ਨਾਲ ਪੁਸਤਕਾਂ, ਦਸਤਾਵੇਜ਼, ਲੋਕਾਂ ਦੀਆਂ ਨਿੱਜੀ ਡਾਇਰੀਆਂ ਤੇ ਚਿੱਠੀਆਂ ਰੱਖੀਆਂ ਗਈਆਂ ਹਨ। ਇਹ ਸੰਗ੍ਰਹਿਆਲਾ ਵਿੱਦਿਅਕ ਗਿਆਨ ਦਾ ਸੋਮਾ ਤੇ ਖੋਜੀਆਂ ਲਈ ਖੋਜ ਕੇਂਦਰ ਬਣ ਚੁੱਕਿਆ ਹੈ ਐਨੇ ਫਰਾਂਕ ਦੀ "ਕਿੱਟੀ" ਡਾਇਰੀ 67 ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਛਪ ਚੁੱਕੀ ਹੈ ਇਸ ਜਾਗਰੂਕ ਬੁੱਧੀ ਦੀ ਇਹ "ਕਿੱਟੀ" ਡਾਇਰੀ ਸੰਸਾਰ ਵਿੱਚ ਸਭ ਤੋਂ ਵੱਧ ਪੜ੍ਹੀਆਂ ਕਿਤਾਬਾਂ ਨੂੰ ਪਛਾੜ ਗਈ ਹੈ।

ਕੌਣ ਕਹਿੰਦਾ ਹੈ ਕਿ ਐਨੇ ਮਰ ਗਈ ਹੈ? ਐਨੇ ਹਰ ਉਸ ਮਨੁੱਖ ਦੇ ਦਿਲ ਵਿੱਚ ਜਿਊਂਦੀ ਹੈ, ਜਿਹੜਾ ਦਿਲ ਜੰਗ ਨੂੰ ਨਫ਼ਰਤ ਕਰਦਾ ਹੈ, ਜਿਹੜਾ ਦਿਲ ਅਮਨ ਨੂੰ ਪਿਆਰ ਕਰਦਾ ਹੈ, ਜਿਹੜਾ ਦਿਲ ਸੋਹਣੀ ਜ਼ਿੰਦਗੀ ਜਿਊਣ ਦੇ ਚਾਅ ਨਾਲ ਭਰਿਆ ਹੋਇਆ ਹੈ ਐਨੇ ਆਪਣੀ ਮੌਤ ਤੋਂ ਬਾਅਦ ਵੀ ਜ਼ਿੰਦਾ ਹੈ, ਕਿਉਂਕਿ ਅਮਨ ਲਈ ਮਨੁੱਖ ਦੀ ਤਾਂਘ ਜਿਊਂਦੀ ਹੈ

***

# ਪਾਸ਼ : ਨੁਕੀਲੀਆਂ ਅੱਖਾਂ ਦੀ ਤੀਖਣ ਦ੍ਰਿਸ਼ਟੀ



ਡਾ. ਲਖਵਿੰਦਰ ਜੌਹਲ

ਪਾਸ਼ ਇੱਕ ਵਰਤਾਰੇ ਦਾ ਨਾਮ ਹੈ ਜੋ ਪੰਜਾਬੀ ਕਵਿਤਾ ਵਿੱਚ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁੱਝ ਅਜਿਹਾ ਛੱਡ ਗਿਆ ਜਿਸ ਨੂੰ ਸਮਝਣਾ ਉਸ ਦੇ ਵਿਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇਕ ਰਹੱਸ਼ ਬਣਿਆ ਹੋਇਆ ਹੈ। ਮੈਂ ਉਸਨੂੰ ਪਹਿਲੀ ਵਾਰ ਆਪਣੇ ਪਿੰਡ ਜੰਡਿਆਲਾ (ਮੰਜਕੀ) ਦੀਆਂ ਗਲੀਆਂ ਵਿੱਚ ਗਲ਼ ਵਿੱਚ ਚੁੱਕਵਾਂ ਸਪੀਕਰ ਲਟਕਾਈ, ਯੁਵਕ ਕੇਂਦਰ ਵੱਲੋਂ ਕਰਵਾਏ ਜਾ ਰਹੇ ਇਨਕਲਾਬੀ ਡਰਾਮੇ ਦੀ ਅਨਾਊਂਸਮੈਂਟ ਕਰਦੇ ਵੇਖਿਆ ਸੀ ਭੂਰੀ ਮਹਿੰਦੀ ਲੱਗੇ ਉਸ ਦੇ ਘੁੰਗਰਾਲੇ ਵਾਲ, ਮੋਟੀਆਂ-ਮੋਟੀਆਂ ਨੁਕੀਲੀਆਂ ਅੱਖਾਂ, ਜੀਨ ਦੀ ਪੈਂਟ ਨਾਲ ਪਾਇਆ ਹੋਇਆ ਬਦਾਮੀ ਰੰਗ ਦਾ ਪੰਜਾਬੀ ਕੁੜਤਾ, ਸਪੀਕਰ ਰਾਹੀਂ ਗੂੰਜਦੇ ਉਸ ਦੇ ਗੋਲਾਈਦਾਰ ਸ਼ਬਦ ਸੁਣਦੇ ਸੁਣਦੇ ਅਤੇ ਉਸ ਨੂੰ ਵੇਖਦੇ ਵੇਖਦੇ ਅਸੀਂ ਪਿੰਡ ਦੇ ਬੱਚੇ ਸਾਰੇ ਪਿੰਡ ਵਿੱਚ ਉਸ ਦੇ ਨਾਲ-ਨਾਲ ਘੁੰਮਦੇ ਰਹੇ ਸਾਂ ਉਦੋਂ ਮੈਂ ਅਜੇ ਸਕੂਲ ਵਿੱਚ ਹੀ ਪੜ੍ਹਦਾ ਸੀ।...



ਪਾਸ਼ ਸਿਰਫ਼ ਵੀਹ ਕੁ ਸਾਲ ਦਾ ਸੀ ਜਦੋਂ ਉਸ ਦੀ ਪਹਿਲੀ ਕਾਵਿ ਕਿਤਾਬ 'ਲੋਹ ਕਥਾ' ਛਪ ਗਈ ਸੀ ਕਵਿਤਾ ਦੀਆਂ ਉਸ ਨੇ ਤਿੰਨ ਕਿਤਾਬਾਂ ਲਿਖੀਆਂ ਸਨ। ਲੋਹਕਥਾ (1970), ਉੱਡਦੇ ਬਾਜ਼ਾਂ ਮਗਰ (1973) ਅਤੇ ਸਾਡੇ ਸਮਿਆਂ ਵਿੱਚ (1978) ਉਸ ਦੀਆਂ ਰਚਨਾਵਾਂ ਦੀ ਚੌਥੀ ਕਿਤਾਬ 'ਖਿੱਲਰੇ ਹੋਏ ਵਰਕੇ' (1989) ਵਿੱਚ ਉਸ ਦੀ ਸ਼ਹਾਦਤ ਤੋਂ ਬਾਅਦ ਅਮਰਜੀਤ ਚੰਦਨ ਦੀ ਹਿੰਮਤ ਨਾਲ ਸਾਹਮਣੇ ਆਈ ਸੀ ਜਿਸ ਵਿੱਚ ਕਵਿਤਾਵਾਂ ਦੇ ਨਾਲ ਨਾਲ ਉਸ ਦੀਆਂ ਹੋਰ ਲਿਖਤਾਂ ਵੀ ਹਨ। ਇਸ ਕਿਤਾਬ ਵਿੱਚ ਉਸ ਦੀਆਂ ਬਹੁਚਰਚਿਤ ਕਵਿਤਾਵਾਂ 'ਸਭ ਤੋਂ ਖ਼ਤਰਨਾਕ', 'ਧਰਮ ਦੀਖਸ਼ਾ ਲਈ ਬਿਨੈਪੱਤਰ' ਅਤੇ ਅੰਗਰਜ਼ੀ ਕਵੀ ਕਾਰਲ ਸੈਂਡਬਰਗ ਦੀ ਮਸ਼ਹੂਰ ਕਵਿਤਾ 'ਗਰਾਸ' ਦਾ ਪੰਜਾਬੀ ਰੂਪਾਂਤਰਣ 'ਘਾਹ' ਆਦਿ ਕਵਿਤਾਵਾਂ ਵੀ ਸ਼ਾਮਿਲ ਹਨ। ਇਸੇ ਕਿਤਾਬ ਵਿੱਚ ਉਸ ਦੀਆਂ ਗ਼ਜ਼ਲਾਂ, ਕੁੱਝ ਦੋਹੇ ਅਤੇ ਕੁੱਝ ਚਿੱਠੀਆਂ ਵੀ ਸ਼ਾਮਿਲ ਹਨ

ਛੱਪੜ ਦੀਏ ਟਟਰੀਏ, ਮੰਦੇ ਬੋਲ ਨਾ ਬੋਲ,<br>
ਦੁਨੀਆਂ ਤੁਰੀ ਹੱਕ ਲੈਣ ਨੂੰ, ਤੂੰ ਬੈਠੀ ਚਿੱਕੜ ਕੋਲ।

ਪਾਸ਼ ਦੀ ਇਹ ਵਿਡੰਬਨਾ ਰਹੀ ਹੈ ਕਿ ਉਸ ਦੀ ਵਿਚਰਨ ਕਲਾ ਦੀ ਚੰਚਲਤਾ, ਉਸ ਦੀ ਸ਼ਖ਼ਸੀਅਤ ਬਾਰੇ ਕੋਈ ਬੱਝਵਾਂ ਪ੍ਰਭਾਵ ਨਹੀਂ ਸੀ ਬਣਨ ਦਿੰਦੀ।

9 ਸਤੰਬਰ 1950 ਨੂੰ ਦੁਆਬੇ ਦੇ ਨਿੱਕੇ ਜਿਹੇ ਪਿੰਡ ਤਲਵੰਡੀ ਸਲੇਮ ਵਿੱਚ ਸੋਹਣ ਸਿੰਘ ਸੰਧੂ ਦੇ ਘਰ ਜਨਮਿਆ ਅਵਤਾਰ ਸਿੰਘ ਸੰਧੂ ਆਪਣੇ ਕਲਮੀ ਨਾਮ 'ਪਾਸ਼' ਨਾਲ ਜਾਣਿਆ ਗਿਆ ਬਕੌਲ ਡਾਕਟਰ ਤੇਜਵੰਤ ਸਿੰਘ ਗਿੱਲ, ਰੂਸੀ ਲੇਖਕ ਮਿਖਾਈਲ ਸ਼ੋਲੋਖੋਵ ਦੇ ਨੋਬਲ ਪੁਰਸਕਾਰ ਜੇਤੂ ਨਾਵਲ 'ਡਾਨ ਵਹਿੰਦਾ ਰਿਹਾ' ਦੇ ਨਾਇਕ ਪਾਸ਼ਾ ਤੋਂ ਪ੍ਰਭਾਵਿਤ ਹੋ ਕੇ ਅਵਤਾਰ ਸਿੰਘ ਸੰਧੂ ਨੇ ਆਪਣਾ ਨਾਂ 'ਪਾਸ਼' ਰੱਖ ਲਿਆ ਸੀ। ਇੱਕ ਕਹਾਣੀ ਇਹ ਵੀ ਹੈ ਕਿ ਉਸ ਨੇ ਸਕੂਲ ਵਿੱਚ ਪੜ੍ਹਦਿਆਂ ਆਪਣੀ ਇੱਕ ਅਧਿਆਪਕਾ ਨਾਲ ਮਿਲਦਾ ਜੁਲਦਾ ਆਪਣਾ ਨਾਂ ਪਾਸ਼ ਰੱਖਿਆ ਸੀ .

ਉਸ ਦਾ ਪਰਿਵਾਰ ਮੱਧਵਰਗੀ ਕਿਸਾਨੀ ਪਰਿਵਾਰ ਸੀ। ਪਿਤਾ ਸੋਹਣ ਸਿੰਘ ਸੰਧੂ ਫ਼ੌਜੀ ਸਨ ਅਤੇ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦੇ ਸਨ। ਜਲੰਧਰ ਛਾਉਣੀ ਦੇ ਜੈਨ ਹਾਈ ਸਕੂਲ ਵਿੱਚ ਉਹ ਦਸਵੀਂ ਤੱਕ ਪੜ੍ਹਿਆ ਫੇਰ ਉਸ ਨੇ ਗਿਆਨੀ ਕੀਤੀ ਅਤੇ ਫੇਰ ਸਰਕਾਰੀ ਸਕੂਲ ਸਮਰਾਏ ਜੰਡਿਆਲਾ ਵਿੱਚ ਜੇ.ਬੀ.ਟੀ. ਕਰਨ ਲੱਗਿਆ। ਇਥੋਂ ਹੀ ਉਹ ਸੇਖੂਪੁਰਾ (ਕਪੂਰਥਲਾ) ਦੇ ਸਕੂਲ ਵਿੱਚ ਚਲਾ ਗਿਆ ਜੇ ਬੀ.ਟੀ. ਕਰਨ ਤੋਂ ਪਹਿਲਾਂ ਪਹਿਲਾਂ ਹੀ ਉਹ ਜੇਲ੍ਹ ਯਾਤਰਾਵਾਂ ਦੇ ਰੰਗ ਵੀ ਦੇਖ ਚੁੱਕਾ ਸੀ ਅਤੇ ਦੋ ਕਿਤਾਬਾਂ ਦਾ ਲੇਖਕ ਵੀ ਬਣ ਚੁੱਕਾ ਸੀ

ਮਈ 1970 ਵਿੱਚ ਉਸਨੂੰ ਇੱਕ ਕਤਲ ਦੇ ਮੁਕੱਦਮੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਸਾਲ ਬਾਅਦ ਹੀ ਉਹ ਬਾਹਰ ਆ ਗਿਆ ਤਾਂ 1972 ਵਿੱਚ ਮੋਗਾ ਕਾਂਡ ਵਿੱਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕੇਂਦਰੀ ਜੇਲ੍ਹ ਜਲੰਧਰ ਵਿੱਚ ਰੱਖਿਆ ਗਿਆ। ਇਤਫ਼ਾਕ ਹੀ ਸੀ ਕਿ ਮੋਗਾ ਕਾਂਡ ਵਿੱਚ ਹੀ ਗ੍ਰਿਫ਼ਤਾਰ ਹਏ ਸਤਨਾਮ ਚਾਨਾ, ਜੋਗਿੰਦਰ ਭੰਗਾਲੀਆ, ਗੁਰਮੀਤ (ਦੇਸ਼ ਭਗਤ ਯਾਦਗਾਰ ਹਾਲ), ਤਰਸੇਮ ਜੰਡਿਆਲਾ, ਸੁਰਿੰਦਰ ਸੰਧੂ ਅਤੇ ਲਖਵਿੰਦਰ ਜੌਹਲ (ਯਾਨੀ ਮੈਂ) ਨੂੰ ਵੀ ਜਲੰਧਰ ਜੇਲ੍ਹ ਵਿੱਚ ਹੀ ਰੱਖਿਆ ਗਿਆ ਸੀ। ਜਿਨ੍ਹਾਂ ਚੱਕੀਆਂ ਵਿੱਚ ਅਸੀਂ ਬੰਦ ਸਾਂ, ਪਿਛਲੇ ਪਾਸੇ ਤੋਂ ਇਨ੍ਹਾਂ ਚੱਕੀਆਂ ਨਾਲ ਲਗਦੀਆਂ ਚੱਕੀਆਂ ਵਿੱਚ ਹੀ ਪਾਸ਼ ਵੀ ਬੰਦ ਸੀ ਸ਼ਾਮ ਦੀ ਚਾਹ ਲੈ ਕੇ ਆਏ ਜੇਲ੍ਹ ਦੇ ਨੰਬਰਦਾਰ ਨੇ ਸੀਖਾਂ ਵਿੱਚ ਦੀ ਸਾਡੀਆਂ ਪਿੱਤਲ ਦੀਆਂ ਬਾਟੀਆਂ ਵਿੱਚ ਚਾਹ ਉੱਲਦਦੇ ਹੋਏ, ਸਾਨੂੰ ਦੱਸਿਆ "ਓਹ ਪਿਛਲੀਆਂ ਚੱਕੀਆਂ ਵਿੱਚ ਇੱਕ ਕਵੀ ਪਾਸ਼ ਵੀ ਬੰਦ ਹੈ" ਅਸੀਂ ਇਕਦਮ ਚੌਂਕ ਕੇ ਕਿਹਾ, "ਅਸੀਂ ਮਿਲ ਸਕਦੇ ਹਾਂ ਓਸ ਨੂੰ"। ਕਹਿਣ ਲੱਗਾ, "ਮਿਲਣ ਤਾਂ

ਤੁਹਾਨੂੰ ਕਿਸੇ ਨੇ ਨਹੀਂ ਦੇਣਾ ਪਰ ਜੇਕਰ ਤੁਸੀਂ ਉੱਚੀ ਆਵਾਜ਼ ਮਾਰੋਂ ਤਾਂ ਉਹ ਤੁਹਾਡੇ ਨਾਲ ਗੱਲ ਕਰ ਸਕਦੇ, ਮੈਂ ਉਸ ਨੂੰ ਤੁਹਾਡੇ ਬਾਰੇ ਦੱਸ ਦਿਆਂਗਾ।" ਉਹ ਮੈਨੂੰ ਤਾਂ ਅਜੇ ਨਹੀਂ ਜਾਣਦਾ ਸੀ, ਪਰ ਚਾਨਾ ਅਤੇ ਭੰਗਾਲੀਆ ਨੂੰ ਜਾਣਦਾ ਸੀ। ਅਸੀਂ ਨੰਬਰਦਾਰ ਨੂੰ ਕਿਹਾ "ਕੱਲ੍ਹ ਸ਼ਾਮ ਦੀ ਚਾਹ ਵੇਲੇ ਅਸੀਂ ਉਸ ਨੂੰ ਆਵਾਜ਼ ਲਗਾਵਾਂਗੇ" .

ਦਸੰਬਰ, 1972 ਦੇ ਠਰਦੇ ਦਿਨਾਂ ਦੀ ਇਹ ਸ਼ਾਮ ਅਦਭੁਤ ਸੀ। ਅਸੀਂ ਉਸ ਨੂੰ ਆਵਾਜ਼ ਲਗਾਈ, ਉਸ ਨੇ ਹਾਲ-ਚਾਲ ਪੁੱਛਿਆ, ਅਸੀਂ ਕਿਹਾ "ਕੁੱਝ ਸੁਣਾ... " ...ਉਹ ਤਰੰਨਮ ਵਿੱਚ ਗਾਉਣ ਲੱਗ ਪਿਆ :-

ਕੱਖਾਂ ਦੀਏ ਕੁੱਲੀਏ
ਮੀਨਾਰ ਬਣ ਜਾਈਂ ਨੀਂ
ਪੈਰਾਂ ਦੀਏ ਮਿੱਟੀਏ
ਪਹਾੜ ਬਣ ਜਾਈਂ ਨੀਂ
ਲੱਖ ਲੱਖ ਦਾ ਏ ਤੇਰਾ ਕੱਖ ਨੀਂ
ਕਿਰਤੀ ਦੀਏ ਕੁੱਲੀਏ
ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ.

ਸਾਡੇ ਜੋਸ਼ ਅਤੇ ਉਮਾਹ ਦੀ ਕੋਈ ਸੀਮਾ ਨਹੀਂ ਸੀ ਜੇਲ੍ਹ ਦੀ ਉਦਾਸੀ ਹੁਲਾਸ ਵਿੱਚ ਬਦਲ ਗਈ ਸੀ। ਪਾਸ਼ ਨਾਲ ਇਹ ਮੇਰੀ ਆਵਾਜ਼ ਦੀ ਮੁਲਾਕਾਤ ਸੀ ਇਕ ਅਦਭੁਤ ਮੁਲਾਕਾਤ। ਇਸ ਪਿੱਛੋਂ ਸਰਕਾਰ ਨੇ ਸਾਡੇ ਵਿਰੁੱਧ ਦਰਜ ਕੀਤਾ ਕੇਸ ਵਾਪਸ ਲੈ ਲਿਆ ਅਤੇ ਅਸੀਂ ਸਾਰੇ ਬਾਹਰ ਆ ਗਏ ਪਾਸ਼ ਅਜੇ ਅੰਦਰ ਹੀ ਰਿਹਾ ਉਸ ਨੂੰ ਸਾਰੇ ਪੰਜਾਬ ਵਿੱਚ "ਗੜਬੜ ਫੈਲਾਉਣ ਦਾ ਦੋਸ਼ੀ" ਗਰਦਾਨਿਆ ਗਿਆ ਸੀ। ਉਸ ਨੂੰ ਲਗਭਗ ਸਾਲ ਬਾਅਦ ਛੱਡਿਆ ਗਿਆ।

1973 ਵਿੱਚ ਜਦੋਂ ਉਹ ਬਾਹਰ ਆਇਆ ਤਾਂ ਨਕਸਲੀ ਦੌਰ ਦੇ ਕਈ ਸਾਹਿਤਕ ਪਰਚਿਆਂ ਦਾ ਕਰਤਾ ਧਰਤਾ ਬਣਿਆ, ਜਿਸ ਵਿੱਚ, 'ਸਿਆੜ', ਅਤੇ 'ਹਕਾ' ਆਦਿ ਗਿਣੇ ਜਾ ਸਕਦੇ ਹਨ।

ਉਸ ਨੇ ਆਪਣਾ ਕਰੀਅਰ 1967 ਵਿੱਚ ਬੀ ਐਸ.ਐਫ. ਵਿੱਚ ਭਰਤੀ ਹੋਣ ਤੋਂ ਆਰੰਭ ਕੀਤਾ ਸੀ ਪਰ ਸਥਾਪਤੀ ਪ੍ਰਤੀ ਸਵਾਲੀਆ ਸੁਭਾਅ ਨੇ ਉਸ ਨੂੰ ਇੱਥੇ ਟਿਕਣ ਨਾ ਦਿੱਤਾ। ਪੰਜਾਬ ਵਿੱਚ ਹਰੇ ਇਨਕਲਾਬ ਅਤੇ ਪੰਜਾਬ ਸੰਕਟ ਦੇ ਵਿਚਕਾਰਲਾ ਸਮਾਂ ਨਕਸਲੀ ਚੜ੍ਹਤ ਦਾ ਸਮਾਂ ਸੀ ਜਿਸ ਵੱਲ ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਖਿੱਚੇ ਗਏ ਸਨ ਪਾਸ਼ ਵੀ ਉਨ੍ਹਾਂ ਵਿੱਚੋਂ ਇਕ ਸੀ। 1973 ਵਿੱਚ ਉਸ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਸੀ। ਇਹੀ ਉਹ ਦੌਰ ਹੈ ਜਦੋਂ ਪਾਸ਼ ਰਵਾਇਤੀ ਖੱਬੇ ਪੱਖੀਆਂ ਤੋਂ ਇਕ ਵਿੱਥ ਸਥਾਪਿਤ ਕਰਨ ਦੇ ਰਾਹ ਤੁਰ ਚੁੱਕਾ ਸੀ। ਹਾਲਾਂਕਿ ਉਸ ਦੀ ਇਹ ਫ਼ਿਤਰਤ 1971 ਦੇ ਸ਼ੁਰੂ ਦੇ ਦਿਨਾਂ ਵਿੱਚ ਹੀ ਉਜਾਗਰ ਹੋਣੀ ਸ਼ੁਰੂ ਹੋ ਗਈ ਸੀ। ਇੰਗਲੈਂਡ ਵਸਦੇ ਪੰਜਾਬੀ ਕਵੀ ਮੁਸ਼ਤਾਕ ਨੂੰ 29 ਜੁਲਾਈ 1971 ਨੂੰ ਲਿਖੇ ਇੱਕ ਪੱਤਰ ਵਿੱਚ ਉਸ ਨੇ ਲਿਖਿਆ ਸੀ...

"ਟਰਾਟਸਕੀ ਬਾਰੇ ਤੇਰੇ ਵਿਚਾਰ ਪ੍ਰਮਾਣਿਕ ਨਹੀਂ ਹਨ। ਉਸ ਦੇ ਵਿਚਾਰਾਂ ਨੂੰ ਦੂਜੀ ਸੰਸਾਰ ਜੰਗ ਬਾਰੇ, ਪ੍ਰੋਲੇਤਾਰੀ ਦੇ ਰੋਲ, ਸਾਮਰਾਜਵਾਦ ਅਤੇ ਨਾਜ਼ੀਵਾਦ ਬਾਰੇ ਉਸ ਦੀ ਸਮਝ, ਸਥਾਈ ਇਨਕਲਾਬ ਦੇ ਸਿਧਾਂਤ ਦੀਆਂ ਵਿਲੱਖਣਤਾਵਾਂ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ।"

ਉਹ ਟਰਾਟਸਕੀ ਦੇ ਕਲਾ ਅਤੇ ਸਾਹਿਤ ਬਾਰੇ ਵਿਚਾਰਾਂ ਦਾ ਕੱਟੜ ਹਿਮਾਇਤੀ ਸੀ। ਇਸੇ ਕਰਕੇ ਉਸ ਨੇ 'ਰੋਹਲੇ ਬਾਣ' ਤੋਂ ਵੱਖਰੇ ਪਰਚੇ 'ਸਿਆੜ' ਦੀ ਸਥਾਪਨਾ ਕੀਤੀ ਸੀ।

ਇਨ੍ਹਾਂ ਦਿਨਾਂ ਵਿੱਚ ਅਸੀਂ ਲਗਭਗ ਰੋਜ਼ ਮਿਲਦੇ। ਜੰਡਿਆਲੇ ਦੇ ਬੱਸ ਅੱਡੇ ਉੱਤੇ ਮਿੰਦੀ ਦੀ ਦੁਕਾਨ ਉੱਤੇ ਘੰਟਿਆਂ ਬੱਧੀ ਚਾਹ ਪੀਂਦੇ ਰਹਿੰਦੇ। ਬੱਸ ਅੱਡੇ 'ਤੇ ਕੋਈ ਮਦਾਰੀ ਆ ਜਾਂਦਾ ਤਾਂ ਉਹ ਉਸ ਦਾ ਜਮੂਰਾ ਬਣ ਕੇ ਬੈਠ ਜਾਂਦਾ.. ... ਸ਼ਰਾਰਤੀ ਅੰਦਾਜ਼ ਵਿੱਚ ਸਾਨੂੰ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ. ਸ਼ਖ਼ਸੀਅਤ ਦਾ ਵਿਕਾਸ ਕਰਨ ਦੇ ਨੁਸਖੇ ਸਮਝਾਉਂਦਾ . ਇੱਕ ਦਿਨ ਕਹਿਣ ਲੱਗਾ . . 'ਰੋਹਬਦਾਰ ਸ਼ਖ਼ਸੀਅਤ ਲਈ ਅੱਖਾਂ ਲਾਲ ਰੱਖਣੀਆਂ ਜ਼ਰੂਰੀ ਹੁੰਦੀਆਂ ਹਨ " ਮੈਂ ਕਿਹਾ, "ਇਹ ਕਿਵੇਂ ਹੋ ਸਕੇਗਾ " ਕਹਿੰਦਾ, "ਮੇਰੀਆਂ ਅੱਖਾਂ ਵਿੱਚ ਵੇਖ", ਮੈਂ ਵੇਖਿਆ ਸੱਚੀਂ ਮੁੱਚੀਂ ਲਾਲ ਸਨ। ਕਹਿੰਦਾ, "ਪੁੱਛ, ਮੈਂ ਕਿਵੇਂ ਲਾਲ ਕੀਤੀਆਂ " ਮੈਂ ਕਿਹਾ "ਦੱਸ " ਕਹਿੰਦਾ "ਸਵੇਰੇ ਸਵੇਰੇ ਇੱਕ ਲਾਲ ਬਲੱਬ ਜਗਾ ਕੇ ਲਗਾਤਾਰ ਉਸ ਵੱਲ ਵੇਖੀ ਜਾਓ, ਅੱਖਾਂ ਵਿੱਚ ਲਾਲੀ ਭਰ ਜਾਵੇਗੀ। ਸਾਰਾ ਦਿਨ ਕਿਤੇ ਨਹੀਂ ਜਾਂਦੀ .."

ਉਸ ਦੀ ਇਹ ਗੱਲ ਵੀ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਵਾਂਗ ਹੀ ਸੀ, ਜਿਨ੍ਹਾਂ ਬਾਰੇ ਮੈਂ ਜਾਣਦਾ ਸਾਂ ਕਿ ਉਸ ਦੇ ਸ਼ਰਾਰਤੀ ਸੁਭਾਅ ਦੀ ਉਪਜ ਹਨ। ਅਸਲ ਵਿੱਚ ਇਹ ਆਪ ਵੀ ਅਜਿਹਾ ਕੁੱਝ ਨਹੀਂ ਕਰਦਾ ਸਰਵਨ ਰਾਹੀ ਨੂੰ ਉਸ ਨੇ ਮਹੀਨਿਆਂ ਤੱਕ ਇਹ ਕਹਿ ਕੇ ਆਪਣੇ ਮਗਰ ਲਗਾ ਰੱਖਿਆ ਕਿ ਖੁਸ਼ਵੰਤ ਸਿੰਘ ਨੇ 'ਇਲਸਟਰਡ ਵੀਕਲੀ' ਲਈ ਉਸ ਦੀਆਂ ਗ਼ਜ਼ਲਾਂ ਮੰਗਵਾਈਆਂ ਹਨ ਜਿਹੜੀਆਂ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਉਹ ਜਲਦੀ ਭੇਜ ਰਿਹਾ ਹੈ। ਸਰਵਣ ਰਾਹੀ ਲੰਮੇ ਸਮੇਂ ਤੱਕ ਆਪਣੀਆਂ ਅੰਗਰੇਜ਼ੀ ਵਿੱਚ ਛਪਣ ਵਾਲੀਆਂ ਗ਼ਜ਼ਲਾਂ ਲੱਭਣ ਲਈ ਬੁੱਕ ਸਟਾਲਾਂ ਤੋਂ ਹਰ ਹਫ਼ਤੇ 'ਇਲਸਟਰੇਟਿਡ ਵੀਕਲੀ' ਲੱਭਦਾ ਰਿਹਾ ਸੀ

ਆਪ ਉਹ ਦੋਸਤਾਂ ਦੇ ਨਾਲ ਨਾਲ ਕਵਿਤਾ ਤੋਂ ਵੀ ਬੇਮੁੱਖ ਹੋ ਰਿਹਾ ਸੀ ਮੈਂ ਹੈਰਾਨੀ ਪ੍ਰਗਟ ਕੀਤੀ ਤਾਂ ਕਹਿੰਦਾ, "ਪਹਿਲਾਂ ਮੇਰੇ ਸਾਹਮਣੇ ਇੱਕ ਮਕਸਦ ਸੀ, ਜਿਸ ਤਾਂ ਮੈਂ ਨਿਰਾਸ਼

ਹੋ ਗਿਆ ਹਾਂ। ਜੇਲ੍ਹ ਵਿੱਚ ਸੀ ਤਾਂ ਪਿੰਡ ਯਾਦ ਆਉਂਦਾ ਸੀ, ਬਾਹਰ ਆ ਗਿਆ ਹਾਂ ਤਾਂ ਉਹ ਗੱਲ ਵੀ ਖ਼ਤਮ ਹੋ ਗਈ..." . !" ਇਨ੍ਹਾਂ ਦਿਨਾਂ ਵਿੱਚ ਅਸੀਂ (ਅਖ਼ਤਰ ਹੁਸੈਨ, ਤਰਸੇਮ ਜੰਡਿਆਲਾ, ਦੇਵਿੰਦਰ ਜੌਹਲ ਅਤੇ ਮੈਂ) ਇੱਕ ਮਾਸਿਕ ਪੱਤਰ 'ਸੰਦਰਭ' ਸ਼ੁਰੂ ਕੀਤਾ ਸੀ। ਮੈਂ ਪਾਸ਼ ਨੂੰ ਕਿਹਾ, "ਜੋ ਕੁਝ ਤੂੰ ਸੋਚਦਾਂ ਉਸ ਬਾਰੇ ਤੇਰੀ ਮੁਲਾਕਾਤ 'ਸੰਦਰਭ' ਵਿੱਚ ਛਾਪਣੀ ਹੈ। ਉਹ ਤਿਆਰ ਹੋ ਗਿਆ। ਦਵਿੰਦਰ ਜੌਹਲ (ਮੇਰਾ ਛੋਟਾ ਭਰਾ) ਨੇ ਇਹ ਮੁਲਾਕਾਤ ਕੀਤੀ ਉਸ ਨੇ ਬਹੁਤ ਸਾਰੀਆਂ ਗੱਲਾਂ ਬਹੁਤ ਬੇਬਾਕੀ ਨਾਲ ਕੀਤੀਆਂ। ਇਸ ਮੁਲਾਕਾਤ ਦੀ ਸਭ ਤੋਂ ਮੁੱਲਵਾਨ ਪ੍ਰਾਪਤੀ ਇਹ ਸੀ ਕਿ ਇਹ ਸੰਵਾਦ ਇਸ ਨੁਕਤੇ ਉੱਤੇ ਪਹੁੰਚ ਗਿਆ ਕਿ ਪਾਸ਼ ਨੇ ਇਕਦਮ ਕਿਹਾ -

"ਹੁਣ ਮੈਂ ਲਿਖਾਂਗਾ", ਇਸੇ ਸਿਰਲੇਖ ਹੇਠ ਇਹ ਮੁਲਾਕਾਤ ਸੰਦਰਭ ਵਿੱਚ ਛਾਪੀ ਗਈ . ਇਸ ਤੋਂ ਬਾਅਦ ਉਸ ਦੀ ਕਿਤਾਬ ਆਈ "ਸਾਡੇ ਸਮਿਆਂ ਵਿੱਚ" ਇਸ ਕਿਤਾਬ ਦੇ ਮੁੱਖ ਬੰਦ ਵਿੱਚ ਉਸ ਨੇ ਲਿਖਿਆ ਸੀ :-

"ਪਾਰਟੀ ਲੇਬਲਾਂ ਤੋਂ ਪਿੱਛਾ ਛੁਡਾਉਣ ਲਈ ਮੈਨੂੰ ਪਤਾ ਨਹੀਂ ਕੀ ਕੀ ਸ਼ਰਾਰਤਾਂ ਕਰਨੀਆਂ ਪਈਆਂ। ਰਾਜਨੀਤਕ ਸਰਗਰਮੀਆਂ ਵਿੱਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਅੰਤਰਮੁਖਤਾ ਵੱਲ ਵਧ ਜਾਂਦੀ "

ਇਹ ਅੰਤਰਮੁਖਤਾ ਉਸ ਦੀ ਸਮਾਜ ਸ਼ਾਸਤਰੀ ਪਹੁੰਚ ਦਾ ਇਕ ਪਾਸਾਰ ਹੈ ਜਿਸ ਨੇ ਉਸ ਨੂੰ ਕਾਵਿ ਸਿਰਜਣਾ ਦੇ ਨਾਲ ਨਾਲ ਇੱਕ ਗਹਿਰੇ ਸੋਚਸ਼ੀਲ ਵਿਅਕਤੀ ਵਜੋਂ ਹਮੇਸ਼ਾ ਜਿਉਂਦੇ ਰੱਖਿਆ। ਇੱਕ ਅਜਿਹੇ ਵਿਅਕਤੀ ਵਜੋਂ ਜਿਸ ਨੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਇੱਕ ਆਦਰਸ਼ਕ ਖੜੋਤ ਵਾਂਗ ਗ੍ਰਹਿਣ ਨਾ ਕਰਦੇ ਹੋਏ ਇਸ ਦੀ ਗਤੀਸ਼ੀਲਤਾ ਨੂੰ ਪਛਾਣਿਆ। ਇਸ ਪਛਾਣ ਨੇ ਉਸ ਨੂੰ ਇੱਕ ਅੰਧ ਵਿਸ਼ਵਾਸੀ ਰੋਮਾਂਟਿਕ ਕਾਰਕੁੰਨ ਤੋਂ ਇਕ ਵਾਸਤਵਿਕ ਚਿੰਤਕ ਤੱਕ ਵਿਸਥਾਰ ਦਿੱਤਾ। ਇਸੇ ਪਹੁੰਚ ਨੇ ਉਸ ਦੀ ਕਵਿਤਾ ਨੂੰ ਵਾਸਤਵਿਕ-ਵਿਸ਼ਲੇਸ਼ਣ ਵਾਲੀ ਦਾਰਸ਼ਨਿਕ ਕਵਿਤਾ ਤੱਕ ਫੈਲਾਅ ਦਿੱਤਾ-

ਇਹ ਸ਼ਰਮਨਾਕ ਹਾਦਸਾ
ਸਾਡੇ ਹੀ ਸਮਿਆਂ ਨਾਲ ਹੋਣਾ ਸੀ
ਕਿ ਦੁਨੀਆਂ ਦੇ ਸਭ ਤੋਂ ਪਵਿੱਤਰ
ਹਰਫ਼ਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ
ਇਹ ਕੁਫ਼ਰ ਸਾਡੇ ਹੀ ਸਮਿਆਂ ਵਿੱਚ ਹੋਣਾ ਸੀ

ਸਮਾਜ ਨੂੰ ਬਦਲਣ ਲਈ ਤੁਰੇ ਇੱਕ ਸੱਚੇ-ਸੁੱਚੇ ਨੌਜਵਾਨ ਦੇ ਆਦਰਸ਼ਾਂ ਦਾ ਇਸ ਤਰ੍ਹਾਂ ਟੁੱਟਣਾ ਅਤੇ ਉਸ ਦੀ ਸਿਰਜਣਾਤਮਿਕ ਸਮਰੱਥਾ ਵਿੱਚ ਇਸ ਟੁੱਟ ਭੱਜ ਦਾ ਇਸ ਤਰ੍ਹਾਂ ਓਤ ਪੋਤ ਹੋ ਜਾਣਾ ਹੀ ਪਾਸ਼ ਦਾ ਸੰਤਾਪ ਸੀ।

ਇਸੇ ਸੰਤਾਪ ਨੇ ਉਸ ਨੂੰ ਬੇਹੱਦ ਸ਼ਿੱਦਤ ਨਾਲ ਉਹ ਟੇਢ ਵੀ ਪ੍ਰਦਾਨ ਕਰ ਦਿੱਤੀ ਜੋ ਆਪਣੀਆਂ ਰਾਜਨੀਤਕ ਅਤੇ ਸੱਭਿਆਚਾਰਕ ਰਹਿਤਲਾਂ ਵਿੱਚੋਂ ਬਾਹਰ ਆਉਣ ਲਈ ਭਾਰਤੀ ਸਮਾਜ ਲਈ ਬੇਹੱਦ ਜ਼ਰੂਰੀ ਹੈ। ਆਪਣੀ ਇਸ ਤੀਸਰੀ ਅੱਖ ਦੇ ਖੁੱਲ੍ਹਣ ਨਾਲ ਪੈਦਾ ਹੋਣ ਵਾਲੇ ਖ਼ਤਰੇ ਤੋਂ ਉਹ ਵਾਕਿਫ਼ ਸੀ :-

ਚਾਹੁਣ ਲਗਦਾ ਹਾਂ
ਪਲ ਦੀ ਪਲ
ਅਚਾਨਕ ਆਏ ਕਿਤੋਂ
ਉਹ ਨਿਊਟਨ ਦਾ ਦਰਵੇਸ਼ ਡਾਇਮੰਡ
ਫਿਰ ਸੁੱਟੇ ਇੱਕ ਵਾਰ ਬਲਦੀ ਮੋਮਬੱਤੀ
ਮੇਰੇ ਜਿਹਨ ਦੀ ਖੁੱਲ੍ਹੀ ਦਰਾਜ਼ ਵਿੱਚ
ਏਸ ਤੋਂ ਪਹਿਲਾਂ ਕਿ
ਮੇਰੇ ਜ਼ਿਹਨ ਵਿੱਚ ਮੌਜੂਦ
ਕੁੱਲ ਅਧੂਰੀਆਂ ਇਤਲਾਹਾਂ
ਕਿਸੇ ਸਿਧਾਂਤ ਵਿੱਚ ਵਟਣ
ਉਨ੍ਹਾਂ ਨੂੰ ਸਾੜ ਦਏ
ਉਨ੍ਹਾਂ ਦੇ ਨਾ ਸੜਨ ਵਿੱਚ
ਬਹੁਤ ਖ਼ਤਰਾ ਹੈ-

ਉਸ ਦਾ ਇਹ ਕਾਵਿ ਬਿਆਨ ਕਮਿਊਨਿਸਟ ਸਿਧਾਂਤ ਦੇ ਪ੍ਰਾਪਤ ਪਰਿਪੇਖ ਦੇ ਵਿਰੁਧ ਵਿੱਚ ਇੱਕ ਨਵੇਂ ਵਿਸਥਾਰ ਦੀ ਸਿਰਜਣਾ ਦਾ ਸੰਕੇਤ ਦਿੰਦਾ ਹੈ ਉਸ ਦੀਆਂ ਕਿਆਸ ਅਰਾਈਆਂ ਵਿੱਚ, ਉਸ ਦੀ ਚਿੰਤਨਸ਼ੀਲਤਾ ਵਿੱਚ, ਇਸ ਨਵੇਂ ਵਿਸਥਾਰ ਦੀ ਰੂਪਰੇਖਾ ਕੀ ਸੀ ? ਇਸ ਦੀ ਤਲਾਸ਼ ਵਿੱਚ ਰੁੱਝਿਆ ਹੋਇਆ ਪਾਸ਼ ਪੰਜਾਬ ਸੰਕਟ ਦੇ ਸਭ ਤੋਂ ਭਿਆਨਕ ਦਿਨਾਂ ਵਿੱਚ ਅਮਰੀਕਾ ਚਲਾ ਗਿਆ। ਉਹ ਐਂਟੀ-47 ਫਰੰਟ ਨਾਲ ਜੁੜ ਗਿਆ ਅਤੇ ਆਪਣੀਆਂ ਸਰਗਰਮੀਆਂ ਕਾਰਨ ਮੂਲਵਾਦੀਆਂ ਦੀਆਂ ਅੱਖਾਂ ਵਿੱਚ ਬੁਰੀ ਤਰ੍ਹਾਂ ਰੜਕਣ ਲੱਗਾ ਕੁੱਝ ਹੀ ਸਾਲਾਂ ਬਾਅਦ 1988 ਦੇ ਸ਼ੁਰੂ ਵਿੱਚ ਉਹ ਆਪਣੇ ਵੀਜ਼ੇ ਦੇ ਨਵੀਨੀਕਰਨ ਲਈ ਇਧਰ ਆਇਆ ਹੋਇਆ ਸੀ

ਡੀ.ਏ.ਵੀ ਕਾਲਜ ਨਕੋਦਰ ਵਿਖੇ ਇੱਕ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਮੈਂ ਅਤੇ ਸਵਿਤੋਜ (ਮਰਹੂਮ) ਵੀ ਗਏ ਹੋਏ ਸਾਂ ਹਾਲ ਵਿੱਚ ਬੈਠੇ ਆਪਣੀ ਕਵਿਤਾ ਦੀ ਉਡੀਕ ਕਰ ਰਹੇ ਸਾਂ ਕਿ ਪਰਮਜੀਤ ਦੇਹਲ ਨੇ ਪਿੱਛਿਓਂ ਆ ਕੇ ਮੇਰਾ ਮੋਢਾ ਥਪਥਪਾਇਆ "ਬਾਹਰ ਆਓ ਤੁਹਾਨੂੰ ਪਾਸ਼ ਬੁਲਾ ਰਿਹਾ ਹੈ।" ਮੈਂ ਕਿਹਾ, "ਉਹ ਕਦੋਂ ਆ ਗਿਆ ?" ਕਹਿੰਦਾ, "ਕਈ ਦਿਨ ਹੋ ਗਏ ਆਏ ਨੂੰ। ਬਾਹਰ ਲਾਅਨ ਵਿਚ ਬੈਠਾ।" ਅਸੀਂ ਉੱਠ ਕੇ ਬਾਹਰ ਚਲੇ ਗਏ। ਉਹ ਸਾਨੂੰ ਉੱਠ ਕੇ ਜੱਫ਼ੀ ਪਾ ਕੇ ਮਿਲਿਆ ਅਸੀਂ ਉੱਥੇ ਹੀ ਬੈਠ ਗਏ ਕੁੱਝ ਕੁ ਗੱਲਾਂ ਕਰਨ ਤੋਂ ਬਾਅਦ ਅਸੀਂ ਕਿਹਾ, "ਸਾਡੀ ਕਵਿਤਾ ਸੁਣਾਉਣ ਦੀ ਵਾਰੀ ਆਉਣ ਵਾਲੀ ਹੈ। ਚੱਲੋ ਅੰਦਰ ਚੱਲੀਏ"। ਉਹ ਵੀ ਅਤੇ ਬਾਕੀ ਸਾਰੇ ਦੋਸਤ ਵੀ ਸਾਡੇ ਨਾਲ ਅੰਦਰ ਚਲੇ ਗਏ ... ... ਇਹ ਪਹਿਲੀ

ਵਾਰ ਸੀ ਕਿ ਦੋਸਤਾਂ ਦੇ ਕਹਿਣ 'ਤੇ ਉਹ ਕਵੀ ਦਰਬਾਰ ਵਿੱਚ ਆਪਣੀ ਕਵਿਤਾ ਸੁਣਾਉਣ ਲਈ ਵੀ ਰਾਜ਼ੀ ਹੋ ਗਿਆ। ਨਹੀਂ ਤਾਂ ਸਾਡੇ ਕਈ ਵਾਰ ਕੋਸ਼ਿਸ਼ ਕਰਨ ਉੱਤੇ ਵੀ ਉਹ ਕਿਸੇ ਕਵੀ ਦਰਬਾਰ ਵਿੱਚ, ਇਥੋਂ ਤੱਕ ਕਿ ਦੂਰਦਰਸ਼ਨ ਦੇ ਕਵੀ ਦਰਬਾਰਾਂ ਵਿੱਚ ਵੀ, ਕਦੇ ਸ਼ਾਮਿਲ ਨਾ ਹੁੰਦਾ। ਕਈ ਵਾਰ ਚਲਦੇ ਕਵੀ ਦਰਬਾਰਾਂ ਵਿੱਚ ਨਾਵਾਂ-ਕੁਨਾਵਾਂ ਦੀਆਂ ਪਰਚੀਆਂ ਭੇਜ ਕੇ, ਸਟੇਜ ਸਕੱਤਰਾਂ ਨੂੰ ਪਰੇਸ਼ਾਨ ਕਰਦਾ ਰਹਿੰਦਾ। ਪਰ ਅੱਜ ਉਹ ਆਪਣੀ ਕਵਿਤਾ ਸੁਣਾਉਣ ਲਈ ਮਾਈਕ ਉੱਤੇ ਪਹੁੰਚ ਚੁੱਕਾ ਸੀ

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਆਉਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ

ਇਹ ਕਵਿਤਾ ਉਸ ਨੇ ਪਹਿਲੀ ਵਾਰ ਇਸੇ ਕਵੀ ਦਰਬਾਰ ਵਿੱਚ ਪੜ੍ਹੀ। ਸ਼ਾਇਦ ਇਹ ਕਵਿਤਾ ਉਸ ਵੱਲੋਂ ਲਿਖੀ ਗਈ ਸਭ ਤੋਂ ਆਖ਼ਰੀ ਕਵਿਤਾ ਹੈ। ਇਸ ਕਵੀ ਦਰਬਾਰ ਤੋਂ ਕੁੱਝ ਦਿਨਾਂ ਬਾਅਦ ਉਹ ਮੈਨੂੰ ਜਲੰਧਰ ਬੱਸ ਅੱਡੇ ਉੱਤੇ ਮਿਲਿਆ। ਮੈਂ ਦੂਰਦਰਸ਼ਨ ਪਹੁੰਚਣ ਲਈ ਸਾਈਕਲ ਸਟੈਂਡ ਤੋਂ ਆਪਣਾ ਸਾਈਕਲ ਲੈਣਾ ਸੀ ਅਤੇ ਉਹ ਕਿਤੇ ਹੋਰ ਜਾਣ ਲਈ ਰਿਕਸ਼ਾ ਲੈ ਰਿਹਾ ਸੀ ਖੜ੍ਹੇ-ਖੜ੍ਹੇ ਮੈਂ ਉਸ ਨੂੰ ਦੱਸਿਆ "ਮੈਂ ਐੱਮ ਫਿੱਲ ਦੇ ਆਪਣੇ ਥੀਸਿਸ ਵਿੱਚ ਤੇਰੇ ਬਾਰੇ ਵੀ ਲਿਖਿਆ ਹੈ, ਹੁਣ ਮੈਂ ਉਸ ਦੀ ਕਿਤਾਬ ਛਪਵਾ ਰਿਹਾਂ।" ਉਹ ਉੱਚੀ ਦੇਣੀ ਹੱਸਿਆ, ਮੈਨੂੰ ਗਾਲ੍ਹ ਕੱਢ ਕੇ ਕਹਿੰਦਾ "ਤੂੰ ਹੁਣ ਮੇਰੇ 'ਤੇ ਗਾਈਡਾਂ ਲਿਖੇਗਾ ?" ਮੈਂ ਕੱਚਾ ਜਿਹਾ ਹੋ ਗਿਆ। ਉਹ ਰਿਕਸ਼ੇ 'ਤੇ ਬੈਠ ਕੇ ਚਲਾ ਗਿਆ। ਮੈਂ ਨਿੰਮਾ-ਨਿੰਮਾ ਮੁਸਕਰਾਉਂਦਾ ਆਪਣਾ ਸਾਈਕਲ ਚੁੱਕਣ ਸਾਈਕਲ ਸਟੈਂਡ ਅੰਦਰ ਜਾ ਵੜਿਆ ...

...ਅੱਜ 23 ਮਾਰਚ, 1988 ਸੀ, ਜਲੰਧਰ ਦੂਰਦਰਸ਼ਨ ਦੇ ਗੇਟ ਉੱਤੇ ਲੇਖਕਾਂ ਨੇ ਧਰਨਾ ਮਾਰਿਆ ਸੀ। ਮੰਗਾਂ ਸਨ ਕਿ ਉਨ੍ਹਾਂ ਨੂੰ ਕਵੀ ਦਰਬਾਰਾਂ ਵਿੱਚ ਬਹੁਤਾ ਸਮਾਂ ਨਹੀਂ ਮਿਲਦਾ।

ਬਾਹਰ ਭਾਸ਼ਣ ਚੱਲ ਰਹੇ ਸਨ ਅੰਦਰ ਅਸੀਂ ਲੇਖਕਾਂ ਦੀਆਂ ਮੰਗਾਂ ਬਾਰੇ ਵਿਚਾਰ ਕਰ ਰਹੇ ਸਾਂ

ਅਚਾਨਕ ਖ਼ਬਰ ਆਈ ਕਿ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਨੂੰ ਗੋਲੀਆਂ ਵੱਜੀਆਂ ਹਨ . . ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ ਅਸੀਂ ਸੁੰਨ ਹੋ ਗਏ। ਫ਼ੈਸਲਾ ਹੋਇਆ ਕਿ ਬਾਹਰ ਲੇਖਕਾਂ ਨੂੰ ਵੀ ਇਹ ਖ਼ਬਰ ਦੱਸ ਦਿੱਤੀ ਜਾਵੇ। ਡਲਕਦੀਆਂ ਅੱਖਾਂ ਅਤੇ ਭਰੇ ਹੋਏ ਮਨ ਨਾਲ ਬਾਹਰ ਜਾ ਕੇ ਅਸੀਂ ਇਹ ਖ਼ਬਰ ਲੇਖਕਾਂ ਨਾਲ ਸਾਂਝੀ ਕੀਤੀ ...ਧਰਨਾ ਇਕਦਮ ਖ਼ਤਮ ਹੋ ਗਿਆ ਰੋਹ ਭਰੇ ਸੋਗ ਦਾ ਸੰਨਾਟਾ ਚਾਰੇ ਪਾਸੇ ਪਸਰ ਗਿਆ।

ਪਾਸ਼ ਦੇ ਵਿਛੜੇ ਨੇ ਪਾਸ਼ ਨੂੰ ਇਕ ਮਿੱਥ ਵਾਂਗ ਸਥਾਪਿਤ ਕਰ ਦਿੱਤਾ। ਪਰ ਪਾਸ਼ ਦੇ ਅੰਤਹਕਰਨ ਵਿੱਚ ਚਲਦੇ ਕਮਿਊਨਿਸਟ ਸਿਧਾਂਤ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਦੇ ਵਿਸਥਾਰ ਨੂੰ, ਅਤੇ ਪਾਰਟੀਆਂ ਦੀ ਪੈਂਤੜੇਬਾਜ਼ੀ ਉੱਤੇ ਪੁਨਰ ਵਿਚਾਰ ਦੇ ਪ੍ਰਵਾਹ ਨੂੰ, ਪਾਸ਼ ਦੀ ਇਸ ਮਿੱਥ ਸਥਾਪਨਾ ਨੇ ਰੋਕ ਲਿਆ।

ਪਾਸ਼ ਜਦੋਂ ਵੀ ਯਾਦ ਆਉਂਦਾ ਹੈ, ਉਸ ਦੀਆਂ ਨੁਕੀਲੀਆਂ ਅੱਖਾਂ ਵਿੱਚ ਤੈਰਦੀ ਤਿੱਖੀ ਦ੍ਰਿਸ਼ਟੀ ਵਿੱਚੋਂ, ਉਹ ਚੇਸ਼ਟਾ ਸਾਫ਼ ਦਿਖਾਈ ਦਿੰਦੀ ਹੈ, ਜੋ ਇੱਕ ਨਵੇਂ ਸਮਾਜ ਦੀ ਸਿਰਜਣਾ ਅਤੇ ਸਾਹਿਤਕ- ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਨਿਵੇਕਲਾ ਨਿਰਮਾਣ ਕਰਨਾ ਚਾਹੁੰਦੀ ਸੀ

ਉਸ ਨੇ ਪੰਜਾਬੀ ਕਵਿਤਾ ਨੂੰ ਵਿਦਰੋਹ ਦਾ ਉਹ ਮੁਹਾਵਰਾ ਪ੍ਰਦਾਨ ਕੀਤਾ ਜਿਸ ਦੀ ਕੋਈ ਹੋਰ ਮਿਸਾਲ ਨਹੀਂ ਹੈ:

ਮੈਂ ਉਮਰ ਭਰ ਜਿਸਦੇ ਖਿਲਾਫ਼
ਸੋਚਿਆ ਅਤੇ ਲਿਖਿਆ
ਜੇ ਉਸ ਦੇ ਸੋਗ ਵਿੱਚ
ਸਾਰਾ ਹੀ ਦੇਸ਼ ਸ਼ਾਮਿਲ ਹੈ
ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ
(ਬੇਦਖਲੀ ਲਈ ਬਿਨੈ ਪੱਤਰ)

ਤਿੱਖੀ ਰਾਜਨੀਤਕ ਚੇਤਨਾ ਅਤੇ ਸੂਖ਼ਮ ਸੰਵੇਦਨਾ ਵਾਲੀ ਉਸ ਦੀ ਕਵਿਤਾ ਬਹੁ ਪਰਤੀ ਪਾਸਾਰਾਂ ਵਾਲੀ ਹੈ ਪ੍ਰਚਲਿਤ ਮਿੱਥਾਂ ਨੂੰ ਅਤਿ ਸੂਖ਼ਮਤਾ ਨਾਲ ਤੋੜਨ ਵਾਲੀ ਇਹ ਕਵਿਤਾ, ਸਮਕਾਲੀ ਸਥਿਤੀ ਨੂੰ, ਅੰਦਰੋਂ ਬਾਹਰੋਂ ਸਮਝਣ ਲਈ ਕਿਰਿਆਸ਼ੀਲ ਹੈ। ਸਿੱਧੇ ਸੰਬੋਧਨ ਦੀ ਇਹ ਕਵਿਤਾ ਨਾਹਰੇ ਵਾਂਗ ਦਿਸਦੀ ਹੋਈ ਵੀ ਨਾਹਰਾ ਨਹੀਂ ਹੈ। ਐਲਾਨ ਵਾਂਗ ਬੋਲਦੀ ਹੋਈ ਵੀ ਨਿਰਾ ਐਲਾਨ ਨਹੀਂ ਹੈ -

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਥੋੜੇ ਚਗਲੇ ਸੁਆਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿੱਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਧੀਆਂ ਦਾ ਕੰਜਕ ਜਿਹਾ ਹਾਸਾ.

ਉਹ ਇੱਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ ਗੰਭੀਰ ਚਿੰਤਕ ਸੀ, ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸਖਸ਼ੀਅਤ ਦੀ ਏਹੀ ਵਿਲੱਖਣਤਾ, ਬਹੁਤ ਸਾਰੀਆਂ ਵਿਰੋਧਤਾਈਆਂ ਦੇ ਬਾਵਜੂਦ ਉਸ ਨੂੰ ਸਾਡਾ ਦੋਸਤ ਬਣਾਈ ਰੱਖਦੀ ਸੀ।

(ਲੰਬੇ ਲੇਖ ਦਾ ਅੰਸ)

94171-94812
lakhvinderjohal@yahoo.com

# ਚੇਤਨਾ ਪ੍ਰੀਖਿਆ : ਪ੍ਰਭਾਵ ਤੇ ਅਹਿਸਾਸ

**ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ :** 2024 ਵਿੱਚ ਪੰਜਾਬ ਭਰ ਚੋਂ ਮੋਹਰੀ ਰਹੇ ਹੋਣਹਾਰ ਵਿਦਿਆਰਥੀਆਂ ਦੇ ਪ੍ਰੀਖਿਆ ਬਾਰੇ ਅਨੁਭਵ ਤੇ ਸੋਚਣ ਢੰਗ 'ਤੇ ਪਏ ਪ੍ਰਭਾਵ ਬਾਰੇ ਉਨ੍ਹਾਂ ਦੇ ਵਿਚਾਰ ਇਸ ਕਾਲਮ ਵਿੱਚ ਛਾਪਣ ਦੀ ਖ਼ੁਸ਼ੀ ਲੈ ਰਹੇ ਹਨ. .. .. ਅਦਾਰਾ

## ਹੌਸਲਾ ਬਣੀ ਪ੍ਰੀਖਿਆ



ਵਿਦਿਆਰਥੀ ਚੇਤਨਾ ਪ੍ਰੀਖਿਆ ਇੱਕ ਪ੍ਰੀਖਿਆ ਜਾਂ ਸਿਰਫ਼ ਇੱਕ ਕਿਤਾਬ ਨਹੀਂ। ਇਹ ਤਾਂ ਇੱਕ ਮਾਚਿਸ ਦੀ ਤੀਲੀ ਹੈ ਜੋ ਕਿ ਸਾਡੇ ਅੰਧ ਵਿਸ਼ਵਾਸ ਨੂੰ ਸਵਾਹ ਕਰ ਦਿੰਦੀ ਹੈ। ਮੈਂ ਇਹ ਪ੍ਰੀਖਿਆ ਪਹਿਲੀ ਵਾਰ ਦਿੱਤੀ ਅਤੇ 100 ਵਿੱਚੋਂ 98 ਅੰਕ ਪ੍ਰਾਪਤ ਕੀਤੇ। ਇਸ ਪ੍ਰੀਖਿਆ ਨੇ ਮੇਰਾ ਸਾਰਾ ਅੰਧ ਵਿਸ਼ਵਾਸ ਦੂਰ ਕੀਤਾ। ਮੈਨੂੰ ਕੁੱਝ ਕਰ ਦਿਖਾਉਣ ਤੇ ਆਪਣਾ ਭਵਿੱਖ ਸੰਵਾਰਨ ਦਾ ਹੌਂਸਲਾ ਦਿੱਤਾ। ਮੈਂ ਚਾਹੁੰਦੀ ਹਾਂ ਕਿ ਮੈਂ ਇਹ ਪ੍ਰੀਖਿਆ ਹਰ ਵਾਰ ਦੇਵਾਂ ਅਤੇ ਹਰ ਵਿਦਿਆਰਥੀ ਵੀ ਇਸ ਪ੍ਰੀਖਿਆ ਵਿੱਚ ਭਾਗ ਲੈਣ।

ਇਹ ਕਥਨ ਆਪਣੀ ਗੱਲ ਸਮਾਪਤ ਕਰਦੀ ਹਾਂ

ਧਰਮ ਕਹਿੰਦਾ ਹੈ ਤੁਸੀਂ ਸਵਾਲ ਨਾ ਕਰੋ, ਬੱਸ ਉਸ ਨੂੰ ਮੰਨਦੇ ਚਲੋ ਵਿਗਿਆਨ ਕਹਿੰਦਾ ਹੈ ਸਵਾਲ ਉਦੋਂ ਤੱਕ ਕਰੋ ਜਦੋਂ ਤੱਕ ਜਵਾਬ ਨਾ ਮਿਲ ਜਾਵੇ।

**ਸਿਦਕਪ੍ਰੀਤ ਕੌਰ,**
**ਜਮਾਤ ਛੇਵੀਂ**

## ਸੋਚ ਬਦਲੀ



ਸਾਡੇ ਸਮਾਜ ਵਿੱਚ ਬਹੁਤ ਲੋਕ ਅੰਧਵਿਸ਼ਵਾਸ ਵਿੱਚ ਫਸੇ ਹੋਏ ਹਨ। ਇਹ ਅੰਧਵਿਸ਼ਵਾਸ ਅੱਜ ਦੇ ਸਮੇਂ ਤੋਂ ਨਹੀਂ ਸਗੋਂ ਕਈ ਸਦੀਆਂ ਤੋਂ ਚਲਦਾ ਆ ਰਿਹਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਤੋਂ ਦੂਰ ਕਰਨ ਲਈ ਕਰਵਾਈ ਜਾਂਦੀ ਵਿਦਿਆਰਥੀ ਚੇਤਨਾ ਪ੍ਰੀਖਿਆ ਚੰਗਾ ਉੱਦਮ ਹੈ। ਇਸ ਵਾਰ ਦੀ ਪ੍ਰੀਖਿਆ ਵਿੱਚ ਮੈਂ ਵੀ ਭਾਗ ਲਿਆ ਤੇ ਸੱਤਵੀਂ ਕਲਾਸ ਵਿੱਚੋਂ 99 ਅੰਕ ਪ੍ਰਾਪਤ ਕਰਕੇ ਰਾਜ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਪ੍ਰੀਖਿਆ ਵਿੱਚ ਬੈਠਣ ਦਾ ਮੇਰਾ ਇਹ ਦੂਸਰਾ ਮੌਕਾ ਸੀ। ਪ੍ਰੀਖਿਆ ਪੁਸਤਕ ਪੜ੍ਹਨ ਤੋਂ ਬਾਅਦ ਮੈਂ ਹਰੇਕ ਚੀਜ਼ ਨੂੰ ਵਿਗਿਆਨਕ ਢੰਗ ਨਾਲ ਵੇਖਣਾ, ਪਰਖਣਾ ਤੇ ਸੋਚਣਾ ਸ਼ੁਰੂ ਕਰ ਦਿੱਤਾ

**ਦੀਪਿਕਾ ਰਾਣੀ, ਕਲਾਸ ਸੱਤਵੀਂ**
**ਆਦਰਸ਼ ਪਬਲਿਕ ਸਕੂਲ, ਬੁਤਰਾਣਾ**

## ਪ੍ਰੀਖਿਆ ਪੁਸਤਕ ਦਾ ਗਿਆਨ



ਮੈਂ ਚੇਤਨਾ ਪ੍ਰੀਖਿਆ ਬਾਰੇ ਆਪਣੇ ਕੁੱਝ ਕ ਵਿਚਾਰ ਤੁਹਾਡੇ ਨਾਲ ਸਾਂਝੇ ਕਰਨ ਲੱਗੀ ਹਾਂ। ਪ੍ਰੀਖਿਆ ਪੁਸਤਕ ਨੇ ਮੈਨੂੰ ਬਹੁਤ ਗਿਆਨ ਦਿੱਤਾ ਹੈ ਕਿ ਅੰਧ ਵਿਸ਼ਵਾਸਾਂ, ਵਹਿਮਾਂ - ਭਰਮਾਂ, ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਤੌਰ 'ਤੇ ਜਾਗਰੂਕ ਹੋ ਕੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਹੁਣ ਮੈਂ ਗੱਲ ਕਰਨੀ ਚਾਹਾਂਗੀ ਸਾਧੂ ਸੰਤਾਂ ਬਾਰੇ। ਸਾਧੂ ਸੰਤ ਅਨਪੜ੍ਹ ਲੋਕਾਂ ਨੂੰ ਠੱਗਦੇ ਹਨ ਅਤੇ ਉਹਨਾਂ ਨੂੰ ਲੁੱਟਦੇ ਹਨ, ਪਰ ਉਹ ਦਿਨ ਵੀ ਦੂਰ ਨਹੀਂ ਜਦੋਂ ਉਹ ਅਮੀਰ ਬਣ ਜਾਣਗੇ ਤੇ ਅਸੀਂ ਕੰਗਾਲ ਹੋ ਜਾਵਾਂਗੇ। ਜੇਕਰ ਹੁਣ ਵੀ ਕੋਈ ਪੁੱਛਣ ਵਾਲਾ ਹੋਵੇ, ਜੇ ਉਹਨਾਂ ਨੂੰ ਆਉਣ ਵਾਲੇ ਸਮੇਂ ਬਾਰੇ ਸਾਰਾ ਕੁੱਝ ਪਤਾ ਹੈ ਤਾਂ ਦੱਸਣ ਕਿ ਮਹਿੰਗਾਈ ਕਦੋਂ ਘਟੇਗੀ ? ਦੋ ਕਰੋੜ ਰੁਜ਼ਗਾਰ ਕਦੋਂ ਮਿਲੇਗਾ ? ਜੇਕਰ ਉਹਨਾਂ ਨੂੰ ਸਾਰਾ ਕੁੱਝ ਪਤਾ ਹੈ ਤਾਂ ਫਿਰ ਇਸ ਦੇਸ਼ ਦੇ ਵੱਡੇ ਵੱਡੇ ਸਕੂਲ ਐਜੂਕੇਸ਼ਨ ਦੇ ਅਦਾਰੇ ਬੰਦ ਕਰ ਕੇ, ਆਪਣਾ ਬਿਜਨਸ ਖੋਲ੍ਹ ਕੇ ਆਪਣਾ ਘਰ ਬਾਰ ਚਲਾ ਲਵੋ ਮੈਂ ਕਹਿਣਾ ਚਾਹਾਂਗੀ ਸਾਨੂੰ ਵਿਗਿਆਨਕ ਵਿਚਾਰਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਆਪਣੀ ਸੋਚ ਨੂੰ ਵਿਗਿਆਨਕ ਸੋਚ ਬਣਾਉਣਾ ਚਾਹੀਦਾ ਹੈ।

ਮੇਰੇ ਦੇਸ਼ ਵਾਸੀਓ, ਹਜ਼ਾਰਾਂ ਦੀ ਮੂਰਤੀ ਲਿਆ ਕੇ ਉਸਦੇ ਗੁਲਾਮ ਕਿਉਂ ਬਣਦੇ ਹੋ, ਸੌ ਰੁਪਏ ਦੀ ਕਿਤਾਬ ਲਿਆ ਕੇ ਵਿਦਵਾਨ ਕਿਉਂ ਨਹੀਂ ਬਣਦੇ ? ਤਰਕਸ਼ੀਲ ਪੜ੍ਹੋ ਤੇ ਤਰਕਸ਼ੀਲ ਬਣੋ ! ਧੰਨਵਾਦ.

**ਉੱਤਮਪ੍ਰੀਤ ਕੌਰ**
**ਜਮਾਤ ਅੱਠਵੀਂ**
**ਆਦਰਸ਼ ਪਬਲਿਕ ਸਕੂਲ, ਸ਼ੁਤਰਾਣਾ, (ਪਟਿਆਲਾ)**

## ਅਸਲ ਆਜ਼ਾਦੀ



ਹਰੇਕ ਵਿਦਿਆਰਥੀ ਦੀ ਪਰਵਰਿਸ਼ ਵਿੱਚ ਉਸਦੇ ਮਾਤਾ ਪਿਤਾ ਦਾ ਅਹਿਮ ਰੋਲ ਹੁੰਦਾ ਹੈ। ਮੇਰੇ ਮਾਪਿਆਂ ਨੇ ਬਚਪਨ ਤੋਂ ਹੀ ਮੈਨੂੰ ਤਰਕ ਨਾਲ ਸੋਚਣਾ ਸਿਖਾਇਆ ਹੈ ਮੇਰੀ ਸੋਚ ਮਾਪਿਆਂ ਦੀ ਦੇਣ ਹੈ। ਜਿਸ 'ਤੇ ਚਲਦਿਆਂ ਮੈਂ ਛੇਵੀਂ ਚੇਤਨਾ ਪ੍ਰੀਖਿਆ ਵਿੱਚੋਂ ਗਿਆਰ੍ਹਵੀਂ ਜਮਾਤ ਵਿੱਚ ਪੰਜਾਬ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ ਹੈ। ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਧੰਨਵਾਦੀ ਹਾਂ ਕਿ ਉਹ ਹਰ ਸਾਲ ਚੇਤਨਾ ਪ੍ਰੀਖਿਆ ਕਰਵਾ ਕੇ ਵਿਦਿਆਰਥੀਆਂ ਨੂੰ ਤਰਕ ਨਾਲ ਸੋਚਣ ਲਈ ਪ੍ਰੇਰਿਤ ਕਰਦੇ ਹਨ

ਪ੍ਰੀਖਿਆ ਪੁਸਤਕ ਵਿੱਚ ਹੇਮ ਰਾਜ ਸਟੈਨੋ ਵੱਲੋਂ ਲਿਖਿਆ ਲੇਖ 'ਅੰਧਵਿਸ਼ਵਾਸ ਤੇ ਆਤਮ ਵਿਸ਼ਵਾਸ' ਸਾਡੇ ਕਈ ਤਰ੍ਹਾਂ ਦੇ ਅੰਧਵਿਸ਼ਵਾਸਾਂ ਜਿਵੇਂ ਦੀਵਾਲੀ ਵਾਲੀ ਰਾਤ ਬੂਹੇ ਖੁੱਲ੍ਹੇ ਰੱਖਣਾ, ਤੇ ਧਰਤੀ ਦਾ ਬਲਦ ਦੇ ਸਿੰਗਾਂ 'ਤੇ ਟਿਕੇ ਹੋਣਾ ਨੂੰ ਦੂਰ ਕਰਦਾ ਹੈ। ਬਿਨ੍ਹਾਂ ਸੋਚੇ ਸਮਝੇ ਹਰੇਕ ਗੱਲ 'ਤੇ ਭਰੋਸਾ ਕਰ ਲੈਣ ਨੂੰ ਹੀ ਅੰਧਵਿਸ਼ਵਾਸ ਕਹਿੰਦੇ ਹਨ। ਅੰਧਵਿਸ਼ਵਾਸਾਂ ਨੂੰ ਫੈਲਾਉਣ ਵਿੱਚ ਬਹੁਤ ਵੱਡਾ ਹੱਥ ਟੀ ਵੀ ਸੀਰੀਅਲਾਂ ਦਾ ਵੀ ਹੈ। ਇਨ੍ਹਾਂ ਸੀਰੀਅਲਾਂ ਵਿੱਚ ਵਿਖਾਈਆਂ ਜਾਂਦੀਆਂ ਦੈਵੀ ਸ਼ਕਤੀਆਂ, ਦੇਵੀ ਦੇਵਤੇ ਬੱਚਿਆਂ ਨੂੰ ਸਾਇੰਸ ਤੋਂ ਬਿਲਕੁਲ ਦੂਰ ਕਰ ਦਿੰਦੇ ਹਨ। ਪ੍ਰੀਖਿਆ ਪੁਸਤਕ ਵਿੱਚ ਭਾਅ ਜੀ ਗੁਰਸ਼ਰਨ ਸਿੰਘ ਬਾਰੇ ਛਪੇ ਲੇਖ ਵਿੱਚ ਉਨ੍ਹਾਂ ਦਾ ਇਹ ਕਥਨ ਬਹੁਤ ਪਸੰਦ ਆਇਆ ਕਿ, ਜੀਵਨ ਵਿੱਚ ਅੱਗੇ ਵਧਣ ਦੇ ਦੋ ਹੀ ਰਾਹ ਹਨ : ਇੱਕ ਲੋਕਾਂ ਨੂੰ ਲਿਤਾੜ ਕੇ ਲੰਘਣ ਦਾ ਤੇ ਦੂਸਰਾ ਦੂਸਰਾ ਹੋਰਾਂ ਨੂੰ ਨਾਲ ਲੈ ਕੇ ਚੱਲਣ ਦਾ, ਮੈਂ ਦੂਸਰੇ ਦਾ ਰਾਹੀ ਹਾਂ।

ਇਸ ਲਈ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਪਹਿਲੇ ਰਾਹ 'ਤੇ ਚੱਲ ਕੇ ਕਦੇ ਸਫਲਤਾ ਨਹੀਂ ਮਿਲੇਗੀ। ਜੇਕਰ ਮਿਲ ਵੀ ਗਈ ਤਾਂ ਉਹ ਖੁਸ਼ੀ ਕਦੇ ਨਹੀਂ ਮਿਲੇਗੀ ਜਿਹੜੀ ਹੋਰਾਂ ਨੂੰ ਨਾਲ ਲੈ ਕੇ ਚੱਲਣ ਵਿੱਚ ਮਿਲੇਗੀ.

ਸਾਡੇ ਦੇਸ਼ ਭਗਤ ਸੂਰਮਿਆਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ ਨੇ ਕੁਰਬਾਨੀਆਂ ਨੇ ਸਾਨੂੰ ਅਜ਼ਾਦੀ ਲੈ ਕੇ ਦਿੱਤੀ। ਪਰ ਦੇਸ਼ 'ਤਾਂ ਅੱਜ ਵੀ ਆਜ਼ਾਦ ਨਹੀਂ ਹੈ ਕਿਉਂਕਿ ਇੱਥੇ ਅਮੀਰੀ ਗਰੀਬੀ ਦਾ ਪਾੜਾ, ਭ੍ਰਿਸ਼ਟਾਚਾਰ, ਭਰੂਣ ਹੱਤਿਆ ਜਿਉਂ ਦੀ ਤਿਉਂ ਕਾਇਮ ਹੈ। ਗ਼ਦਰੀ ਗੁਲਾਬ ਕੌਰ ਤੇ ਹੋਰਨਾਂ ਦੇਸ਼ ਭਗਤਾਂ ਦਾ ਆਜ਼ਾਦੀ ਦਾ ਸੁਪਨਾ ਸਾਕਾਰ ਕਰਨ ਲਈ ਸਾਡੀ ਜਨਰੇਸ਼ਨ ਨੂੰ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣਾ ਪਵੇਗਾ। ਸਮਾਜਿਕ ਬੁਰਾਈਆਂ ਖਿਲਾਫ਼ ਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਪਵੇਗੀ। ਜਿਸ ਦਿਨ ਲੋਕਾਂ ਨੂੰ ਸਮਝ ਆ ਗਈ ਕਿ ਧਰਮ ਦੇ ਨਾਂ 'ਤੇ ਲੜਨਾ ਹੈ ਜਾਂ ਸਰਕਾਰਾਂ ਵਿਰੁੱਧ, ਉਸ ਦਿਨ ਦੇਸ਼ ਨੂੰ ਅਸਲ ਆਜ਼ਾਦੀ ਮਿਲੇਗੀ

**ਮਨਪ੍ਰੀਤ ਕੌਰ, ਕਲਾਸ ਗਿਆਰ੍ਹਵੀਂ**
**ਹੋਲੀ ਹਰਟ ਪਬਲਿਕ ਸਕੂਲ, ਛਾਜਲੀ (ਸੰਗਰੂਰ)**

## ਮਿਟਾਈ ਅਗਿਆਨਤਾ ਦੀ ਧੁੰਦ



ਤਰਕਸ਼ੀਲ ਪ੍ਰੀਖਿਆ ਇੱਕ ਹੱਥ ਦੀ ਤਰ੍ਹਾਂ ਹੈ ਜਿਸ ਨੇ ਦੁਨੀਆਂ ਦੇ ਸਾਰੇ ਵਹਿਮਾਂ ਭਰਮਾਂ ਨੂੰ ਇੱਕ ਮੁੱਠੀ ਵਿੱਚ ਬੰਦ ਕਰਕੇ ਸਾਡੇ ਅੱਗੇ ਇੱਕ ਪੁਸਤਕ ਰਾਹੀਂ ਪੇਸ਼ ਕਰ ਦਿੱਤਾ ਹੈ ਜਿਸ ਨੇ ਸਾਡੇ ਅੰਦਰੋਂ ਅਗਿਆਨਤਾ ਦੀ ਧੁੰਦ ਨੂੰ ਮਿਟਾਇਆ ਹੈ। ਮੈਂ ਇਸ ਪ੍ਰੀਖਿਆ ਵਿੱਚ ਦੂਜੀ ਵਾਰ ਭਾਗ ਲਿਆ ਹੈ ਤੇ ਇਸ ਵਾਰ ਮੇਰੇ ਇਸ ਪ੍ਰੀਖਿਆ ਵਿੱਚੋਂ 92 ਨੰਬਰ ਆਏ ਹਨ ਤੇ ਮੈਂ ਗਿਆਰ੍ਹਵੀਂ ਜਮਾਤ ਵਿੱਚੋਂ ਪੂਰੇ ਪੰਜਾਬ ਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਪ੍ਰੀਖਿਆ ਪੁਸਤਕ ਨੂੰ ਪੜ੍ਹ ਕੇ ਹੀ ਮੈਨੂੰ ਇੱਕ ਅਸਲ ਜ਼ਿੰਦਗੀ ਜਿਉਣ ਦਾ ਢੰਗ ਪਤਾ ਲੱਗਿਆ ਹੈ ਕਿ ਕਿਵੇਂ ਸਾਨੂੰ ਹਰ ਗੱਲ ਨੂੰ ਤਰਕ ਦੀ ਕਸਵੱਟੀ 'ਤੇ ਰੱਖ ਕੇ ਪਰਖਣਾ ਚਾਹੀਦਾ ਹੈ ਤੇ ਫਿਰ ਉਸ ਉੱਤੇ ਅਮਲ ਕਰਨਾ ਚਾਹੀਦਾ ਹੈ। ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਇਸ ਕਿਤਾਬ ਨੇ ਕਈਆਂ ਦੀਆਂ ਜ਼ਿੰਦਗੀਆਂ ਰੁਸ਼ਨਾਈਆਂ ਹਨ। ਅੱਗੇ ਵੀ ਹੋਰਾਂ ਨੂੰ ਇਸ ਕਿਤਾਬ ਨੂੰ ਪੜ੍ਹ ਕੇ ਕਈ ਲਾਭ ਹੋਣਗੇ।

**ਐਸ਼ਦੀਪ ਸਿੰਘ**
**ਜਮਾਤ- ਗਿਆਰ੍ਹਵੀਂ**
**ਆਦਰਸ਼ ਪਬਲਿਕ ਸਕੂਲ, ਸ਼ੁਤਰਾਣਾ**



# ਮੇਰਾ ਅਨੁਭਵ

- ਅਜੇ ਸ਼ਰਮਾ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਜੂਨ 2024 ਵਿੱਚ ਤਿੰਨ ਰੋਜ਼ਾ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਲਗਾਇਆ ਗਿਆ ਜਿਸ ਵਿੱਚ ਮੈਂ ਆਪਣੇ ਦੋ ਸਾਥੀਆਂ ਸਮੇਤ ਸ਼ਾਮਲ ਹੋਇਆ। ਇਸ ਕੈਂਪ ਬਾਰੇ ਮੈਨੂੰ ਸਾਡੇ ਪਿੰਡ ਜੀਦਾ ਦੀ ਸ਼ਹੀਦ ਭਗਤ ਸਿੰਘ ਲਾਇਬਰੇਰੀ ਦੇ ਮੈਂਬਰ ਡਾ. ਕੇਵਲ ਜੀਦਾ ਤੋਂ ਜਾਣਕਾਰੀ ਮਿਲੀ। ਮੈਂ ਆਪਣੇ ਮਾਤਾ ਪਿਤਾ ਤੋਂ ਆਗਿਆ ਲੈ ਕੇ ਕੈਂਪ ਵਿੱਚ ਸ਼ਾਮਲ ਹੋਣ ਲਈ ਰਜਿਸਟ੍ਰੇਸ਼ਨ ਫਾਰਮ ਭਰ ਦਿੱਤਾ। ਮੇਰੇ ਨਾਲ ਮੇਰੇ ਦੋ ਸਾਥੀਆਂ ਗੁਲਸ਼ਨ ਸਿੰਘ ਤੇ ਕਿਰਤਪਾਲ ਸਿੰਘ ਨੇ ਵੀ ਮੇਰੇ ਨਾਲ ਹੀ ਰਜਿਸਟ੍ਰੇਸ਼ਨ ਕਰਵਾ ਦਿੱਤੀ। 7 ਜੂਨ ਨੂੰ ਅਸੀਂ ਨਿਸਚਿਤ ਸਮੇਂ 'ਤੇ ਤਰਕਸ਼ੀਲ ਭਵਨ ਬਰਨਾਲਾ ਜਾ ਪਹੁੰਚੇ। ਸ਼ੁਰੂਆਤ ਸਮੇਂ ਭਵਨ ਦੇ ਸੈਮੀਨਾਰ ਹਾਲ ਵਿੱਚ ਸੁਰਜੀਤ ਟਿੱਬਾ ਨੇ ਸਾਰਿਆਂ ਦਾ ਸੁਆਗਤ ਕੀਤਾ ਤੇ ਤਰਕਸ਼ੀਲ ਸੁਸਾਇਟੀ ਦੇ ਹਾਜ਼ਰ ਆਗੂਆਂ ਨਾਲ ਜਾਣ ਪਛਾਣ ਕਰਵਾਈ। ਫਿਰ ਸੈਮੀਨਾਰ ਵਿੱਚ ਸ਼ਾਮਲ ਹਰੇਕ ਵਿਦਿਆਰਥੀ ਨੂੰ ਮੰਚ 'ਤੇ ਆ ਕੇ ਜਾਣ ਪਛਾਣ ਕਰਾਉਣ ਦਾ ਮੌਕਾ ਦਿੱਤਾ ਗਿਆ। ਰਾਜਿੰਦਰ ਭਦੌੜ ਜੀ ਨੇ ਚੇਤਨਾ ਕੈਂਪ ਲਗਾਉਣ ਦਾ ਮਕਸਦ ਦੱਸਿਆ ਦੁਪਿਹਰ ਦੇ ਖਾਣੇ ਤੋਂ ਮਗਰੋਂ ਡਾ. ਗਗਨਦੀਪ ਜੀ ਦਾ ਨਸ਼ਿਆਂ ਦੀਆਂ ਕਿਸਮਾਂ ਤੇ ਹਾਨੀਆਂ ਬਾਰੇ ਲੈਕਚਰ ਬਹੁਤ ਵਧੀਆ ਲੱਗਾ। ਜਾਦੂ ਸਮਝਣ ਬਾਰੇ ਰਾਮ ਕੁਮਾਰ ਪਟਿਆਲਾ ਦਾ ਲੈਕਚਰ ਵੀ ਵਧੀਆ ਰਿਹਾ। ਪੰਜ ਲੱਖ ਦੇ ਇਨਾਮ ਬਾਰੇ ਰਾਜਿੰਦਰ ਭਦੌੜ ਦਾ ਲੈਕਚਰ ਜਾਣਕਾਰੀ ਭਰਪੂਰ ਸੀ। ਰਾਤ ਦੇ ਖਾਣੇ ਤੋਂ ਬਾਅਦ ਸਭਿਆਚਾਰਕ ਪ੍ਰੋਗਰਾਮ ਹੋਇਆ ਜਿਸ ਦੇ ਇੰਚਾਰਜ ਜੋਗਿੰਦਰ ਕੁੱਲੇਵਾਲ ਜੀ ਸਨ.

8 ਜੂਨ ਦੀ ਸਵੇਰੇ 5 ਵਜੇ ਉੱਠ ਕੇ ਕਸਰਤ ਗਰਾਊਂਡ ਵਿੱਚ ਪਹੁੰਚੇ ਜਿੱਥੇ ਮਨੋਜ ਮਲਿਕ ਜੀ ਦੇ ਹਿਊਮੈਨਿਸਟ ਗਰੁੱਪ ਵੱਲੋਂ ਗਰੁੱਪ ਲੀਡਰ ਅਰੁਣ ਦੀ ਅਗਵਾਈ ਵਿੱਚ ਕਸਰਤਾਂ ਦੇ ਨਾਲ ਨਾਲ ਕੰਮ ਦੀਆਂ ਗੱਲਾਂ ਦੱਸੀਆਂ ਗਈਆਂ। ਜਿੱਥੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਸੈਮੀਨਾਰ ਦੇ ਪਹਿਲੇ ਸ਼ੈਸ਼ਨ ਵਿੱਚ ਜਸਵੰਤ ਮੁਹਾਲੀ ਜੀ ਦਾ ਚੰਗੀ ਜੀਵਨ ਜਾਂਚ ਬਾਰੇ ਲੈਕਚਰ ਸੁਣਿਆ ਜਿਸ ਤੋਂ ਸਾਨੂੰ ਨਵਾਂ ਸਿੱਖਣ ਨੂੰ ਮਿਲਿਆ। ਮਨੁੱਖ ਦੇ ਇਸ ਧਰਤੀ 'ਤੇ ਆਉਣ ਬਾਰੇ ਰਾਜਪਾਲ ਬਠਿੰਡਾ ਜੀ ਦਾ ਲੈਕਚਰ ਵਧੀਆ ਸੀ. ਦੂਸਰੇ ਸ਼ੈਸ਼ਨ ਵਿੱਚ 'ਚਮਤਕਾਰਾਂ ਪਿੱਛੇ ਵਿਗਿਆਨ' ਲੈਕਚਰ ਵਿੱਚ ਜਸਵਿੰਦਰ ਸਿੰਘ ਪਟਿਆਲਾ ਨੇ ਸਾਇੰਸ ਦੇ ਅਨੇਕਾਂ ਟ੍ਰਿਕ ਵਿਖਾਏ ਤੇ ਸਮਝਾਏ। 'ਕੀ ਪੜ੍ਹੀਏ ਤੇ ਕਿਵੇਂ ਪੜ੍ਹੀਏ' ਬਾਰੇ ਡਾ. ਰਾਜਿੰਦਰ ਪਾਲ ਸਿੰਘ ਜੀ ਦਾ ਲੈਕਚਰ ਲੱਗਾ. ਮਨਦੀਪ ਮੌਲ਼ੀ ਜੀ ਨੇ ਆਪਣੇ ਲੈਕਚਰ ਰਾਹੀਂ ਸਾਈਬਰ ਕ੍ਰਾਈਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਰਾਤ ਦੇ ਸਭਿਆਚਾਰਕ ਪ੍ਰੋਗਰਾਮ ਵਿੱਚ ਗੀਤ ਤੇ ਜਾਦੂ ਦੇ ਟ੍ਰਿਕ ਵੇਖੇ, ਸੁਣੇ। ਇਸ ਪ੍ਰੋਗਰਾਮ ਦੀ ਆਖਰੀ ਪੇਸ਼ਕਾਰੀ ਬਿੰਦਰ ਧਨੌਲਾ ਨੇ ਕੀਤੀ.

9 ਜੂਨ ਦੇ ਸਵੇਰ ਕਸਰਤ ਨਾਲ ਸ਼ੁਰੂ ਹੋਈ. ਸੈਮੀਨਾਰ ਹਾਲ ਵਿੱਚ ਪਹਿਲਾ ਲੈਕਚਰ ਬਲਵੀਰ ਲੌਂਗੋਵਾਲ ਦਾ ਸੀ ਜਿਨ੍ਹਾਂ ਇਤਿਹਾਸ ਨੂੰ ਕਿਵੇਂ ਜਾਣੀਏ ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਅਗਲੇ ਸ਼ੈਸ਼ਨ ਵਿੱਚ ਪ੍ਰਿੰਸੀਪਲ ਹਰਿੰਦਰ ਕੌਰ, ਜਸਵੰਤ ਮੁਹਾਲੀ ਤੇ ਸੁਰਜੀਤ ਟਿੱਬਾ ਦੀ ਅਗਵਾਈ ਵਿੱਚ ਕੁਇਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਚਾਰ ਟੀਮਾਂ ਨੇ ਭਾਗ ਲਿਆ। ਇਸ ਤੋਂ ਬਾਅਦ ਰਾਜਿੰਦਰ ਭਦੌੜ ਜੀ ਨੇ ਆਪਣੇ ਲੈਕਚਰ ਵਿੱਚ 'ਸਿੱਖਿਆ ਤੇ ਮਾਨਸਿਕ ਰੋਗਾਂ' ਬਾਰੇ ਦੱਸਿਆ। ਇਸ ਸਮੇਂ ਮਨੋਜ ਮਲਿਕ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ. ਆਖਰੀ ਸ਼ੈਸ਼ਨ ਵਿੱਚ ਕੁਇਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਤੇ ਵਧੀਆ ਪੇਸ਼ਕਾਰੀ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਚੇਤਨਾ ਕੈਂਪ ਵਿੱਚ ਸ਼ਾਮਲ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਸਮਾਪਤੀ 'ਤੇ ਅਸੀਂ ਹਿਊਮੈਨਿਸਟ ਗਰੁੱਪ ਦੀਆਂ ਟੀ ਸ਼ਰਟਾਂ ਤੇ ਸੁਸਾਇਟੀ ਦੀਆਂ ਪੁਸਤਕਾਂ ਖਰੀਦੀਆਂ।

ਵਾਪਸੀ 'ਤੇ ਬਰਨਾਲਾ ਦਾਣਾ ਮੰਡੀ ਵਿੱਚ ਕਵੀ ਸੁਰਜੀਤ ਪਾਤਰ ਦੇ ਸ਼ਰਧਾਂਜਲੀ ਸਮਾਗਮ ਵਿੱਚ ਵੀ ਸ਼ਾਮਲ ਹੋਏ। ਇਹ ਕੈਂਪ ਮੈਨੂੰ ਜ਼ਿੰਦਗੀ ਭਰ ਯਾਦ ਰਹੇਗਾ ਕਿਉਂਕਿ ਇਸ ਕੈਂਪ ਦੌਰਾਨ ਮੇਰੇ ਵੱਖ ਵੱਖ ਜ਼ਿਲ੍ਹਿਆਂ ਤੋਂ ਦੋਸਤ ਬਣੇ। ਆਸ ਕਰਦਾ ਹਾਂ ਕਿ ਤਰਕਸ਼ੀਲ ਸੁਸਾਇਟੀ ਅਜਿਹੇ ਕੈਂਪ ਹਰ ਸਾਲ ਲਗਾਉਂਦੀ ਰਹੇਗੀ।

ਜਮਾਤ ਦਸਵੀਂ

# ਸਰੀਰ ਪ੍ਰਦਾਨੀ

**1. ਮਾਤਾ ਨੰਦ ਕੌਰ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਕੀਤਾ ਪ੍ਰਦਾਨ :**



ਮਾਨਸਾ ਦੇ ਨੇੜਲੇ ਪਿੰਡ ਸਹਾਰਨਾ ਦੀ ਮਾਤਾ ਨੰਦ ਕੌਰ ਜੀਵਨ ਸਾਥਣ ਮੇਜਰ ਸਿੰਘ ਜੀ ਦੀ 90 ਸਾਲ ਦੀ ਉਮਰ ਵਿੱਚ ਮੌਤ ਹੋਣ 'ਤੇ ਉਹਨਾਂ ਦਾ ਮ੍ਰਿਤਕ ਸਰੀਰ ਆਦੇਸ਼ ਹਸਪਤਾਲ ਨੂੰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਮਾਨਸਾ ਦੇ ਆਗੂ ਮਾ. ਲੱਖਾ ਸਿੰਘ ਨੇ ਪਿੰਡ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਤਾ ਨੰਦ ਕੌਰ ਨੇ ਆਪਣੇ ਜਿਉਂਦੇ ਜੀ ਸਰੀਰ ਪ੍ਰਦਾਨ ਲਈ ਫਾਰਮ ਭਰ ਦਿੱਤਾ ਸੀ ਤੇ ਇਹ ਵੀ ਕਿਹਾ ਸੀ ਕਿ ਮੇਰੇ ਭੋਗ 'ਤੇ ਕਿਸੇ ਵੀ ਪ੍ਰਕਾਰ ਦੀ ਮਿਠਾਈ ਨਾ ਬਣਾਈ ਜਾਵੇ। ਸਾਦਾ ਰੋਟੀ ਪਾਣੀ ਦਿੱਤਾ ਜਾਵੇ, ਪਰਿਵਾਰ ਨੇ ਮਾਤਾ ਦੇ ਬੋਲਾਂ 'ਤੇ ਪਹਿਰਾ ਦਿੱਤਾ ਹੈ ਜੋ ਬਹੁਤ ਵੱਡਾ ਉੱਦਮ ਹੈ। ਡਾ. ਪ੍ਰਮੋਦ ਕੁਮਾਰ ਨੇ ਕਿਹਾ ਕਿ ਪੁਰਾਣੇ ਸਮਿਆਂ ਵਿੱਚ ਡਾਕਟਰ ਬਣਨ ਲਈ ਮਨੁੱਖੀ ਸਰੀਰ ਨਹੀਂ ਸਨ ਮਿਲਦੇ। ਉਸ ਸਮੇਂ ਡਾਕਟਰ ਲੋਕ ਕਬਰਾਂ ਵਿੱਚੋਂ ਮੁਰਦੇ ਕੱਢਕੇ ਵੀ ਖੋਜਾਂ ਕਰਦੇ ਰਹੇ ਹਨ ਅਤੇ ਉਨ੍ਹਾਂ ਨੇ ਜੇਲ੍ਹਾਂ ਵੀ ਕੱਟੀਆਂ ਸਨ। ਹੁਣ ਜਦੋਂ ਤਰਕਸ਼ੀਲ ਸੁਸਾਇਟੀ ਵਰਗੀਆਂ ਜਥੇਬੰਦੀਆਂ ਹੋਂਦ ਵਿੱਚ ਆਈਆਂ ਤਾਂ ਉਨ੍ਹਾਂ ਨੇ ਲੋਕਾਂ ਨੂੰ ਵਿਗਿਆਨਕ ਵਿਚਾਰਧਾਰਾ ਨਾਲ ਜੋੜਿਆ ਤੇ ਲੋਕਾਂ ਨੂੰ ਰੂੜੀਵਾਦੀ ਵਿਚਾਰਾਂ 'ਚੋਂ ਕੱਢ ਕੇ ਮਨੁੱਖ ਦੇ ਭਲੇ ਲਈ ਜਾਗ ਲਾਉਣਾ ਸ਼ੁਰੂ ਕੀਤਾ। ਲੋਕਾਂ ਵਿੱਚ ਜਾਗਰੂਕਤਾ ਆਈ ਹੈ, ਹੁਣ ਡਾਕਟਰ ਬਣ ਰਹੇ ਬੱਚੇ ਅਸਲੀ ਮਨੁੱਖੀ ਸਰੀਰਾਂ 'ਤੇ ਅਭਿਆਸ ਕਰ ਰਹੇ ਹਨ। ਉਹ ਭਵਿੱਖ ਦੇ ਚੰਗੇ ਡਾਕਟਰ ਬਣਨਗੇ। ਇਸ ਮੌਕੇ ਪਰਿਵਾਰਕ ਮੈਂਬਰ ਗੁਰਮੀਤ ਕੌਰ, ਗੁਰਜੀਤ ਕੌਰ, ਕੁੰਦਨ ਸਿੰਘ, ਗੁਰਵਿੰਦਰ ਸਿੰਘ, ਬਘੇਲ ਸਿੰਘ, ਸੇਵਕ ਸਿੰਘ ਅਤੇ ਤਰਕਸ਼ੀਲ ਸੁਸਾਇਟੀ ਦੇ ਆਗੂ ਸੁਰਿੰਦਰ ਸਿੰਘ, ਗੁਰਦੀਪ ਸਿੰਘ, ਮਾ. ਹਰਬੰਸ ਸਿੰਘ, ਦਲਵਿੰਦਰ ਸਿੰਘ, ਗੁਰਮਲ ਸਿੰਘ ਆਦਿ ਹਾਜ਼ਰ ਸਨ।

**-ਭੁਪਿੰਦਰ ਫੌਜੀ**

**2. ਪਿੰਡ ਪਾਨਾ ਵਿੱਚ ਸੇਵਕ ਸਿੰਘ ਦੀ ਮ੍ਰਿਤਕ ਦੇਹ ਮੈਡੀਕਲ ਕਾਲਜ ਬਠਿੰਡਾ ਨੂੰ ਸੌਂਪੀ :**



2015 ਵਿੱਚ ਸੇਵਕ ਸਿੰਘ ਖਹਿਰਾ ਨੇ ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਕਾਲਾਂਵਾਲੀ ਨੂੰ ਮੌਤ ਤੋਂ ਬਾਅਦ ਆਪਣੀ ਦੇਹ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦਾ ਹਲਫ਼ੀਆ ਬਿਆਨ ਦਿੱਤਾ ਹੋਇਆ ਸੀ। ਇਹ ਪਿੰਡ ਵਿੱਚ ਸੁਸਾਇਟੀ ਦੇ ਸਹਿਯੋਗ ਸਦਕਾ ਦੂਜਾ ਸਰੀਰ ਪ੍ਰਦਾਨ ਹੋਇਆ ਹੈ। ਕੁੱਝ ਸਮਾਂ ਪਹਿਲਾਂ ਮਾਸਟਰ ਜੰਟਾ ਸਿੰਘ ਦਾ ਸਰੀਰ ਵੀ ਪ੍ਰਦਾਨ ਹੋਇਆ ਸੀ। ਏਸੇ ਤਰ੍ਹਾਂ ਹੋਰ ਵੀ ਪਿੰਡ ਦੇ ਲੋਕਾਂ ਨੇ ਇਸ ਤਰਾਂ ਦੇ ਪ੍ਰਣ ਪੱਤਰ ਭਰਕੇ ਦਿੱਤੇ ਹੋਏ ਹਨ। ਸੇਵਕ ਸਿੰਘ ਦੀ ਬ੍ਰੇਨ ਸਟਰੋਕ ਕਾਰਨ ਮੌਤ ਹੋ ਗਈ। ਉਹਨਾਂ ਦੇ ਲੜਕੇ ਰਣਜੀਤ ਸਿੰਘ ਖਹਿਰਾ ਅਤੇ ਪਿੰਡ ਦੇ ਡਾਕਟਰ ਗੁਰਪ੍ਰੀਤ ਸਿੰਘ ਨੇ ਉਸੇ ਸਮੇਂ ਤਰਕਸ਼ੀਲ ਸੁਸਾਇਟੀ ਕਾਲਾਂਵਾਲੀ ਦੇ ਪ੍ਰਧਾਨ ਮਾਸਟਰ ਸ਼ਮਸ਼ੇਰ ਚੋਰਮਾਰ ਨੂੰ ਸੂਚਿਤ ਕੀਤਾ ਸੀ। ਬਠਿੰਡਾ ਏਮਜ਼ ਦੇ ਡਾ.ਨਵਿਤਾ ਨਾਲ ਸੰਪਰਕ ਕੀਤਾ ਗਿਆ ਅਤੇ ਲੋੜੀਂਦੇ ਦਸਤਾਵੇਜ਼ ਤਿਆਰ ਕਰਕੇ ਇਜਾਜ਼ਤ ਲਈ ਗਈ। ਇਸ ਉਪਰੰਤ ਸੇਵਕ ਸਿੰਘ ਦੀ ਮ੍ਰਿਤਕ ਦੇਹ ਨੂੰ ਪਿੰਡ ਦੇ ਮੁੱਖ ਗੇਟ 'ਤੇ ਰੱਖ ਕੇ ਪਰਿਵਾਰਕ ਮੈਂਬਰਾਂ, ਉਹਨਾਂ ਦੀ ਪਤਨੀ ਲਖਵੀਰ ਕੌਰ, ਰਣਜੀਤ ਸਿੰਘ, ਨੂੰਹ ਵੀਰਪਾਲ ਕੌਰ, ਰਿਸ਼ਤੇਦਾਰਾਂ, ਪਿੰਡ ਵਾਸੀਆਂ ਅਤੇ ਦੋਸਤਾਂ ਵੱਲੋਂ ਇੱਕ ਸ਼ੋਕ ਸਭਾ ਕੀਤੀ ਗਈ। ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਅਤੇ ਹੋਰ ਕਈ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਫੁੱਲ ਭੇਂਟ ਕਰਕੇ ਅੰਤਿਮ ਵਿਦਾਇਗੀ ਦਿੱਤੀ। ਉਸ ਤੋਂ ਬਾਅਦ ਸਹਾਰਾ ਕਲੱਬ ਦੀ ਐਂਬੂਲੈਂਸ ਰਾਹੀਂ ਸੇਵਕ ਸਿੰਘ ਦੀ ਮ੍ਰਿਤਕ ਦੇਹ ਨੂੰ ਏਮਜ਼ ਲਿਜਾਇਆ ਗਿਆ। ਇਸ ਮੌਕੇ ਸ਼ਮਸ਼ੇਰ ਚੋਰਮਾਰ ਨੇ ਇਸ ਕਾਰਜ ਲਈ ਸਮੁੱਚੇ ਪਰਿਵਾਰ ਅਤੇ ਸੇਵਕ ਸਿੰਘ ਦੇ ਅਗਾਂਹਵਧੂ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਮਨੁੱਖਤਾ ਦੀ ਭਲਾਈ ਲਈ ਇੱਕ ਉੱਤਮ ਫੈਸਲਾ ਦੱਸਿਆ। ਉਨ੍ਹਾਂ ਰੂੜੀਵਾਦੀ ਵਿਚਾਰਾਂ ਅਤੇ ਰੀਤੀ-ਰਿਵਾਜਾਂ ਨੂੰ ਛੱਡ ਕੇ ਆਧੁਨਿਕ, ਨਵੇਂ ਵਿਚਾਰਾਂ ਨੂੰ ਅਪਣਾਉਣ ਵਾਲੇ ਅਜਿਹੇ ਕਾਰਜ ਨੂੰ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਇੱਕ ਚੰਗਾ ਸੰਦੇਸ਼ ਕਿਹਾ। ਮਾਸਟਰ ਅਜਾਇਬ ਜਲਾਲਆਣਾ ਨੇ ਕਿਹਾ ਕਿ ਮੌਤ ਦੇ ਨੇੜੇ ਜਾ ਰਹੇ ਲੋਕਾਂ ਦੀ ਜਾਨ ਬਚਾਉਣ ਲਈ ਵਿਗਿਆਨਕ ਨਜ਼ਰੀਏ ਤੋਂ ਅੱਜ ਦੇ ਸਮੇਂ ਵਿਚ ਖ਼ੂਨ ਪ੍ਰਦਾਨ ਕਰਨਾ, ਅੱਖਾਂ ਪ੍ਰਦਾਨ ਕਰਨਾ ਅਤੇ ਸਰੀਰ ਪ੍ਰਦਾਨ ਕਰਨਾ ਸਭ ਤੋਂ ਉੱਤਮ ਕਾਰਜ ਮੰਨਿਆ ਜਾਂਦਾ ਹੈ। ਇਸ ਮੌਕੇ ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਅਤੇ ਡਾ. ਗੁਰਪ੍ਰੀਤ ਸਿੰਘ ਨੇ ਵੀ ਪਰਿਵਾਰ, ਤਰਕਸ਼ੀਲਾਂ ਅਤੇ ਸਹਾਰਾ ਕਲੱਬ ਕਾਲਾਂਵਾਲੀ ਦੀ ਟੀਮ ਦਾ ਧੰਨਵਾਦ ਕੀਤਾ।

**ਅਜੈਬ ਜਲਾਲਆਣਾ**

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ।**

ਪਰਦਾਫਾਸ਼

# 'ਭੂਤਾਂ-ਪ੍ਰੇਤਾਂ ਦੇ ਵਾਸੇ ਵਾਲੇ ਚਮਤਕਾਰੀ' ਖੰਭੇ ਦਾ ਸੱਚ ਲਿਆਂਦਾ ਸਾਹਮਣੇ

ਜਗਰਾਉਂ ਨੇੜੇ ਪਿੰਡ ਹਾਂਸ ਕਲਾਂ ਵਿਖੇ ਇੱਕ ਵਿਅਕਤੀ ਵੱਲੋਂ ਇਹ ਅਫਵਾਹ ਫੈਲਾਈ ਗਈ ਕਿ ਉੱਥੋਂ ਦੇ ਸ਼ਮਸ਼ਾਨ ਘਾਟ ਵਿੱਚ ਖੇਡਣ ਲਈ ਲਗਾਏ ਗਏ ਨੈੱਟ ਦੇ ਦੋ ਖੰਭਿਆਂ ਵਿੱਚੋਂ ਇੱਕ ਖੰਭਾ ਬਿਨ੍ਹਾਂ ਹਿਲਾਇਆ ਆਪਣੇ ਆਪ ਹਿੱਲਦਾ ਹੈ ਅਤੇ ਜੋ ਵੀ ਇਸ ਨੂੰ ਹੱਥ ਲਾਉਂਦਾ ਹੈ, ਉਹ ਸ਼ਮਸ਼ਾਨ ਘਾਟ ਦਾ ਗੇਟ ਵੀ ਨਹੀਂ ਟੱਪਦਾ ਕਿ ਉਸਦਾ ਕੋਈ ਨੁਕਸਾਨ ਹੋ ਜਾਂਦਾ ਹੈ। ਇਹ ਅੰਧ ਵਿਸ਼ਵਾਸ਼ ਫੈਲਾਅ ਦਿੱਤਾ ਗਿਆ ਕਿ ਇਸ ਥਾਂ 'ਤੇ ਭੂਤਾਂ ਪ੍ਰੇਤਾਂ ਦਾ ਵਾਸਾ ਹੈ ਤੇ ਉਹੀ ਇਸਨੂੰ ਹਿਲਾਉਂਦੀਆਂ ਹਨ। ਇੱਥੋਂ ਤੱਕ ਕਿ ਉਸ ਵਿਅਕਤੀ ਵੱਲੋਂ ਉਸਦੀ ਵੀਡੀਓ ਬਣਾ ਕੇ ਵੀ ਫੇਸਬੁਕ 'ਤੇ ਪਾ ਦਿੱਤੀ ਗਈ ਅਤੇ ਇੱਕ ਟੀ ਵੀ ਚੈਨਲ ਨੇ ਇਸ ਦੀ ਬਿਨ੍ਹਾਂ ਵਿਗਿਆਨਕ ਪੜਤਾਲ ਕੀਤਿਆਂ ਇਸ ਅੰਧਵਿਸ਼ਵਾਸ ਨੂੰ ਲੋਕਾਂ ਵਿੱਚ ਹੋਰ ਵੀ ਪੁਖਤਾ ਕਰ ਦਿੱਤਾ

> **ਪਿੰਡ ਹਾਂਸ ਕਲਾਂ (ਜਗਰਾਉਂ) ਵਿਖੇ ਇੱਕ ਸ਼ਮਸ਼ਾਨ ਘਾਟ ਵਿੱਚ ਹਿਲਦੇ 'ਚਮਤਕਾਰੀ' ਖੰਭੇ ਦਾ ਪਰਦਾ ਫਾਸ਼**

ਇਹ ਘਟਨਾ ਤਰਕਸ਼ੀਲ ਸੁਸਾਇਟੀ ਜਗਰਾਉਂ ਦੇ ਨੋਟਿਸ ਵਿੱਚ ਆਈ ਤੇ ਅਗਲੇ ਦਿਨ ਸੁਸਾਇਟੀ ਦੇ ਆਗੂ ਸੁਰਜੀਤ ਦੌਧਰ, ਗੁਰਮੀਤ ਮੱਲ੍ਹਾ, ਕਮਲਜੀਤ ਬੁਜਗਰ, ਟੀ ਵੀ. ਚੈਨਲ 'ਦੁਨੀਆਂ' ਤੇ 'ਲੋਕ ਅਵਾਜ਼' ਦੇ ਕਾਰਕੁਨ ਲੈ ਕੇ ਪਿੰਡ ਹਾਂਸ ਕਲਾਂ ਦੇ ਸ਼ਮਸ਼ਾਨ ਘਾਟ ਵਿੱਚ ਪਹੁੰਚੇ। ਲੋਕਾਂ ਦੀ ਮੌਜੂਦਗੀ ਵਿੱਚ ਹਿਲਦੇ ਖੰਭੇ ਬਾਰੇ ਪੜਤਾਲ ਕੀਤੀ ਗਈ ਜਿਸ ਦੇ ਬਾਰੇ ਇਹ ਅੰਧ ਵਿਸ਼ਵਾਸ ਫੈਲਾਇਆ ਗਿਆ ਸੀ ਕਿ ਇੱਥੇ ਭੂਤ ਪ੍ਰੇਤਾਂ ਹਨ, ਜੋ ਇਸਨੂੰ ਹੱਥ ਲਾਏਗਾ ਉਹ ਗੇਟ ਨਹੀਂ ਟੱਪ ਸਕਦਾ। ਇੱਥੇ 'ਸ਼ਹੀਦਾਂ' ਦੀਆਂ ਪੂਜਾ ਮਟੀਆਂ ਹਨ ਆਦਿ।

ਅਸਲ ਵਿੱਚ ਜਿਸ ਥਾਂ 'ਤੇ ਖੰਭਾ ਲੱਗਿਆ ਹੋਇਆ ਸੀ ਉਸ ਥਾਂ 'ਤੇ ਜ਼ਮੀਨ ਵਿੱਚ ਪੋਲ ਬਣ ਚੁੱਕੀ ਸੀ। ਖੰਭੇ ਦਾ ਸੀਮਿੰਟ ਜ਼ਮੀਨ ਤੋਂ ਵੱਖ ਹੋ ਗਿਆ ਸੀ ਤੇ ਤ੍ਰੇੜ/ਵਿੱਥ ਸਾਫ਼ ਨਜ਼ਰ ਆਉਂਦੀ ਸੀ ਜੋ ਥੋੜਾ ਜਿਹਾ ਹਿਲਾਉਣ ਨਾਲ ਜਾਂ ਹਵਾ ਨਾਲ ਕਾਫੀ ਸਮਾਂ ਝੂਲਦਾ ਰਹਿੰਦਾ ਸੀ। ਸੁਸਾਇਟੀ ਦੇ ਸਾਰੇ ਸਾਥੀਆਂ ਤੇ ਟੀ ਵੀ ਚੈਨਲਾਂ ਦੇ ਕਾਰਕੁਨਾਂ ਵੱਲੋਂ ਖੰਭੇ ਨੂੰ ਹੱਥ ਲਗਾਇਆ ਗਿਆ ਅਤੇ ਹਿਲਾਇਆ ਗਿਆ ਸ਼ਮਸ਼ਾਨ ਘਾਟ ਦੇ ਗੇਟ ਤੋਂ ਬਾਹਰ ਆ ਗਏ ਅਤੇ ਮੌਜੂਦ ਲੋਕਾਂ ਨੂੰ ਦੱਸਿਆ ਕਿ "ਸਾਨੂੰ ਕੁਝ ਨਹੀਂ ਹੋਇਆ।"

ਤਰਕਸ਼ੀਲ ਸਾਥੀਆਂ ਵੱਲੋਂ ਮੌਜੂਦ ਲੋਕਾਂ ਨੂੰ ਸਪਸ਼ਟ ਕੀਤਾ ਗਿਆ ਅਤੇ ਵਿਗਿਆਨਕ ਨਜ਼ਰੀਏ ਨਾਲ ਸਮਝਾਇਆ ਗਿਆ ਕਿ "ਦੁਨੀਆਂ ਵਿੱਚ ਕਿਤੇ ਕੋਈ ਭੂਤ ਪ੍ਰੇਤ ਨਹੀਂ ਹੁੰਦਾ, ਕੋਈ ਬਾਹਰੀ ਜਾਂ ਉਪਰੀ ਸ਼ਕਤੀ ਨਹੀਂ ਹੁੰਦੀ। ਅਜਿਹੇ ਅੰਧ ਵਿਸ਼ਵਾਸ ਮਾਨਸਿਕ ਰੋਗੀ ਅਤੇ ਸਵਾਰਥੀ ਲੋਕਾਂ ਵੱਲੋਂ ਆਪਣਾ ਤੋਰੀ ਫੁਲਕਾ ਚਲਦਾ ਰੱਖਣ ਲਈ ਅਤੇ ਸਿਆਸੀ ਲੋਕਾਂ ਵੱਲੋਂ ਆਪਣੇ ਮੁਫ਼ਾਦ ਲਈ ਫੈਲਾਏ ਜਾਂਦੇ ਹਨ ਕਿਉਂਕਿ ਜਿੰਨੇ ਲੋਕ ਅੰਧਵਿਸ਼ਵਾਸੀ, ਲਾਈਲੱਗ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਹੀਣੇ ਹੋਣਗੇ ਉਨ੍ਹਾ ਲੋਕ ਵਿਰੋਧੀ ਸਿਆਸਤ ਅਤੇ ਲੁਟੇਰੇ ਨਿਜ਼ਾਮ ਲਈ ਲਾਹੇਵੰਦ ਹੋਵੇਗਾ।"

ਤਰਕਸ਼ੀਲਾਂ ਦੀ ਇਸ ਕਾਰਵਾਈ 'ਤੇ ਲੋਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਤੇ ਉਨ੍ਹਾਂ ਵੱਲੋਂ ਸਰਾਹਨਾ ਕੀਤੀ ਗਈ। ਸੁਸਾਇਟੀ ਦੇ ਆਗੂਆਂ ਵੱਲੋਂ ਇਹ ਵੀ ਆਖਿਆ ਗਿਆ ਕਿ ਜੇ ਪਿੰਡ ਵਾਲੇ ਆਗਿਆ ਦੇਣ ਤਾਂ ਉਹ ਖੰਭੇ ਅਤੇ ਨੈੱਟ ਨਵਾਂ ਲਗਵਾ ਦੇਣਗੇ ਅਤੇ ਇਹਨਾਂ ਕੁ ਪ੍ਰਚਾਰੇ 'ਚਮਤਕਾਰੀ' ਖੰਭਿਆਂ/ਨੈੱਟ ਨੂੰ ਆਪ ਚੁੱਕ ਕੇ ਲੈ ਜਾਣਗੇ।

**ਕਰਤਾਰ ਸਿੰਘ ਵੀਰਾਨ**

**98883-39099**

---

**ਸਫ਼ਾ 26 ਦਾ ਬਾਕੀ**

ਅਜਿਹੇ ਅੰਧਵਿਸ਼ਵਾਸ ਦੇ ਆਮ ਜਨਮਾਨਸ 'ਤੇ ਬਹੁਤ ਨੁਕਸਾਨ ਹੁੰਦੇ ਹਨ ਅਜਿਹੇ ਸਥਾਨਾਂ ਨੂੰ ਧਾਰਮਿਕ ਸਥਲ ਬਣਾਉਣ ਨਾਲ ਬੇਲੋੜੇ ਖਰਚ ਵੱਧਦੇ ਹਨ, ਅਤੇ ਓਥੇ ਆਉਣ ਵਾਲੇ ਲੋਕਾਂ ਵਿਚ ਗੈਰ ਵਿਗਿਆਨਕ ਨਜ਼ਰੀਏ ਪ੍ਰਫੁੱਲਤ ਹੁੰਦੇ ਹਨ ਜਿਸ ਕਾਰਨ ਵਿਗਿਆਨਕ ਜਾਗਰੂਕਤਾ ਦੀ ਘਾਟ ਹੋਣ ਕਰਕੇ ਲੋਕ ਵਿਗਿਆਨਕ ਸੱਚਾਈਆਂ ਦੀ ਬਜਾਏ ਵਹਿਮਾਂ ਭਰਮਾਂ 'ਤੇ ਵਿਸ਼ਵਾਸ ਕਰਨ ਲੱਗ ਜਾਂਦੇ ਹਨ।

**ਤਰਕਸ਼ੀਲ ਸਿੱਖਿਆ ਦੀ ਅਹਿਮੀਅਤ**

ਸਿੱਖਿਆ ਪ੍ਰਣਾਲੀ ਵਿੱਚ ਇਸ ਤਰ੍ਹਾਂ ਦੇ ਭੂ ਵਿਗਿਆਨਕ ਸਿਧਾਂਤਾਂ ਦੀ ਜਿਆਦਾ ਤੋਂ ਜਿਆਦਾ ਜਾਣਕਾਰੀ ਦੇਣ ਦੀ ਲੋੜ ਹੈ। ਲੋਕਾਂ ਨੂੰ ਸਮਝਾਉਣਾ ਜ਼ਰੂਰੀ ਹੈ ਕਿ ਕੁਦਰਤੀ ਘਟਨਾਵਾਂ ਨੂੰ ਚਮਤਕਾਰ ਨਹੀਂ ਸਮਝਿਆ ਜਾਣਾ ਚਾਹੀਦਾ। ਸਗੋਂ ਇਸ ਤਰ੍ਹਾਂ ਦੇ ਆਰਟੇਸ਼ੀਅਨ ਖੂਹਾਂ ਦੀਆਂ ਘਟਨਾਵਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਸਮਝਣ ਦੀ ਜਰੂਰਤ ਹੈ। ਸਾਨੂੰ ਤਰਕਸ਼ੀਲ ਅਤੇ ਵਿਗਿਆਨਕ ਨਜਰੀਏ ਨੂੰ ਅਪਨਾਉਣਾ ਚਾਹੀਦਾ ਹੈ ਅਤੇ ਅੰਧਵਿਸ਼ਵਾਸਾਂ ਤੋਂ ਬਚਣਾ ਚਾਹੀਦਾ ਹੈ

**-94167-24331**

# ਪੇਸ਼ਕਦਮੀਆਂ

**ਇਕਾਈ ਸੰਗਰੂਰ**

**1. ਚੇਤਨਾ ਪ੍ਰੀਖਿਆ ਦੇ 110 ਵਿਦਿਆਰਥੀਆਂ ਅਤੇ 50 ਸਹਿਯੋਗੀ ਅਧਿਆਪਕਾਂ/ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ :** 5 ਜਨਵਰੀ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਦੇ ਜ਼ੋਨ ਵਿੱਚ ਤੇ ਇਕਾਈ ਦੀ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਪਾਰੁਲ ਪੈਲੇਸ ਸੰਗਰੂਰ ਵਿਖੇ ਹੋਇਆ। ਇਸ ਵਿੱਚ ਇਕਾਈ ਦੇ ਵੱਖ ਵੱਖ ਥਾਵਾਂ/ਸਕੂਲਾਂ ਤੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਕਾਰਕੁੰਨਾਂ, ਵਿਦਿਆਰਥੀਆਂ, ਸਕੂਲ ਅਧਿਆਪਕਾਂ ਤੇ ਸਹਿਯੋਗੀਆਂ ਨੇ ਸ਼ਮੂਲੀਅਤ ਕੀਤੀ। ਇਕਾਈ ਮੁਖੀ ਸੁਰਿੰਦਰ ਪਾਲ ਤੇ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਵੱਲੋਂ ਹਾਜ਼ਰੀਨ ਦਾ ਸਵਾਗਤ ਕਰਨ ਉਪਰੰਤ ਇਸ ਸਮਾਗਮ ਦੇ ਮੁੱਖ ਬੁਲਾਰੇ, ਉੱਘੇ ਚਿੰਤਕ ਡਾ. ਰਾਜਿੰਦਰ ਪਾਲ ਸਿੰਘ (ਸੇਵਾ ਮੁਕਤ ਪ੍ਰੋਫੈਸਰ, ਡੀਨ (ਭਾਸ਼ਾਵਾਂ) ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਨੀਤੀ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਹਨ ਜੋ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝੇ ਕਰਦੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਚੇਤਨਾ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਜਿਸਦਾ ਇੱਕ ਰੂਪ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਹੈ "ਤਰਕਸ਼ੀਲ" ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਨੇ ਵੀ ਚੇਤਨਾ ਪਰਖ਼ ਪ੍ਰੀਖਿਆ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਪ੍ਰਗਟਾਏ। ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਵੀ ਵਿਗਿਆਨਕ ਵਿਚਾਰਾਂ ਨੂੰ ਅਪਨਾਉਣ ਦਾ ਸੁਨੇਹਾ ਦਿੱਤਾ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਸੁਹਿਰਦ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਇਕਾਈ ਸੰਗਰੂਰ ਦੀ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ, ਨਛੱਤਰ ਸਿੰਘ ਬਦੇਸ਼ਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਆਪਣੀ ਮਾਤਾ ਦੀ ਯਾਦ ਵਿੱਚ ਇਕਾਈ ਸੰਗਰੂਰ ਦਾ ਕਲੰਡਰ ਤੋਂ ਹਰ ਸਾਲ ਵਿਸ਼ੇਸ਼ ਆਰਥਿਕ ਸਹਿਯੋਗ ਕਰਦੇ ਆ ਰਹੇ ਹਨ

ਇਸ ਮੌਕੇ ਇਕਾਈ ਪੱਧਰ 'ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਵਿੱਚ ਮੋਹਰੀ ਸਥਾਨ ਹਾਸਿਲ ਕਰਨ ਵਾਲੇ ਮਿਡਲ ਗਰੁੱਪ ਦੇ 45 ਅਤੇ ਸੈਕੰਡਰੀ ਗਰੁੱਪ ਦੇ 65 ਵਿਦਿਆਰਥੀਆਂ, ਜ਼ੋਨ ਵਿੱਚ ਅਹਿਮ ਸਥਾਨ ਪ੍ਰਾਪਤ ਕਰਨ ਵਾਲੇ 5 ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ, ਮੈਡਲ, ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਤੇ ਲਗਭਗ 50 ਸਹਿਯੋਗੀ ਸਕੂਲ ਮੁਖੀਆਂ, ਅਧਿਆਪਕਾਂ ਤੇ ਸਹਿਯੋਗੀਆਂ ਨੂੰ ਵਧੀਆ ਮਨੁੱਖੀ ਗੁਣਾਂ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼ੁਭਪ੍ਰੀਤ ਸਿੰਘ ਗੰਢੂਆਂ, ਸੁਲਤਾਨ ਖਾਂ ਤੁੰਗਾਂ, ਪ੍ਰਿੰਸੀਪਲ ਹਰਦੇਵ ਕੁਮਾਰ ਤੇ ਪਰਮਜੀਤ ਕੌਰ ਨੇ ਇਨਕਲਾਬੀ ਗੀਤ/ਕਵਿਤਾਵਾਂ ਪੇਸ਼ ਕੀਤੇ ਮਹਿਲਾਂ ਸਕੂਲ ਦੀਆਂ ਵਿਦਿਆਰਥਣਾਂ ਨਵਜੋਤ ਕੌਰ, ਮਹਿਕ, ਪਵਨ, ਭਵਾਨੀਗੜ੍ਹ ਸਕੂਲ ਦੀਆਂ ਵਿਦਿਆਰਥਣਾਂ ਸੁਮਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਤੇ ਬਚਪਨ ਇੰਗਲਿਸ਼ ਸਕੂਲ ਦੇ ਵਿਦਿਆਰਥੀ ਸਾਹਿਲ ਤਿਵਾੜੀ ਨੇ ਤਰਕਸ਼ੀਲਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਤਰਕਸ਼ੀਲ ਆਗੂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਵਿੱਚ ਹੱਥ ਦੀ ਸਫਾਈ ਦੀਆਂ ਟਰਿੱਕਾਂ ਨਾਲ ਵਿਗਿਆਨਕ ਸੋਚ ਦਾ ਚਾਨਣ ਬਖੇਰਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਤੇ ਗੁਰਦੀਪ ਸਿੰਘ ਲਹਿਰਾ ਨੇ ਬਾਖੂਬੀ ਨਿਭਾਈ। ਇਸ ਸਮਾਗਮ ਵਿੱਚ ਪ੍ਰਿੰਸੀਪਲ ਨਵਰਾਜ, ਪ੍ਰਿੰਸੀਪਲ ਹਰਦੇਵ ਕੁਮਾਰ, ਪ੍ਰਿੰਸੀਪਲ ਅਮਰੀਕ ਖੱਖਰ, ਪ੍ਰਿੰਸੀਪਲ ਹਰਦੇਵ ਸਿੰਘ, ਪ੍ਰਿੰਸੀਪਲ ਪ੍ਰਵੀਨ ਮਨਚੰਦਾ, ਮਾਸਟਰ ਅਵਿਨਾਸ਼ ਸ਼ਰਮਾ ਤੇ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ ਉਪਰੋਕਤ ਤੋਂ ਇਲਾਵਾ ਇਕਾਈ ਸੰਗਰੂਰ ਦੇ ਪਰਮਜੀਤ ਕੌਰ, ਵਨੀਤਾ ਰਾਣੀ, ਦੇਵਿੰਦਰ ਕੌਰ, ਸੁਨੀਤਾ ਰਾਣੀ, ਇਕਬਾਲ ਕੌਰ, ਪ੍ਰਗਟ ਸਿੰਘ ਬਾਲੀਆਂ,ਮਾਸਟਰ ਰਣਜੀਤ ਸਿੰਘ,ਗੁਰਜੰਟ ਸਿੰਘ, ਕਰਤਾਰ ਸਿੰਘ, ਮਾਸਟਰ ਅਮਰ ਸਿੰਘ ਆਧਾਰਿਤ ਸਮੂਚੀ ਟੀਮ ਨੇ ਸ਼ਮੂਲੀਅਤ ਕੀਤੀ।

**2. ਸੀਬਾ ਸਕੂਲ 'ਚ ਕੀਤਾ ਸੈਮੀਨਾਰ ਦਾ ਆਯੋਜਨ :** 12 ਫਰਵਰੀ ਨੂੰ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਵਿਦਿਆਰਥੀ ਚੇਤਨਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਸੰਗਰੂਰ-ਬਰਨਾਲਾ ਜ਼ੋਨ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ, ਤਰਕਸ਼ੀਲ ਆਗੂ ਗੁਰਦੀਪ ਸਿੰਘ ਲਹਿਰਾ, ਲਛਮਣ ਅਲੀਸ਼ੇਰ, ਬਿਹਾਰੀ ਮੰਡੇਰ, ਬਲਦੇਵ ਸਿੰਘ ਚੀਮਾ 'ਤੇ ਆਧਾਰਿਤ ਟੀਮ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ

ਕਰਨ ਹਿਤ ਅਤੇ ਤਰਕਸ਼ੀਲ ਸੋਚ ਅਪਨਾਉਣ ਦਾ ਸੁਨੇਹਾ ਦੇਣ ਪਹੁੰਚੀ। ਰਣਦੀਪ ਸੰਗਤਪੁਰਾ ਨੇ ਟੀਮ ਦਾ ਸਵਾਗਤ ਕਰਦਿਆਂ ਸਮਾਜ ਨੂੰ ਨਵੀਆਂ ਲੀਹਾਂ 'ਤੇ ਲੈ ਕੇ ਜਾਣ ਬਾਰੇ ਸੁਸਾਇਟੀ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਮਾਸਟਰ ਪਰਮਵੇਦ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਉਨ੍ਹਾਂ ਸਕੂਲ ਦੇ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਆ। ਸਾਹਿਤਕਾਰ ਬੀਰਇੰਦਰ ਸਿੰਘ ਬਨਭੌਰੀ ਨੇ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਆ ਅਧਿਆਪਕ ਹਰਮੇਸ਼ ਸਿੰਘ ਨੇ ਬਰਾਬਰੀ ਅਤੇ ਸਮਾਜਿਕ ਨਿਆਂ ਸੰਬੰਧੀ ਸਿੱਖਿਆਵਾਂ 'ਤੇ ਚਲਣ ਲਈ ਕਿਹਾ। ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਆਗੂਆਂ ਦਾ ਧੰਨਵਾਦ ਕੀਤਾ।

**3. ਬੀ.ਐਸ.ਐਨ.ਐਲ. ਐਸੋਸੀਏਸ਼ਨ ਦੀ ਮੀਟਿੰਗ ਵਿੱਚ ਤਰਕਸ਼ੀਲ ਸਮਾਗਮ** : 1 ਫਰਵਰੀ ਨੂੰ ਬੀ.ਐਸ.ਐਨ.ਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੀ ਹੋਈ ਮਹੀਨਾਵਾਰ ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ, ਤਰਕਸ਼ੀਲ ਆਗੂ ਲੈਕਚਰਾਰ ਜਸਦੇਵ ਸਿੰਘ ਤੇ ਇਕਾਈ ਮੁਖੀ ਸੁਰਿੰਦਰ ਪਾਲ ਵੱਲੋਂ ਤਰਕਸ਼ੀਲ ਸਮਾਗਮ ਕੀਤਾ ਗਿਆ। ਉਨ੍ਹਾਂ ਹਾਜ਼ਰੀਨ ਨੂੰ ਆਪਣੇ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਭਾਵਪੂਰਤ ਸੁਨੇਹਾ ਦਿਤਾ। 80 ਦੇ ਲਗਭਗ ਤਰਕਸ਼ੀਲ ਕੈਲੰਡਰ ਵੰਡੇ ਗਏ। ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਵਿੱਚ ਸਹਿਯੋਗ ਦੇਣ ਲਈ ਸੇਵਾ ਨਵਿਰਤ ਐਸ ਡੀ ਓ ਅਸ਼ਵਨੀ ਕੁਮਾਰ ਲਹਿਰਾ ਦਾ ਸਨਮਾਨ ਪੱਤਰ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਾਧਾ ਸਿੰਘ ਵਿਰਕ ਵੱਲੋਂ ਤਰਕਸ਼ੀਲ ਆਗੂਆਂ ਦਾ ਵਿਗਿਆਨਕ ਵਿਚਾਰਾਂ ਦਾ ਚਾਨਣ ਵਿਖੇਰਨ ਲਈ ਧੰਨਵਾਦ ਕੀਤਾ ਗਿਆ। **-ਸੀਤਾ ਰਾਮ ਬਾਲਦ ਕਲਾਂ (ਜ਼ੋਨ ਮੀਡੀਆ ਮੁਖੀ)**

**ਜ਼ੋਨ ਮਾਨਸਾ**

**ਇਕੱਤਰਤਾ**

12 ਫਰਵਰੀ ਨੂੰ ਜ਼ੋਨ ਮਾਨਸਾ ਦੀ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ, ਭੀਖੀ ਵਿਖੇ ਇਕੱਤਰਤਾ ਜ਼ੋਨ ਆਗੂਆਂ ਲੱਖਾ ਸਿੰਘ ਮਾਨਸਾ, ਗੁਰਦੀਪ ਸਿੰਘ ਮਾਨਸਾ, ਭੁਪਿੰਦਰ ਫ਼ੌਜੀ, ਡਾ. ਭਰਪੂਰ ਸਿੰਘ, ਸੂਬਾ ਆਗੂ ਬਲਬੀਰ ਲੌਂਗੋਵਾਲ, ਰਾਜੇਸ਼ ਅਕਲੀਆ ਦੀ ਅਗਵਾਈ ਹੇਠ ਹੋਈ. ਇਸ ਇਕੱਤਰਤਾ ਵਿੱਚ ਜਥੇਬੰਦਕ ਢਾਂਚਾ ਮਜ਼ਬੂਤ ਕਰਨ, ਮੈਗਜ਼ੀਨ "ਤਰਕਸ਼ੀਲ" ਦੀ ਗਿਣਤੀ ਵਿੱਚ ਵਾਧਾ ਕਰਨ ਅਤੇ ਤਰਕਸ਼ੀਲ ਵਿਚਾਰਧਾਰਾ ਨੂੰ ਹੋਰ ਪੱਕੇ ਪੈਰੀਂ ਕਰਨ ਲਈ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਮੈਗਜ਼ੀਨ "ਤਰਕਸ਼ੀਲ" ਦੇ ਸੰਪਾਦਕ ਬਲਬੀਰ ਲੌਂਗੋਵਾਲ ਨੇ ਵਿਗਿਆਨਕ ਵਿਚਾਰਾਂ ਵਿਰੋਧੀ ਸਿੱਖਿਆ ਨੀਤੀ 2020 ਤੇ ਇਤਿਹਾਸ ਦੇ ਭਗਵਾਂਕਰਨ 'ਤੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਜਥੇਬੰਦੀ ਦੀ ਮਜ਼ਬੂਤੀ ਲਈ ਸੁਝਾਅ ਦਿੱਤੇ. ਇਕਾਈ ਆਗੂਆਂ ਹਰਬੰਸ ਸਿੰਘ (ਮਾਨਸਾ), ਬੂਟਾ ਸਿੰਘ (ਮਹਰ ਸਿੰਘ ਵਾਲਾ), ਅੰਮ੍ਰਿਤ ਰਿਸ਼ੀ (ਖੀਵਾਂ ਕਲਾ), ਜਸਪਾਲ ਅਤਲਾ (ਭੀਖੀ), ਸੇਵਾ ਸਿੰਘ (ਬੁਢਲਾਡਾ) ਨੇ ਵੀ ਵਿਚਾਰ ਰੱਖੇ। ਸੁਝਾਅਤਮਕ ਸੈਸ਼ਨ ਵਿੱਚ ਜਸਵੀਰ ਸੋਨੀ, ਅਜੈਬ ਸਿੰਘ ਅਲੀਸ਼ੇਰ, ਹਰਮੇਸ਼ ਮੱਤੀ ਆਦਿ ਨੇ ਵਿਚਾਰ ਪ੍ਰਗਟਾਏ। ਇਸ ਮੌਕੇ ਮਨਦੀਪ ਕੁਮਾਰ, ਗੁਰਿੰਦਰ ਔਲਖ, ਧਰਮਵੀਰ, ਮਹਿੰਦਰ ਪਾਲ, ਡਾ. ਸੁਰਿੰਦਰ ਸਿੰਘ, ਜਗਸੀਰ ਸਿੰਘ ਆਦਿ ਨੇ ਵੀ ਚਰਚਾ ਵਿੱਚ ਭਾਗ ਲਿਆ। **-ਭੁਪਿੰਦਰ ਫੌਜੀ**

ਮਾਘੀ ਮੇਲਾ ਮੁਕਤਸਰ : 26ਵਾਂ ਤਰਕਸ਼ੀਲ ਨਾਟਕ ਮੇਲਾ ਵੰਡ ਗਿਆ ਗਿਆਨ, ਚੇਤਨਾ ਦੀ ਲੋਅ

ਜ਼ੋਨ ਮੁਕਤਸਰ ਫਾਜ਼ਲਿਕਾ : ਮੁਕਤਸਰ ਮਾਘੀ ਮੇਲੇ 'ਤੇ ਤਿੰਨ ਦਿਨ ਚੱਲਣ ਵਾਲਾ 26ਵਾਂ ਤਰਕਸ਼ੀਲ ਨਾਟਕ ਮੇਲਾ ਦਰਸ਼ਕਾਂ ਦੇ ਮਨਾਂ 'ਤੇ ਚਾਨਣ ਦੀ ਦਸਤਕ ਦੇ ਗਿਆ। ਪਹਿਲੇ ਦਿਨ ਡਾ. ਸਾਹਿਬ ਸਿੰਘ ਦੇ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਨੇ ਰੰਗ ਮੰਚ ਦੀ ਬੁਲੰਦੀ ਨੂੰ ਛੂਹਿਆ। ਸਥਾਪਤੀ ਨੂੰ ਲੇਖਣੀ ਤੇ ਅਦਾਕਾਰੀ ਨਾਲ ਚੁਣੌਤੀ ਡਾ. ਸਾਹਿਬ ਸਿੰਘ ਦੇ ਰੰਗ ਮੰਚ ਦਾ ਹਾਸਲ ਬਣੀ। ਮੰਚ ਨਾਲ ਜੁੜੇ ਮੇਲੀਆਂ ਨੇ ਨਾਟਕਕਾਰ ਦੇ ਸੁਨੇਹੇ ਨੂੰ ਮਨਾਂ 'ਚ ਵਸਾਇਆ। ਦੂਸਰੇ ਦਿਨ ਪੀਪਲਜ਼ ਆਰਟ ਥੀਏਟਰ ਪਟਿਆਲਾ ਦੀ ਨਾਟਕ ਟੀਮ ਨੇ ਸਤਪਾਲ ਬੰਗਾ ਦੀ ਨਿਰਦੇਸ਼ਨਾ ਹੇਠ ਪਹਿਲੇ ਦਿਨ ਦੀ ਬੁਲੰਦੀ ਬਣਾ ਕੇ ਰੱਖੀ ਗਦਰੀ ਗੁਲਾਬ ਕੌਰ ਦੀ ਵਿਛੜਾ ਸ਼ਤਾਬਦੀ ਤੇ ਗਦਰੀ ਗੁਲਾਬ : ਸੰਗੀਤਕ ਓਪਰਾ ਦਰਸ਼ਕਾਂ ਦੇ ਮਨਾਂ 'ਤੇ ਸੂਹੀ ਇਬਾਰਤ ਲਿਖ ਗਿਆ ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਸੁੱਕੀ ਕੁੱਖ' ਮੰਚ ਸਜਾ, ਚੁਸਤ ਵਾਰਤਾਲਾਪ ਤੇ ਉਮਦਾ ਅਦਾਕਾਰੀ ਨਾਲ ਉਸ ਦਿਨ ਦਾ ਹਾਸਲ ਬਣਿਆ। ਦਵੇਂ ਦਿਨ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੇ ਦੇਸ਼ ਭਗਤਾਂ, ਗ਼ਦਰੀ ਬਾਬਿਆਂ ਤੇ ਭਗਤ ਸਰਾਭਿਆਂ ਦੀ ਵਿਰਾਸਤ ਤੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੇ ਸੂਹੇ ਬੋਲ ਮੇਲੀਆਂ ਨੇ ਆਪਣੇ ਸੀਨਿਆਂ ਅੰਦਰ ਸਮੋ ਲਏ

ਤੀਸਰੇ ਦਿਨ ਭਾਅ ਜੀ ਗੁਰਸ਼ਰਨ ਸਿੰਘ ਦੀ ਨਾਟਕ ਟੀਮ ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਇਕੱਤਰ ਸਿੰਘ ਦੀ

ਨਿਰਦੇਸ਼ਨਾ ਹੇਠ 'ਘਰਾਲਾ' ਤੇ 'ਪਲਾਨਿੰਗ' ਨਾਟਕਾਂ ਦਾ ਮੰਚਨ ਕੀਤਾ। ਤਿੰਨੇ ਦਿਨ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਪੱਖੀ ਬੋਲੀਆਂ ਤੇ ਗੀਤਾਂ ਦਾ ਰੰਗ ਬਿਖੇਰਿਆ। ਸੁਖਦੇਵ ਮਲੂਕਪੁਰੀ ਨੇ ਜਾਦੂ ਕਲਾ ਦੇ ਭੇਦ ਸਮਝਾਏ। ਤਰਕਸ਼ੀਲ ਆਗੂਆਂ ਪ੍ਰਵੀਨ ਜੰਡਵਾਲਾ, ਕਲਜੀਤ ਡੰਗਰ ਖੇੜਾ ਤੇ ਰਾਮ ਸਵਰਨ ਲੱਖੇਵਾਲੀ ਨੇ ਮੰਚ ਤੋਂ ਤਰਕਸ਼ੀਲਤਾ ਦੇ ਚਾਨਣ ਨਾਲ ਅਗਿਆਨਤਾ ਦਾ ਅੰਧਕਾਰ ਮਿਟਾ ਕੇ ਸਖਾਵੇਂ ਸਮਾਜ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਮੇਲੇ ਦੀ ਸਫ਼ਲਤਾ ਲਈ ਰੰਗਕਰਮੀ ਤਜਿੰਦਰ ਸਿੰਘ, ਗੁਰਮੀਤ ਭੁਲਵਾਨ ਖੋਖਰ, ਸੁਰਿੰਦਰ ਗੰਜੂਆਣਾ, ਬਲਦੇਵ ਸਿੰਘ ਲੱਧੂਵਾਲਾ, ਜਗਦੀਸ਼ ਕਿੱਕਰ ਖੇੜਾ,ਵਿਨੋਦ ਬਾਰੇਕਾ, ਕੇ ਸੀ. ਰੁਪਾਣਾ, ਭੁਪਿੰਦਰ ਵੜਿੰਗ, ਤਜਿੰਦਰ ਸਿੰਘ, ਅਮਲਕ ਸਿੰਘ ਆਜ਼ਾਦ,ਜਸਵੰਤ ਸਿੰਘ ਸਮਤ ਡੀ.ਟੀ ਐੱਫ ਆਗੂਆਂ ਪਰਮਿੰਦਰ ਖੋਖਰ, ਜੀਵਨ ਸਿੰਘ ਬਧਾਈ ਨੇ ਭਰਵਾਂ ਯੋਗਦਾਨ ਪਾਇਆ। ਮਲੇ ਵਿੱਚ ਤਿੰਨ ਦਿਨ ਪੁਸਤਕ ਸਟਾਲ ਤੇ ਬੂਟਾ ਸਿੰਘ ਵਾਕਫ਼ ਤੇ ਸ਼ਿਵਰਾਜ ਖੇਡੋਂ ਹਲਾਲ ਨੇ ਜ਼ਿੰਮੇਵਾਰੀ ਨਾਲ ਡਿਊਟੀ ਨਿਭਾਈ ਮਾਘੀ ਮੇਲੇ ਵਿੱਚ ਤਿੰਨ ਦਿਨ ਫਿਜ਼ਾ ਵਿੱਚ ਚੇਤਨਾ ਦੀ ਲੋਅ ਬਣ ਬਿਖਰਿਆ ਸੰਦੇਸ਼ ਚੰਗੇਰੇ ਭਵਿੱਖ ਦਾ ਸੂਚਕ ਜਾਪਿਆ

ਬੂਟਾ ਸਿੰਘ ਵਾਕਫ਼, ਜ਼ੋਨ ਮੀਡੀਆ ਮੁਖੀ

**ਇਕਾਈ ਬਠਿੰਡਾ -**

**1. ਮਾਘੀ ਮੇਲਾ ਜੱਸੀ ਬਾਗ ਵਾਲੀ :** 14 ਜਨਵਰੀ ਨੂੰ ਮਾਘੀ ਮੇਲਾ ਜੱਸੀ ਬਾਗ ਵਾਲੀ ਵਿਖੇ ਹਰ ਸਾਲ ਦੀ ਤਰ੍ਹਾਂ ਤਰਕਸ਼ੀਲ ਪ੍ਰਦਰਸ਼ਨੀ, ਕਿਤਾਬਾਂ ਦੀ ਸਟਾਲ ਲਗਾਈ ਗਈ। ਜਾਦੂ ਟ੍ਰਿਕ ਅਤੇ ਤਰਕਸ਼ੀਲ ਵਿਚਾਰ ਪੇਸ਼ ਕੀਤੇ ਗਏ। ਇਕਾਈ ਰਾਮਪੁਰਾ ਫੂਲ/ਰਬਵਾਲੀ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫ਼ਲ ਰਿਹਾ। ਮੇਲੇ 'ਤੇ ਆਏ ਮੇਲੀਆਂ ਨੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਖਰੀਦਿਆ। "ਤਰਕਸ਼ੀਲ" ਮੈਗਜ਼ੀਨ ਦੇ ਨਵੇਂ ਚੰਦੇ ਕੱਟੇ ਗਏ। ਅਮਰਜੀਤ ਸਿੰਘ ਪੰਚਾਇਤ ਮੈਂਬਰ ਦਾ ਸਟੇਜ ਲਈ ਥਾਂ ਲੈਣ ਅਤੇ ਹਰ ਪ੍ਰਬੰਧਾਂ ਵਿੱਚ ਪੂਰਾ ਸਹਿਯੋਗ ਰਿਹਾ।

**2. ਮਾਤਾ ਸੁੰਦਰੀ ਕਾਲਜ ਮਾਨਸਾ** ਵਿਖੇ ਤਿੰਨ ਰੋਜ਼ਾ ਸਾਹਿਤਕ ਮੇਲੇ 'ਤੇ ਇਕਾਈ ਵੱਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ ਤਿੰਨ ਦਿਨਾਂ ਦੌਰਾਨ ਵੱਡੀ ਗਿਣਤੀ ਅਗਾਂਹਵਧੂ ਸਾਹਿਤ ਲੋਕਾਂ ਨੇ ਖ਼ਰੀਦਿਆ।

**3. ਮਾਤਾ ਜਸਵੰਤੀ ਦੇਵੀ ਦੇ ਸਤਿਕਾਰ ਸਮਾਗਮ ਮੌਕੇ** ਵੀ ਬਠਿੰਡਾ ਵਿਖੇ ਤਰਕਸ਼ੀਲ ਪ੍ਰਦਰਸ਼ਨੀ ਅਤੇ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ।

**ਮਾਤਾ ਜੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਪਾਈ ਇੱਕ ਅਨੋਖੀ ਮਿਸਾਲ : ਪੋਤ ਨੂੰਹਾਂ ਨੂੰ ਕੀਤਾ ਗਿਆ ਸਨਮਾਨਿਤ**

ਬਠਿੰਡਾ ਜਸਵੰਤੀ ਦੇਵੀ (96) ਦਾ ਸ਼ਰਧਾਂਜਲੀ ਸਮਾਗਮ ਪਰਿਵਾਰ ਵੱਲੋਂ ਬਿਨ੍ਹਾਂ ਕਿਸੇ ਧਾਰਮਿਕ ਰਸਮਾਂ ਰਿਵਾਜਾਂ ਦੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਮਾਤਾ ਜੀ ਦੇ ਪੱਤਰਾਂ ਰਮੇਸ਼ ਕੁਮਾਰ ਤੇ ਰਾਜਿੰਦਰ ਕੁਮਾਰ ਜੇ ਬੀ ਆਟੋਮੋਬਾਈਲ ਬਠਿੰਡਾ ਅਤੇ ਪਰਿਵਾਰ ਦੇ ਸੀਨੀਅਰ ਮੈਂਬਰਾਂ ਨੇ ਮਾਤਾ ਜੀ ਦੇ 96 ਸਾਲ ਦੀ ਲੰਬੀ ਅਤੇ ਸਿਹਤਮੰਦ ਉਮਰ ਭੋਗਣ ਵਿੱਚ ਤਿੰਨਾਂ ਪੋਤ ਨੂੰਹਾਂ ਵੱਲੋਂ ਰਲ ਮਿਲ ਕੇ ਕੀਤੀ ਨਿਰਸਵਾਰਥ ਸੇਵਾ ਲਈ ਸ਼ਾਲਾਂ ਨਾਲ ਸਨਮਾਨਿਤ ਕਰਕੇ ਇੱਕ ਅਨੋਖੀ ਮਿਸਾਲ ਪੇਸ਼ ਕੀਤੀ ਗਈ ਅਤੇ ਬਾਕੀਆਂ ਨੂੰ ਆਪਣੇ ਸੱਸ-ਸਹੁਰੇ/ਮਾਂ-ਪਿਓ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਰਾਮ ਸਿੰਘ ਨਿਰਮਾਣ, ਰਾਜਪਾਲ ਸਿੰਘ ਅਤੇ ਰਾਜਿੰਦਰ ਭਦੌੜ ਨੇ ਮਾਤਾ ਜੀ ਦੀ ਲੰਬੀ ਉਮਰ ਭੋਗਣ ਦੇ ਰਾਜ ਬਾਰੇ, ਸਮਾਜ ਵਿੱਚ ਜ਼ਿੰਦਗੀ ਅਤੇ ਮੌਤ ਸਬੰਧੀ ਪਾਏ ਜਾਂਦੇ ਵਹਿਮਾਂ ਭਰਮਾਂ ਦੇ ਸ਼ੁਰੂ ਹੋਣ ਦੇ ਕਾਰਨਾਂ ਬਾਰੇ, ਪਰ ਹੁਣ ਵਿਗਿਆਨਕ ਤਰੱਕੀ ਹੋਣ ਕਾਰਨ ਇਹਨਾਂ ਰਸਮਾਂ-ਰਿਵਾਜਾਂ ਦੇ ਫ਼ਜ਼ੂਲ ਹੋ ਜਾਣ ਬਾਰੇ, ਬਹੁਤ ਹੀ ਦਿਲਚਸਪ ਭਰਪੂਰ ਦਲੀਲਾਂ ਦੇ ਕੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਰਿਸ਼ਤੇਦਾਰਾਂ, ਮਿੱਤਰਾਂ-ਸਨੇਹੀਆਂ ਨੂੰ ਸਮੇਂ ਦੇ ਨਾਲ ਰਲਣ ਲਈ ਪ੍ਰੇਰਿਆ। ਤਰਕਸ਼ੀਲ ਸੁਸਾਇਟੀ ਵੱਲੋਂ ਮਾਸਟਰ ਗਿਆਨ ਸਿੰਘ, ਕੁਲਵੰਤ ਸਿੰਘ ਅਤੇ ਬਿਕਰਮਜੀਤ ਨੇ ਸਮਾਜ 'ਚੋਂ ਵਹਿਮਾਂ-ਭਰਮਾਂ ਨੂੰ ਦੂਰ ਕਰਦੀਆਂ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਸਿਰਜਦੀਆਂ ਕਿਤਾਬਾਂ ਦੀ ਸਟਾਲ ਲਗਾਈ ਗਈ।

**ਸਿਵਿਆਂ 'ਚ ਮੇਲੇ 'ਤੇ ਲਗਾਈ ਪੁਸਤਕ ਪ੍ਰਦਰਸ਼ਨੀ**

ਮੈਲੀ ਡੈਮ (ਭੁੱਲੋਵਾਲ ਗੁੱਜਰਾਂ) ਵਿਖੇ 2 ਅਤੇ 3 ਫਰਵਰੀ ਨੂੰ ਮੇਲੇ ਵਿੱਚ ਸੁਖਵਿੰਦਰ ਲੰਗੇਰੀ ਵੱਲੋਂ ਕਿਤਾਬਾਂ ਅਤੇ ਜਾਦੂ ਦੀ ਚੱਲਦੀ ਫਿਰਦੀ ਪ੍ਰਦਰਸ਼ਨੀ ਲਾਈ ਗਈ। ਬਹੁਤ ਸਾਰੇ ਲੋਕਾਂ ਵੱਲੋਂ ਕਿਤਾਬਾਂ ਵੀ ਖਰੀਦੀਆਂ ਗਈਆਂ ਤੇ ਵਿਚਾਰ ਵੀ ਸੁਣੇ ਗਏ ਖ਼ਾਸ ਗੱਲ ਇਹ ਰਹੀ ਕਿ ਇਹ ਪ੍ਰਦਰਸ਼ਨੀਆਂ ਡੇਰੇ ਦੇ ਨਾਲ ਲੱਗਦੇ ਸਿਵਿਆਂ ਵਿੱਚ ਸੀ। ਸੁਖਵਿੰਦਰ ਲੰਗੇਰੀ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਵੀ 2 ਦਿਨ ਸਿਵਿਆਂ ਵਿੱਚ ਰਹਿਣ ਦਾ ਮੌਕਾ ਮਿਲਿਆ। ਉੱਥੇ ਹੀ ਰਾਤ ਨੂੰ ਸੁੱਤੇ ਵੀ ਸੀ। ਹੋਰ ਵੀ ਬਹੁਤ ਦੁਕਾਨਾਂ ਵਾਲੇ ਰਾਤ ਸਿਵਿਆਂ ਵਿੱਚ ਹੀ ਸੁੱਤੇ ਸੀ। ਸਿਵਿਆਂ 'ਚ ਭੂਤਾਂ ਪ੍ਰੇਤਾਂ ਦਾ ਵਾਸਾ ਹੋਣ ਦਾ ਲੋਕ ਮਨਾਂ ਵਿਚ ਡਰ ਤਰਕ ਅਤੇ ਕਾਰਜ ਨਾਲ ਲੋਕਾਂ 'ਚੋਂ ਦੂਰ ਕੀਤਾ।

**-ਸੁਖਵਿੰਦਰ ਲੰਗੇਰੀ**

# ਪ੍ਰਾਪਤ ਆਰਥਿਕ ਸਹਾਇਤਾ

**ਮੈਗਜ਼ੀਨ ਸਹਾਇਤਾ**

ਜਗਨੰਦਨ ਸਿੰਘ ਗਿੱਲ (ਹਾਊਸਫੈੱਡ ਕਾਲੋਨੀ, ਬਠਿੰਡਾ) – 500 ਰੁਪਏ

**ਜ਼ੋਨ ਚੰਡੀਗੜ੍ਹ**

ਵਿਪਨ ਕੁਮਾਰ ਗੌਤਮ, ਆਯੁਰਵੈਦਿਕ ਫਾਰਮਾਸਿਸਟ, ਮੋਹਾਲੀ (ਸ਼ੈਲਿੰਦਰ ਸੁਹਾਲੀ ਰਾਹੀਂ) – 500 ਰੁਪਏ

**ਇਕਾਈ ਬਠਿੰਡਾ**

1. ਮੂਲ ਰਾਜ, ਸੀਨੀਅਰ ਮੈਂਬਰ ਇਕਾਈ ਬਠਿੰਡਾ – 500 ਰੁਪਏ
2. ਸ. ਮਿ. ਸਕੂਲ ਕਰਮਗੜ੍ਹ ਸਤਰਾਂ ਦੇ ਸਟਾਫ਼ ਵੱਲੋਂ – 500 ਰੁਪਏ
3. ਜਸਵੰਤ ਸਿੰਘ, ਸੋਖਲ ਮੈਡੀਕਲ ਹਾਲ, ਡੂੰਬਾ – 500 ਰੁਪਏ
4 ਅਮਰਜੀਤ ਸਿੰਘ, ਪੰਚਾਇਤ ਮੈਂਬਰ, ਜੱਸੀ ਬਾਗ ਵਾਲੀ – 500 ਰੁਪਏ
5 ਕੁਲਦੀਪ ਸਿੰਘ, ਸਾਬਕਾ ਜੇ.ਈ., ਬਾਗਵਾਨੀ ਵਿਭਾਗ, ਬਠਿੰਡਾ – 500 ਰੁਪਏ
6 ਗੁਰਦੇਵ ਸਿੰਘ ਗਿੱਲ, ਸਾਬਕਾ ਡਿਪਟੀ ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ ਪੰਜਾਬ – 1000 ਰੁਪਏ
7 ਸਰੀਰ ਪ੍ਰਦਾਨੀ ਰੇਸ਼ਮ ਸਿੰਘ, ਆਦਰਸ਼ ਨਗਰ ਬਠਿੰਡਾ ਦੇ ਪਰਿਵਾਰ ਵੱਲੋਂ ਸਤਿਕਾਰ ਸਮਾਗਮ ਮੌਕੇ (ਭਰਾ ਸੁਰਜੀਤ ਸਿੰਘ ਰਾਹੀਂ) – 2100 ਰੁਪਏ
8 ਰਮੇਸ਼ ਚੰਦ ਸਿੰਗਲਾ ਅਤੇ ਰਾਜਿੰਦਰ ਕੁਮਾਰ ਸਿੰਗਲਾ, ਪਿੰਡ ਜੀਦਾ ਵੱਲੋਂ ਆਪਣੀ ਮਾਤਾ ਜਸਵੰਤੀ ਦੇਵੀ ਜੀ ਦੇ ਸਤਿਕਾਰ ਸਮਾਗਮ ਮੌਕੇ – 5100 ਰੁਪਏ।

**ਇਸ ਤੋਂ ਇਲਾਵਾ** - (ੳ) ਅੰਮ੍ਰਿਤ ਜੋਸ਼ੀ ਵੱਲੋਂ ਆਪਣੇ ਪਿਤਾ ਪੂਰਨ ਚੰਦ ਜੋਸ਼ੀ ਜੀ ਦੀ ਯਾਦ ਵਿੱਚ ਬਠਿੰਡਾ ਜ਼ੋਨ ਦੇ ਚੇਤਨਾ ਪਰਖ ਪ੍ਰੀਖਿਆ ਜੇਤੂਆਂ ਨੂੰ ਨਕਦ ਇਨਾਮ ਦੇਣ ਲਈ – 5100 ਰੁਪਏ

(ਅ) ਪ੍ਰੋ. ਸ਼ੁਭਪ੍ਰੇਮ ਬਰਾੜ ਵੱਲੋਂ ਚੇਤਨਾ ਪਰਖ ਪ੍ਰੀਖਿਆ ਦੇ ਅੱਪੂ ਵਿਦਿਆਲਯ ਨਾਲ ਸਬੰਧਿਤ ਜੇਤੂਆਂ ਨੂੰ ਇਨਾਮ ਦੇਣ ਦੇ ਸਮਾਗਮ ਸਮੇਂ 'ਅੱਪੂ ਸੋਸਾਇਟੀ ਬਠਿੰਡਾ' ਨੂੰ 10 ਹਜ਼ਾਰ ਰੁਪਏ ਦਿੱਤੇ ਗਏ।

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 2025

1 ਕ੍ਰਿਸ਼ਨ ਬਰਗਾੜੀ ਦੇ ਪਰਿਵਾਰ ਵੱਲੋਂ : 20,000 ਰੁਪਏ
2. ਪ੍ਰੇਮ ਸਮਾਲਸਰ, ਇਕੱਤਰ ਸੰਘੀ, – 10,000 ਰੁਪਏ (ਯੂ.ਐੱਸ.ਏ.)
3 ਜਰਨੈਲ ਕ੍ਰਾਂਤੀ, ਮੁਹਾਲੀ 5,000 ਰੁਪਏ
4 ਬਿਕਰਮਜੀਤ, ਬਠਿੰਡਾ 5,000 ਰੁਪਏ
5 ਗੁਰਨਾਮ ਸਿੰਘ, ਲੁਧਿਆਣਾ 2,000 ਰੁਪਏ (ਪੋਤਰੇ ਦੇ ਜਨਮ ਦਿਨ ਤੇ)
6. ਰਾਜਿੰਦਰ ਭਦੌੜ : 1,000 ਰੁਪਏ
7. ਸੁਖਵਿੰਦਰ ਬਾਗਪੁਰ 1,000 ਰੁਪਏ
8 ਮਾਸਟਰ ਰਾਮ ਕੁਮਾਰ ਭਦੌੜ : 1,000 ਰੁਪਏ
9. ਸੁਖਦੇਵ ਫਗਵਾੜਾ : 1,000 ਰੁਪਏ
10 ਸੁਰਿੰਦਰ ਕੌਰ ਭੁਟਾਲ : 1,000 ਰੁਪਏ
11 ਰਸ਼ਪਿੰਦਰ ਪਾਲ ਕੌਰ : 1,000 ਰੁਪਏ
12 ਰਾਮ ਸਿੰਘ ਨਿਰਮਾਣ : 500 ਰੁਪਏ
13 ਸੁਖਦੇਵ ਸਿੰਘ ਬਰਗਾੜੀ : 500 ਰੁਪਏ
14 ਦਲਜੀਤ ਕੁਮਾਰ ਬਠਿੰਡਾ : 500 ਰੁਪਏ
15 ਚਰਨਜੀਤ ਕੌਰ ਬਰਨਾਲਾ : 500 ਰੁਪਏ (ਇਸਤਰੀ ਜਾਗ੍ਰਿਤੀ ਮੰਚ)

**ਸੁਸਾਇਟੀ ਸਹਾਇਤਾ :**

1. ਕੁਲਦੀਪ ਮਾਣੂੰਕੇ : 5,000 ਰੁਪਏ (ਜੀਵਨ ਸਾਥਣ ਪ੍ਰਿੰਸੀਪਲ ਜਸਪਾਲ ਕੌਰ ਜੀ ਦੀ ਸੇਵਾ ਮੁਕਤੀ 'ਤੇ)
2 ਬਲਬੀਰ ਲੌਂਗੋਵਾਲ : 5000 ਰੁਪਏ (ਸਰਕਾਰੀ ਸੇਵਾ ਮੁਕਤੀ 'ਤੇ)

## ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ, ਨਾਸਤਿਕ ਕੇਂਦਰ ਵਿਜੈਵਾੜਾ (ਆਂਧਰਾ ਪ੍ਰਦੇਸ਼) ਦੇ ਬਾਨੀ ਆਗੂ ਗੋਰਾ ਦੀ ਪੁੱਤਰੀ ਡਾ. ਗੋਪਾਰਾਜੂ ਮਾਰੂ, ਇਕਾਈ ਪਟਿਆਲਾ ਦੇ ਆਗੂ ਲਾਭ ਸਿੰਘ, ਸਰੀਰ ਪ੍ਰਦਾਨੀ ਮਾਤਾ ਨੰਦ ਕੌਰ ਜੀ, ਸਤਿਕਾਰਤ ਸਰੀਰ ਪ੍ਰਦਾਨੀ ਸੇਵਕ ਸਿੰਘ ਜੀ ਪਾਨਾ, ਇਕਾਈ ਦਿੜਬਾ ਦੇ ਆਗੂ ਹਰਮੇਸ਼ ਮੇਸ਼ੀ ਦੇ ਵੱਡੇ ਭਰਾ ਦਰਸ਼ਨ ਸਿੰਘ ਜੀ, ਇਕਾਈ ਰਾਮਪੁਰਾ ਦੇ ਆਗੂ ਜਗਦੇਵ ਰਾਮਪੁਰਾ ਦੇ ਵੱਡੇ ਭੈਣ ਤੇਜ ਕੌਰ ਜੀ, ਇਕਾਈ ਭੀਖੀ ਦੇ ਮੈਂਬਰ ਹਰਮੇਸ਼ ਭੱਲਾ ਮੱਤੀ ਦੇ ਮਾਤਾ ਮਾਇਆ ਦੇਵੀ ਜੀ, ਇਕਾਈ ਧੂਰੀ ਦੇ ਆਗੂ ਰਜਿੰਦਰ ਰਾਜੂ ਦੇ ਪਿਤਾ ਕਰਨੈਲ ਸਿੰਘ ਜੀ ਅਤੇ ਇਕਾਈ ਸੰਗਰੂਰ ਦੇ ਆਗੂ ਸੁਰਿੰਦਰ ਪਾਲ ਉੱਪਲੀ ਦੀ ਸੱਸ ਮਾਤਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

# ਫੀਰਾ (F.I.R.A.) ਕਾਨਫ਼ਰੰਸ

ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ (ਫੀਰਾ) ਦੀ ਤੇਰ੍ਹਵੀਂ ਰਾਸ਼ਟਰੀ ਕਾਨਫ਼ਰੰਸ ਰੈਸ਼ਨਲਿਸਟ ਫੋਰਮ ਤਾਮਿਲਨਾਡੂ ਵੱਲੋਂ 28-29 ਦਸੰਬਰ 2024 ਨੂੰ ਪੇਰੀਅਰ ਸੈਂਟਨਰੀ ਐਜੂਕੇਸ਼ਨਲ ਕੰਪਲੈਕਸ ਕੇ.ਕੇ ਨਗਰ ਤ੍ਰਿਚਰਾਪੱਲੀ ਤਾਮਿਲਨਾਡੂ ਵਿਖੇ ਕਰਵਾਈ ਗਈ ਜਿਸ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਜਿਵੇਂ ਤਾਮਿਲਨਾਡੂ, ਪੰਜਾਬ, ਹਰਿਆਣਾ, ਉੱਤਰਾਖੰਡ, ਚੰਡੀਗੜ੍ਹ, ਕੇਰਲਾ, ਉੜੀਸਾ, ਤਿਲੰਗਾਨਾ, ਕੇਰਲਾ, ਕਰਨਾਟਕਾ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਪੁਡੂਚੈਰੀ ਆਦਿ ਦੀਆਂ ਤਰਕਸ਼ੀਲ, ਨਾਸਤਿਕ ਅਤੇ ਮਾਨਵਤਾਵਾਦੀ ਸੰਸਥਾਵਾਂ ਸ਼ਾਮਲ ਹੋਈਆਂ ਇਸ ਕਾਨਫਰੰਸ ਵਿੱਚ 50 ਸੰਸਥਾਵਾਂ ਦੇ 1000 ਡੈਲੀਗੇਟਾਂ ਨੇ ਹਿੱਸਾ ਲਿਆ। ਪੰਜਾਬ ਤੋਂ ਦੋ ਦਰਜਨ ਦੇ ਕਰੀਬ ਮੈਂਬਰ ਸਨ 28 ਦਸੰਬਰ ਸਵੇਰੇ ਪਹਿਲੇ ਸੈਸ਼ਨ ਵਿੱਚ Centenary of Periyar's self Respect Movement 'ਤੇ ਚਰਚਾ ਹੋਈ। ਦੂਜੇ ਸੈਸ਼ਨ ਵਿੱਚ Impact of New Criminal Acts on Rationalist activists and Citizens ਵਿਸ਼ੇ 'ਤੇ ਵੱਖ ਵੱਖ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ। ਤੀਸਰੇ ਸੈਸ਼ਨ ਵਿੱਚ The Letter and Spirit of Article 51A (H) 'ਤੇ ਚਰਚਾ ਹਈ। ਚੌਥੇ ਸੈਸ਼ਨ ਵਿੱਚ ਪੇਰੀਅਰ ਵਰਲਡ Periyar World ਬਾਰੇ ਜਾਣਕਾਰੀ ਦਿੱਤੀ। ਸ਼ਾਮ ਨੂੰ Organizational Session ਵਿੱਚ ਵੱਖ ਵੱਖ ਸੰਸਥਾਵਾਂ ਨੇ ਆਪਣੀਆਂ ਗਤੀਵਿਧੀਆਂ ਦੀ ਰਿਪਰਟ ਸਟੇਜ ਤੋਂ ਪੜ੍ਹੀ, ਪਰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜਸਵੰਤ ਮੁਹਾਲੀ ਦੁਆਰਾ ਤਿਆਰ ਕੀਤੀ ਹੋਈ ਰਿਪੋਰਟ ਸੂਬਾ ਮੁਖੀ ਸੁਮੀਤ ਅੰਮ੍ਰਿਤਸਰ ਵੱਲੋਂ ਸਕਰੀਨ ਉੱਪਰ ਦਿਖਾ ਕੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੜ੍ਹੀ ਗਈ, ਜਿਸ ਦੌਰਾਨ ਹਾਜ਼ਰ ਡੈਲੀਗੇਟਾਂ ਨੇ ਤਾੜੀਆਂ ਵਜਾ ਕੇ ਸਵਾਗਤ ਕੀਤਾ ਸਕਰੀਨ ਉੱਪਰ ਸਿਰਫ਼ ਪੰਜਾਬ ਨੇ ਹੀ ਆਪਣੀ ਰਿਪੋਰਟ ਪੇਸ਼ ਕੀਤੀ। ਸ਼ਾਮ 6 30 ਤੋਂ 8 ਵਜੇ ਤੱਕ ਸੱਭਿਆਚਾਰਕ ਪ੍ਰੋਗਰਾਮ ਵਿੱਚ ਸੁਖਦੇਵ ਮਲੂਕਪੁਰੀ ਅਤੇ ਕੁਲਜੀਤ ਡੇਗਰਖੇੜਾ ਵੱਲੋਂ ਜਾਦੂ ਦਾ ਸ਼ੋਅ ਖਿੱਚ ਦਾ ਕੇਂਦਰ ਬਣਿਆ।

29 ਦਸੰਬਰ ਸਵੇਰੇ ਸੱਤ ਵਜੇ ਤੋਂ 10 30 ਵਜੇ ਤੱਕ ਸੰਸਥਾ ਦੇ ਕਾਲਜ ਦੀਆਂ ਬਸਾਂ ਰਾਹੀਂ ਬਣ ਰਹੇ ਪੇਰੀਅਰ ਵਰਲਡ ਵਿਖੇ ਲਿਜਾਇਆ ਗਿਆ ਜਿਸ ਵਿਚ V Anburaj ਨੇ ਪੇਰੀਅਰ ਵਰਲਡ ਬਾਰੇ ਜਾਣਕਾਰੀ ਦਿੱਤੀ ਕਿ 100 ਕਰੋੜ ਰੁਪਏ ਦੀ ਲਾਗਤ ਨਾਲ ਪੇਰੀਅਰ ਸੈਲਫ ਰਿਸਪੈਕਟ ਪ੍ਰਾਪੇਗੰਡਾ ਐਸੋਸੀਏਸ਼ਨ ਵੱਲੋਂ ਬਣਾਏ ਜਾ ਰਹੇ ਇਸ ਪ੍ਰਾਜੈਕਟ ਦਾ ਮਕਸਦ ਪੇਰੀਅਰ ਦੀਆਂ ਸਿੱਖਿਆਵਾਂ ਨੂੰ ਅਗਲੀ ਪੀੜ੍ਹੀ ਤੱਕ ਲੈ ਜਾਣ ਲਈ, ਇਸ ਨੂੰ ਐਜੂਕੇਸ਼ਨਲ ਪਾਰਕ ਬਣਾਇਆ ਜਾਵੇਗਾ, ਜਿਸ ਵਿੱਚ 60 ਫੁੱਟ ਉੱਚੀ ਤਿੰਨ ਮੰਜ਼ਿਲਾ ਇਮਾਰਤ ਬਣਾ ਕੇ ਉਸ ਉੱਪਰ 95 ਫੁੱਟ ਉੱਚਾ ਪੇਰੀਅਰ ਦਾ ਬੱਤ ਲਾਇਆ ਜਾਵੇਗਾ ਜੋ ਕਿ ਤਾਮਿਲਨਾਡੂ ਵਿੱਚ ਸਭ ਤੋਂ ਉੱਚਾ ਹੋਵੇਗਾ, ਜਿਸ ਦੀ ਉੱਚਾਈ 155 ਫੁੱਟ ਹੋਵੇਗੀ ਕਿਉਂਕਿ ਪੇਰੀਅਰ ਦੀ 60 ਸਾਲ ਪਹਿਲਾਂ 95 ਸਾਲ ਦੀ ਉਮਰ ਵਿਚ ਮੌਤ ਹੋਈ ਸੀ। ਪੇਰੀਅਰ ਦੀ ਫਿਲਾਸਫੀ ਨੂੰ ਅੱਗੇ ਲੈਜਾਣ ਲਈ ਇਸ ਵਿੱਚ ਮਿਊਜ਼ੀਅਮ, ਲਾਇਬਰੇਰੀ ਅਤੇ ਰਿਹਾਇਸ਼ੀ ਖੇਤਰ ਵੀ ਬਣਾਇਆ ਜਾਵੇਗਾ ਤਾਂ ਕਿ ਸਕੂਲਾਂ ਦੇ ਬੱਚੇ ਇੱਥੇ ਟੂਰ 'ਤੇ ਆਉਣ। ਇਸ ਵਿੱਚ ਸਰਕਾਰ ਤੋਂ ਕੋਈ ਮਦਦ ਨਹੀਂ ਲਈ ਜਾਵੇਗੀ। ਕਰੋੜਾਂ ਲੋਕਾਂ ਕੋਲੋਂ 100 100 ਰੁਪਏ ਇਕੱਠਾ ਕਰਕੇ 2026 ਵਿੱਚ ਇਹ ਬਿਲਡਿੰਗ ਤਿਆਰ ਹੋ ਜਾਵੇਗੀ। ਅੰਤ ਵਿੱਚ ਪਹਿਲਾਂ ਵਾਂਗ ਹੀ ਸਾਰੇ ਡੈਲੀਗੇਟਾਂ ਤੋਂ ਇੱਕ ਇੱਕ ਬੂਟਾ ਲਗਵਾਇਆ ਗਿਆ। ਦੱਖਣ ਵਿੱਚ ਪੇਰੀਅਰ ਨੂੰ ਦਲਿਤਾਂ ਦੇ ਮਸੀਹਾ ਵਜੋਂ ਵੀ ਜਾਣਿਆ ਜਾਂਦਾ ਹੈ।

ਪੇਰੀਅਰ ਵਰਲਡ ਤੋਂ ਵਾਪਿਸ ਆ ਕੇ ਪਹਿਲੇ ਸੈਸ਼ਨ ਵਿੱਚ ਐੱਸ. ਐੱਸ. ਸ਼ਿਵਾ ਸ਼ੰਕਰ ਟਰਾਂਸਪੋਰਟ ਮੰਤਰੀ ਨੇ ਡੈਲੀਗੇਟਾਂ ਨੂੰ ਸੰਬੋਧਨ ਕੀਤਾ। ਚੌਥੇ ਸੈਸ਼ਨ ਵਿੱਚ Woman and Superstitions ਵਿਸ਼ੇ 'ਤੇ ਚਰਚਾ ਹੋਈ ਲੰਚ ਤੋਂ ਬਾਅਦ ਸਮਾਂਤਰ Session ਵਿੱਚ 19 ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। 2:30 ਵਜੇ ਤੋਂ 4 ਵਜੇ ਤੱਕ ਨਰਿੰਦਰ ਨਾਇਕ ਦੀ ਪ੍ਰਧਾਨਗੀ ਹੇਠ ਫ਼ੀਰਾ ਦੀ ਮੀਟਿੰਗ ਹੋਈ ਜਿਸ ਵਿੱਚ ਫੀਰਾ ਦੇ ਨੈਸ਼ਨਲ ਸੈਕਟਰੀ ਸੁਦੇਸ਼ ਘੜੇਰਾਓ ਨੇ Resolutions and Future Action Plan ਦੀ ਰਿਪਰਟਿੰਗ ਕੀਤੀ। ਫ਼ੀਰਾ ਦੀ ਚੋਣ ਵਿੱਚ ਨਰਿੰਦਰ ਨਾਇਕ ਨੂੰ ਪ੍ਰਧਾਨ ਸੁਦੇਸ਼ ਘੋੜੇਰਾਓ ਨੂੰ ਸਕੱਤਰ ਅਤੇ ਸਜਿਤ ਸੀ ਨੂੰ ਕੈਸ਼ੀਅਰ ਚੁਣਿਆ ਗਿਆ। ਇਸ ਤੋਂ ਬਿਨ੍ਹਾਂ 6 ਮੀਤ ਪ੍ਰਧਾਨ ਅਤੇ 6 ਸੈਕਟਰੀ ਚੁਣੇ ਗਏ। ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਰਾਮ ਕੁਮਾਰ ਪਟਿਆਲਾ ਨੂੰ ਸਕੱਤਰ ਚੁਣਿਆ ਗਿਆ। ਇਸ ਮੀਟਿੰਗ ਵਿੱਚ 20 ਜਥੇਬੰਦੀਆਂ ਦੇ 39 ਮੈਂਬਰਾਂ ਨੇ ਹਿੱਸਾ ਲਿਆ।

ਕਾਨਫਰੰਸ ਦੇ ਸ਼ੁਰੂ ਵਿਚ R. Tamil Selvan ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ। ਇਸ ਤੋਂ ਬਾਅਦ ਸੁਦੇਸ਼ ਘੋੜੇਰਾਓ ਨੇ ਕਾਨਫਰੰਸ ਬਾਰੇ ਜਾਣਕਾਰੀ ਦਿੱਤੀ। ਨਰਿੰਦਰ ਨਾਇਕ ਨੇ ਪ੍ਰਧਾਨਗੀ ਭਾਸ਼ਣ ਦੌਰਾਨ ਡੈਲੀਗੇਟਾਂ ਨੂੰ ਸੰਬਧਨ ਕੀਤਾ।

**ਰਾਮ ਕੁਮਾਰ ਫਕਸ਼ੱਥਾ**

**(ਸਹਾਇਕ ਕੌਮੀ ਤੇ ਕੌਮਾਂਤਰੀ ਵਿਭਾਗ ਮੁਖੀ)**

# ਬੇਹੱਦ ਸਫਲ ਰਿਹਾ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਨਮਾਨ ਸਮਾਗਮ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 23ਵੀਂ, ਬਰਸੀ ਦੇ ਸਬੰਧ ਵਿੱਚ 23 ਫਰਵਰੀ ਨੂੰ 'ਤਰਕਸ਼ੀਲ ਭਵਨ' ਬਰਨਾਲਾ ਵਿਖੇ 'ਅਜੋਕੇ ਫਾਸ਼ੀਵਾਦੀ ਦੌਰ ਵਿੱਚ ਦਰਪੇਸ਼ ਚੁਣੌਤੀਆਂ ਅਤੇ ਸਾਡੇ ਕਾਰਜ' ਵਿਸ਼ੇ ਸਬੰਧੀ ਇੱਕ ਸੈਮੀਨਾਰ ਅਤੇ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ ਜਿਸਦੀ ਪ੍ਰਧਾਨਗੀ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਸੂਬਾਈ ਸਾਹਿਤ ਵਿਭਾਗ ਮੁਖੀ ਹੇਮ ਰਾਜ ਸਟੈਨੋਂ, ਸੂਬਾਈ ਪ੍ਰਿੰਟਿੰਗ ਵਿਭਾਗ ਮੁਖੀ ਰਾਜਪਾਲ ਬਠਿੰਡਾ ਅਤੇ ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਨੇ ਕੀਤੀ

ਸਮਾਗਮ ਦੀ ਸ਼ੁਰੂਆਤ ਤਰਕਸ਼ੀਲ ਕਾਰਕੁਨਾਂ ਸੁਖਵਿੰਦਰ ਬਾਗਾ, ਅਜਮੇਰ ਅਕਲੀਆ, ਜਗਸੀਰ ਜੀਦਾ, ਅਮੀਸ਼ ਬਾਗਪੁਰ ਅਤੇ ਕੁਲਵੰਤ ਸਿੰਘ ਦੇ ਇਨਕਲਾਬੀ ਗੀਤਾਂ ਨਾਲ ਹੋਈ

ਸਮਾਗਮ ਦੇ ਸ਼ੁਰੂ ਵਿੱਚ ਪਲਸ ਮੰਚ ਦੇ ਆਗੂ ਅਤੇ ਕ੍ਰਿਸ਼ਨ ਬਰਗਾੜੀ ਪਰਿਵਾਰ ਦੇ ਮੈਂਬਰ ਮਾਸਟਰ ਰਾਮ ਕੁਮਾਰ ਭਦੌੜ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਸਮੇਤ ਵੱਖ ਵੱਖ ਸਮਾਜਿਕ ਖੇਤਰਾਂ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਅਤੇ ਜੀਵਨ ਬਾਰੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਕ੍ਰਿਸ਼ਨ ਬਰਗਾੜੀ ਨੇ ਨਿੱਜਵਾਦ ਨੂੰ ਛੱਡ ਕੇ ਅਗਿਆਨਤਾ, ਅੰਧ ਵਿਸ਼ਵਾਸ਼ਾਂ, ਅਖੌਤੀ ਚਮਤਕਾਰਾਂ, ਸਮਾਜਿਕ ਬੁਰਾਈਆਂ ਤੋਂ ਇਲਾਵਾ ਲੁੱਟ, ਬੇਇਨਸਾਫੀ ਅਤੇ ਜਬਰ ਉੱਤੇ ਉਸਰੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਲੋਕ ਪੱਖੀ ਨਿਜ਼ਾਮ ਵਿੱਚ ਬਦਲਣ ਲਈ ਸਾਰੀ ਉਮਰ ਜੱਦੋਜਹਿਦ ਕੀਤੀ। ਉਸਨੇ ਖਾਲਿਸਤਾਨੀ ਅੱਤਵਾਦ ਦੇ ਕਾਲੇ ਦੌਰ ਵਿੱਚ ਤਰਕਸ਼ੀਲ ਲਹਿਰ ਨੂੰ ਅਗਵਾਈ ਦਿੱਤੀ ਅਤੇ ਕੈਂਸਰ ਦੀ ਬਿਮਾਰੀ ਨਾਲ ਜੂਝਦਿਆਂ ਮੌਤ ਉਪਰੰਤ ਸਰੀਰ ਪ੍ਰਦਾਨ ਕਰਕੇ ਤਰਕਸ਼ੀਲ ਸਾਥੀਆਂ ਅਤੇ ਸਮਾਜ ਲਈ ਪ੍ਰੇਰਨਾਸ੍ਰੋਤ ਬਣਿਆਂ।

ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਤੇ ਸਮਾਗਮ ਦੇ ਮੁੱਖ ਬੁਲਾਰੇ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਮੌਜੂਦਾ ਫਾਸ਼ੀਵਾਦੀ ਹਾਕਮ ਜਮਾਤਾਂ ਵੱਲੋਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਦੇਸ਼ ਅਤੇ ਦੁਨੀਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਸਿੱਖਿਆ ਦਾ ਭਗਵਾਂਕਰਨ ਅਤੇ ਵਪਾਰੀਕਰਨ ਕਰਕੇ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਸੰਵਿਧਾਨਕ ਅਧਿਕਾਰ ਅਤੇ ਵਿਦਿਅਕ ਅਦਾਰਿਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਾਮਰਾਜ ਪੱਖੀ ਹਕੂਮਤਾਂ ਜਲ, ਜੰਗਲ, ਜ਼ਮੀਨ ਅਤੇ ਹੋਰਨਾਂ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਗਰੀਬ ਆਦਿਵਾਸੀਆਂ ਨੂੰ ਉਜਾੜਨ ਉੱਤੇ ਤੁਲੀਆਂ ਹੋਈਆਂ ਹਨ ਅਤੇ ਵਿਰੋਧ ਕਰਨ ਵਾਲਿਆਂ ਨੂੰ ਇੱਕ ਸਾਜਿਸ਼ ਹੇਠ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਹਕੂਮਤੀ ਜ਼ਬਰ ਦਾ ਵਿਰੋਧ ਕਰਨ ਅਤੇ ਸਾਮਰਾਜੀ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਲਈ ਤਰਕਸ਼ੀਲ ਸੁਸਾਇਟੀ ਸਮੇਤ ਸਮੂਹ ਲੋਕ ਪੱਖੀ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਜਮਾਤੀ ਪੱਧਰ 'ਤੇ ਵਿਗਿਆਨਕ ਚਿੰਤਨ ਅਤੇ ਚੇਤਨਾ ਦਾ ਪ੍ਰਸਾਰ ਕਰਨ ਅਤੇ ਇਕਜੁੱਟਤਾ ਨਾਲ ਫ਼ੈਸਲਾਕੁਨ ਜਥੇਬੰਦਕ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾਂ ਨੇ ਪੰਜਾਬ ਅੰਦਰ ਗਿਆਨ, ਵਿਗਿਆਨ ਅਤੇ ਚੇਤਨਾ ਦਾ ਮਾਹੌਲ ਸਿਰਜਣ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਨਿਭਾਈ ਜਾ ਰਹੀ ਅਹਿਮ ਭੂਮਿਕਾ ਨੂੰ ਸਲਾਮ ਕੀਤਾ।

ਇਸ ਮੌਕੇ ਸੂਬਾ ਕਮੇਟੀ ਵੱਲੋਂ ਨਾਮਵਰ ਕਲਾ ਇਤਿਹਾਸਕਾਰ ਅਤੇ ਮਾਨਵਵਾਦੀ ਚਿੰਤਕ ਸੁਭਾਸ਼ ਪਰਿਹਾਰ ਨੂੰ ਇਤਿਹਾਸ ਅਤੇ ਵਿਗਿਆਨਕ ਚੇਤਨਾ ਦੇ ਖੇਤਰ ਵਿੱਚ ਪਾਏ ਅਮੁੱਲੇ ਯੋਗਦਾਨ ਲਈ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸੁਭਾਸ਼ ਪਰਿਹਾਰ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਇਹ ਸਨਮਾਨ ਸੂਬਾਈ ਤਰਕਸ਼ੀਲ ਆਗੂ ਰਾਜਪਾਲ ਬਠਿੰਡਾ ਨੇ ਪ੍ਰਾਪਤ ਕੀਤਾ। ਸਮਾਗਮ ਦੇ ਮੁੱਖ ਬੁਲਾਰੇ ਅਮੋਲਕ ਸਿੰਘ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਤੋਂ ਪਹਿਲਾਂ ਸੂਬਾਈ ਆਗੂ ਰਾਜਪਾਲ ਬਠਿੰਡਾ ਨੇ ਉੱਘੇ ਵਿਦਵਾਨ ਸੁਭਾਸ਼ ਪਰਿਹਾਰ ਵੱਲੋਂ ਇਤਿਹਾਸ ਨੂੰ ਸਹੀ ਸੰਦਰਭ ਵਿੱਚ ਪੇਸ਼ ਕਰਨ ਅਤੇ ਵਿਗਿਆਨਕ ਚੇਤਨਾ ਦੇ ਖੇਤਰ ਲਈ ਨਿਭਾਈ ਜਾ ਰਹੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਜਦ ਕਿ ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਕਾਫਲੇ 'ਚੋਂ ਵਿਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਪਹੁੰਚੇ ਸਾਰਿਆਂ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਸਮਾਗਮ ਦਾ ਮੁੱਖ ਹਾਸਿਲ ਇਹ ਰਿਹਾ ਕਿ ਮੁੱਖ ਬੁਲਾਰੇ ਦੇ ਸਵਾ ਘੰਟੇ ਦੇ ਸੰਬੋਧਨ ਨੂੰ ਸਮੂਹ ਸਰੋਤਿਆਂ ਨੇ ਪੂਰੀ ਸਮਰਪਿਤ ਭਾਵਨਾ ਅਤੇ ਦਿਲਚਸਪੀ ਨਾਲ ਨਿੱਠ ਕੇ ਸੁਣਿਆ।

ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ ਸਮਾਗਮ ਦੇ ਸਮੁੱਚੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੂਬਾਈ ਵਿੱਤ ਮੁਖੀ ਰਾਜੇਸ਼ ਅਕਲੀਆ ਅਤੇ ਬਿੰਦਰ ਧਨੌਲਾ ਵੱਲੋਂ ਪੂਰੀ ਤਨਦੇਹੀ ਨਾਲ ਨਿਭਾਈ ਗਈ।

ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਕ੍ਰਿਸ਼ਨ ਬਰਗਾੜੀ ਦੇ ਪਰਿਵਾਰ ਅਤੇ ਚੰਡੀਗੜ੍ਹ ਜੋਨ ਦੇ ਸੀਨੀਅਰ ਆਗੂ ਜਰਨੈਲ ਕ੍ਰਾਂਤੀ ਸਮੇਤ ਹੋਰਨਾਂ ਸਾਥੀਆਂ ਵੱਲੋਂ ਵੀ ਭਰਵਾਂ ਵਿੱਤੀ ਸਹਿਯੋਗ ਕੀਤਾ ਗਿਆ। ਇਸ ਮੌਕੇ ਸੂਬਾਈ ਆਗੂ ਗੁਰਪ੍ਰੀਤ ਸ਼ਹਿਣਾ ਵੱਲੋਂ ਤਰਕਸ਼ੀਲ ਸਾਹਿਤ ਵੈਨ ਦੀ ਪ੍ਰਦਰਸ਼ਨੀ ਵੀ ਲਗਾਈ ਗਈ

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਰਾਜੇਸ਼ ਅਕਲੀਆ, ਸੁਮੀਤ ਅੰਮ੍ਰਿਤਸਰ, ਜਸਵੰਤ ਮੋਹਾਲੀ, ਜੋਗਿੰਦਰ ਕੁੱਲੇਵਾਲ, ਜਸਵਿੰਦਰ ਫਗਵਾੜਾ, ਗੁਰਪ੍ਰੀਤ ਸ਼ਹਿਣਾ, ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੋਜਾ, ਜੋਨ ਆਗੂ ਮਾਸਟਰ ਪਰਮਵੇਦ ਸੰਗਰੂਰ, ਬਲਰਾਜ ਮੌੜ ਬਠਿੰਡਾ, ਗੁਰਮੀਤ ਖਰੜ ਚੰਡੀਗੜ੍ਹ, ਸਤਪਾਲ ਸਲੋਹ ਨਵਾਂ ਸ਼ਹਿਰ,ਰਾਜਵੰਤ ਬਾਗੜੀਆ ਅੰਮ੍ਰਿਤਸਰ, ਰਾਮ ਕੁਮਾਰ ਪਟਿਆਲਾ, ਪ੍ਰਵੀਨ ਜੰਡਵਾਲਾ ਫਾਜ਼ਿਲਕਾ, ਸੁਖਵਿੰਦਰ ਬਾਗਪੁਰ, ਸੁਭਾਸ਼ ਤਿਤਰਮ ਕੈਥਲ,ਕੁਲਵਿੰਦਰ ਨਗਾਰੀ, ਭੂਰਾ ਸਿੰਘ ਮਹਿਮਾ ਸਰਜਾ, ਸੁਰਜੀਤ ਦੌਧਰ, ਹਰਮੇਸ਼ ਮਾਲੜੀ, ਹਰਚਰਨ ਚਹਿਲ, ਭੁਪਿੰਦਰ ਫ਼ੌਜੀ, ਕੁਲਜੀਤ ਡੰਗਰਖੇੜਾ, ਪ੍ਰਿੰਸੀਪਲ ਮੇਲਾ ਰਾਮ, ਐਡਵੋਕੇਟ ਅਮਰਜੀਤ ਬਾਈ, ਹਰਚੰਦ ਭਿੰਡਰ, ਚੰਨਣ ਵਾਂਦਰ, ਜੁਝਾਰ ਲੌਂਗੋਵਾਲ, ਮਾਸਟਰ ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਕੁਲਦੀਪ ਮਾਣੂੰਕੇ, ਪ੍ਰੇਮ ਸਮਾਲਸਰ, ਗਗਨ ਰਾਮਪੁਰਾ, ਰਮੇਸ਼ ਜੈਨ, ਗਿਆਨ ਸਿੰਘ ਬਠਿੰਡਾ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ, ਮੈਡਮ ਹਰਪ੍ਰਕਾਸ਼ ਕੌਰ, ਬਲਜਿੰਦਰ ਕੌਰ, ਨਸੀਬ ਕੌਰ, ਪਰਮਜੀਤ ਕੌਰ, ਪਰਮਜੀਤ ਕੌਰ ਜੋਧਪੁਰ, ਸੁਖਦੇਵ ਫਗਵਾੜਾ, ਗਗਨਦੀਪ, ਪ੍ਰਿ ਮਨਜੀਤ ਮਲਸੀਆਂ, ਪਾਲ ਬਾਗਪੁਰ, ਰਾਮ ਸਿੰਘ ਨਿਰਮਾਣ,ਬਿਕਰਮਜੀਤ ਬਠਿੰਡਾ,ਵਿਸ਼ਵਕਾਂਤ ਸੁਨਾਮ, ਜਸਪ੍ਰੀਤ ਆਸਟਰੇਲੀਆ, ਨਵਪ੍ਰੀਤ, ਬਿੱਟੂ ਰੂਪੇਵਾਲੀ, ਗੁਰਮੇਲ ਭੁਟਾਲ, ਅਸ਼ੋਕ ਕੁਮਾਰ ਰੋਪੜ, ਮੋਹਨ ਬਡਲਾ, ਪ੍ਰੋ ਅਵਤਾਰ ਦੀਪ, ਚਰਨਜੀਤ ਪਟਵਾਰੀ, ਦਲਬੀਰ ਕਟਾਣੀ, ਮਾਸਟਰ ਸੁਰਜੀਤ ਮੁਹਾਲੀ ਅਤੇ ਅਵਤਾਰ ਸਿੰਘ ਬਰਨਾਲਾ ਆਦਿ ਸ਼ਾਮਿਲ ਸਨ

**ਸੁਮੀਤ ਸਿੰਘ**

**(ਸੂਬਾਈ ਮੀਡੀਆ ਮੁਖੀ)**

76960-30173

**ਸਫ਼ਾ 7 ਦਾ ਬਾਕੀ**

ਨੂੰ ਦੋਬਾਰਾ ਨਿਰਨੇ ਕਾਲਜੇ ਕਰਵਾਓ। ਤੁਰਤ-ਫੁਰਤ ਦਵਾਈ ਬਿਲਕੁਲ ਵੀ ਸ਼ੁਰੂ ਨਾ ਕਰੋ ਵੈਸੇ ਵੀ ਕੋਲੈਸਟਰੋਲ ਦਾ ਨੁਕਸ ਕੋਈ ਐਮਰਜੈਂਸੀ ਨਹੀਂ ਹੈ ਕਿ ਦਵਾਈ ਨਾ ਲਈ ਤਾਂ ਪਤਾ ਨਹੀਂ ਕੀ ਵਾਪਰ ਜਾਵੇਗਾ।

2) ਜੇ ਤੁਹਾਨੂੰ ਕੋਈ ਬਿਮਾਰੀ ਹੈ, ਖਾਸ ਕਰਕੇ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ/ਦਿਮਾਗ ਦੀਆਂ ਨਾੜਾਂ ਬੰਦ ਹੋਣ ਦੀ ਬਿਮਾਰੀ, ਮੋਟਾਪਾ ਹੈ, ਤਾਂ ਡਾਕਟਰ ਦੀ ਸਲਾਹ ਨਾਲ ਹੀ ਦਵਾਈ ਸ਼ੁਰੂ ਕਰੋ ਕਿਉਂਕਿ ਡਾਕਟਰ ਹਰੇਕ ਬਿਮਾਰੀ ਅਨੁਸਾਰ ਅਤੇ ਮਰੀਜ਼ ਦੀ ਉਮਰ, ਲਿੰਗ, ਬਿਮਾਰੀਆਂ/ਰਿਸਕ ਫੈਕਟਰਾਂ ਦੀ ਗਿਣਤੀ ਦੇ ਹਿਸਾਬ ਨਾਲ ਦਵਾਈ ਸ਼ੁਰੂ ਕਰੇਗਾ, (ਇਸ ਕੰਮ ਲਈ ਮੈਡੀਕਲ ਵਿਗਿਆਨ ਵਿੱਚ ਕਈ ਤਰ੍ਹਾਂ ਦੇ ਰਿਸਕ ਕੈਲਕੂਲੇਟਰ ਹਨ, ਜਿਹਨਾਂ ਦੀ ਵਰਤੋਂ ਕਰਕੇ ਕੋਲੈਸਟਰੋਲ ਘਟਾਉਣ ਵਾਲੀਆਂ ਦੀ ਸਹੀ ਵਰਤੋਂ ਨੂੰ ਮਿਥਿਆ ਜਾਂਦਾ ਹੈ, ਅਤੇ ਬੇਲੋੜਾ ਦਵਾਈ ਲਿਖਣ ਤੋਂ ਬਚਿਆ ਜਾਂਦਾ ਹੈ) ਅਤੇ ਨਾਲ ਹੀ ਡਾਕਟਰ ਦਵਾਈਆਂ ਦੇ ਬੁਰੇ ਅਸਰਾਂ (Side effect) ਵੱਲ ਧਿਆਨ ਰੱਖੇਗਾ, ਦਵਾਈ ਦੇ ਪ੍ਰਭਾਵ/ਅਸਰ ਨੂੰ ਜਾਂਚੇਗਾ ਅਤੇ ਲੋੜ ਪੈਣ ਤੇ ਦਵਾਈ ਦੀ ਡੋਜ਼ ਘੱਟ-ਵੱਧ ਜਾਂ ਬਦਲਣ ਦਾ ਨਿਰਣਾ ਲਵੇਗਾ ਅਤੇ ਇੱਕ ਤੋਂ ਵੱਧ ਦਵਾਈ ਦੀ ਲੋੜ ਪੈਣ 'ਤੇ ਵਰਤੋਂ ਕਰੇਗਾ।

3) ਜੇ ਤੁਹਾਨੂੰ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ/ਦਿਮਾਗ ਦੀਆਂ ਨਾੜਾਂ ਬੰਦ ਹੋਣ ਦੀ ਬਿਮਾਰੀ, ਮੋਟਾਪਾ ਆਦਿ ਨਹੀਂ ਹੈ, ਪਰ ਲਿਪਿਡ ਪ੍ਰੋਫਾਈਲ ਵਿੱਚ ਨੁਕਸ (ਖਾਸ ਕਰਕੇ ਕਲੈਸਟਰਲ/LDL ਜ਼ਿਆਦਾ ਹੈ) ਤਾਂ ਡਾਕਟਰ ਉਹਨਾਂ ਬਿਮਾਰੀਆਂ/ਆਦਤਾਂ ਨੂੰ ਲੱਭਣ ਦਾ ਯਤਨ ਕਰੇਗਾ ਜਿਹਨਾਂ ਕਰਕੇ ਇਹ ਨੁਕਸ ਪੈਦਾ ਹੋ ਸਕਦਾ ਹੈ, ਅਤੇ ਨਾਲ ਹੀ ਲਿਪਿਡ ਪ੍ਰੋਫਾਈਲ ਦੇ ਨੁਕਸ ਕਰਕੇ ਹੋਣ ਵਾਲੇ ਜਾਂ ਸ਼ੁਰੂ ਹੋ ਚੁੱਕੇ ਸੰਭਾਵਿਤ ਸਿਹਤ ਨੁਕਸਾਨ ਨੂੰ ਅਗਾਊਂ ਫੜ੍ਹਨ ਦਾ ਯਤਨ ਕਰੇਗਾ

- ਖੂਨ ਸੰਘਣੇ/ਲਿਪਿਡ ਪ੍ਰੋਫਾਈਲ ਲੜੀ ਦੀ ਅਗਲੀ ਕਿਸ਼ਤ ਵਿੱਚ ਅਸੀਂ ਕੋਲੈਸਟਰੋਲ ਘਟਾਉਣ ਵਾਲੀਆਂ ਦਵਾਈਆਂ ਅਤੇ ਇਹਨਾਂ ਨੂੰ ਵਰਤਣ ਬਾਰੇ ਕੁੱਝ ਆਮ ਜਾਣਕਾਰੀਆਂ ਸਾਂਝੀਆਂ ਕਰਾਂਗੇ, ਅਤੇ ਨਾਲ ਹੀ ਦਵਾਈਆਂ ਤੋਂ ਇਲਾਵਾ ਹੋਰ ਕੀ ਕੁਝ ਕੀਤਾ ਜਾ ਸਕਦਾ ਹੈ, ਇਸ ਬਾਰੇ ਕੁਝ ਨੁਕਤੇ ਸਾਂਝੇ ਕਰਾਂਗੇ **(ਜਾਰੀ)**

ਪ੍ਰਤੀਕਰਮ



# ਕੀ ਵਿਚਾਰ ਹਨ ਤੁਹਾਡੇ 'ਤਰਕਸ਼ੀਲ' ਦੇ ਪਿਛਲੇ ਅੰਕ ਬਾਰੇ ?

ਜਨਵਰੀ-ਫ਼ਰਵਰੀ 2025 ਅੰਕ ਵੰਨਗੀ ਪੱਖੋਂ, ਪ੍ਰਸ਼ੰਸਾਮਈ ਹੈ। ਕੁੱਝ ਨੁਕਤੇ ਤੁਹਾਡੇ ਧਿਆਨ ਹਿੱਤ ਭੇਜ ਰਿਹਾ ਹਾਂ : ਪੰਨਾ 4 'ਸਿੱਖਿਆ ਹੀ ਬਾਬਿਆਂ ਦਾ ਤੋੜ'। ਇਹ ਠੀਕ ਹੈ ਕਿ ਸਿੱਖਿਆ ਮਹੱਤਵਪੂਰਨ ਪੱਖ ਹੈ। ਪਰ ਪੂਰਾ ਪੱਖ ਨਹੀਂ ਕਈ ਪੜ੍ਹੇ ਲਿਖੇ ਡੇਰਿਆਂ ਵਿੱਚ ਜਾਂਦੇ ਵਿਅਕਤੀਆਂ ਨਾਲ ਗੱਲਬਾਤ ਕਰਕੇ ਪਤਾ ਲੱਗਿਆ ਕਿ ਉਹ ਸਿੱਖਿਆ ਦੀ ਘਾਟ ਕਰਕੇ ਨਹੀਂ, ਕਈ ਲੋੜਾਂ ਦੀ ਪੂਰਤੀ ਲਈ ਜਾਂਦੇ ਹਨ, ਜੋ ਹੋਰ ਕਿਸੇ ਨਾਲ ਜੁੜ ਕੇ ਪੂਰੀਆਂ ਨਹੀਂ ਹੁੰਦੀਆਂ। ਅਗਿਆਨਤਾ ਦੂਰ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਦੁਨਿਆਵੀ ਨਿਰਭਰਤਾ ਨੂੰ ਘਟਾਉਣ ਲਈ ਵਿਉਂਤਬੰਦੀ ਦੀ ਵੀ ਲੋੜ ਹੈ।

– 'ਸੁਨਿਹਰਾ ਰਾਹ' (ਪੰਨਾ 13) 'ਹੱਡ ਬੀਤੀ' ਨਹੀਂ, 'ਜੱਗ ਬੀਤੀ' ਹੈ ਲੇਖਿਕਾ ਕਿਸੇ ਅਰਸ਼ ਨਾਮੀ ਕੁੜੀ ਦੀ ਦੱਸੀ ਕਹਾਣੀ ਸਾਂਝੀ ਕਰ ਰਹੀ ਹੈ, ਆਪਣੀ ਕਹਾਣੀ ਨਹੀਂ ਸੁਣਾ ਰਹੀ

- ਵਿਗਿਆਨ ਦਾ ਸਫ਼ਰ ਇਸੇ ਤਰ੍ਹਾਂ ਜਾਰੀ ਰਹੇ

– ਸੁਰਸ਼ ਰਤਨ ਹਮੇਸ਼ਾਂ ਵਾਂਗ ਸੰਖੇਪ ਪਰ ਜਾਣਕਾਰੀ ਭਰਪੂਰ ਹੈ। ਲਗਾਤਾਰ ਲਿਖਦੇ ਰਹਿਣ ਲਈ ਉਨ੍ਹਾਂ ਤੱਕ ਪਹੁੰਚ ਜਾਰੀ ਰੱਖਣੀ ਚਾਹੀਦੀ ਹੈ

– ਪੰਨਾ 53 'ਤੇ ਪੁਸਤਕ ਪ੍ਰਦਰਸ਼ਨੀ ਬਾਰੇ ਰਿਪੋਰਟ ਵਿੱਚ ਲਿਖਿਆ ਹੈ ਕਿ ਇਸ ਦੌਰਾਨ 'ਚੇਤਨ ਪਾਠਕਾਂ' ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਇਹ ਅਧੂਰੀ ਰਿਪੋਰਟਿੰਗ ਹੈ। ਦੱਸਣ ਵਾਲੀ ਗੱਲ ਇਹ ਹੈ ਕੀ ਗੱਲਬਾਤ ਹੋਈ। ਉਨ੍ਹਾਂ ਦੇ ਮਨਾਂ ਵਿੱਚ ਕੀ ਸੁਆਲ ਸਨ ? ਉਹ ਸੁਸਾਇਟੀ ਬਾਰੇ, ਸਮਾਜ ਬਾਰੇ, ਧਰਮ ਬਾਰੇ ਕੀ ਸੋਚਦੇ ਹਨ ? ਉਨ੍ਹਾਂ ਦੇ ਭਵਿੱਖੀ ਸੁਫ਼ਨੇ ਕੀ ਹਨ ? ਇਹ ਜਾਣਕਾਰੀ ਮੁੱਲਵਾਨ ਹੋ ਸਕਦੀ ਸੀ ਜਿਸ ਦੀ ਰੌਸ਼ਨੀ ਵਿੱਚ ਸੁਸਾਇਟੀ ਦੀਆਂ ਭਾਵੀ ਸਰਗਰਮੀਆਂ ਨੂੰ ਵਿਉਂਤਿਆ ਜਾ ਸਕੇ। ਭਵਿੱਖ ਵਿੱਚ ਗੱਲਬਾਤ ਜਾਂ ਵਿਚਾਰ ਦੀ ਰਿਪੋਰਟਿੰਗ ਵੇਲੇ, ਇਸ ਤਰ੍ਹਾਂ ਦੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ, ਜੋ ਹੋਰਨਾਂ ਪਾਠਕਾਂ ਲਈ ਪ੍ਰੇਰਣਾਮਈ ਹੋ ਸਕਦੀ ਹੈ ਸਿਰਫ਼ ਇਹ ਲਿਖਣਾ ਕਾਫ਼ੀ ਨਹੀਂ ਕਿ ਗੱਲਬਾਤ ਹੋਈ। ਇਸੇ ਰਿਪੋਰਟ ਦੇ ਦੂਜੇ ਕਾਲਮ ਵਿੱਚ, 'ਇਸ ਤੋਂ ਇਲਾਵਾ' ਵਾਕੰਸ਼, ਤਿੰਨ ਵਾਰ ਦੁਹਰਾਇਆ ਗਿਆ ਜੋ ਅੱਖਰਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ ਕਿ ਉਸ ਦਿਨ ਹੇਠ ਲਿਖੀਆਂ ਸਰਗਰਮੀਆਂ ਕੀਤੀਆਂ, 1,2,3 ਆਦਿ।

**-ਅਵਤਾਰ ਗੋਂਦਾਰਾ**

"ਤਰਕਸ਼ੀਲ" ਮੈਗਜ਼ੀਨ ਦਾ ਜਨਵਰੀ ਫਰਵਰੀ ਅੰਕ ਪੜ੍ਹਦਿਆਂ ਹਰਮਸ਼ ਮਾਲੜੀ ਦੀ ਕਵਿਤਾ "ਕਿਤਾਬਾਂ" ਅਤੇ 'ਚਿੱਤ ਕਰੇ ਮੈਂ ਬਾਬਾ ਬਣਜਾਂ!", "ਯੁੱਗ ਆਇਆ ਵਿਗਿਆਨ ਦਾ", "ਕੰਧਾਂ" ਤੇ "ਗਾਂਗਲੂ" ਕਵਿਤਾਵਾਂ ਚੰਗੀਆਂ ਲੱਗੀਆਂ। ਕਮਲਪ੍ਰੀਤ ਦਾ ਲਿਖਿਆ -ਰੇਡੀਏਸ਼ਨ ਪ੍ਰਦੂਸ਼ਣ ਬਾਰੇ ਲੇਖ ਪੜ੍ਹਕੇ ਆਪਣੇ ਬੱਚਿਆਂ ਨਾਲ ਸਾਂਝਾ ਕੀਤਾ। "ਪ੍ਰਾਪਤ ਆਰਥਿਕ ਸਹਾਇਤਾ" ਦੇਖ ਦਿਆਂ ਹਾਲੇ ਵੀ ਤਰਕਸ਼ੀਲ ਸਾਥੀ ਗਿਆਰਾਂ ਸੌ, ਇੱਕੀ ਸੌ ਕਿਸੇ ਸਮੇਂ ਚਲਾਕ ਪੁਜਾਰੀਆਂ ਦੀ ਅੰਧਭਗਤਾਂ 'ਚ ਚਲਾਈ ਇਹ ਇੱਕ ਥਿਊਰੀ ਸੀ। ਸਾਥੀ ਹਾਲੇ ਤੱਕ ਕਿਉਂ ਨਹੀਂ ਸਮਝ ਸਕੇ। ਚਲੋ ਸਾਰਾ ਮੈਗਜ਼ੀਨ ਵਧੀਆ ਜਾਣਕਾਰੀ ਦੇਣ ਵਾਲਾ ਸੀ।

**-ਗੋਰਾ ਹੁਸ਼ਿਆਰਪੁਰੀ**

---

"ਉਦਾਸੀ ਅਤੇ ਨਿਰਾਸ਼ਾ ਦੇ ਆਲਮ 'ਚੋਂ ਬਾਹਰ ਰਹਿੰਦਿਆਂ ਲੋਕ ਪੱਖੀ ਸਮਾਜਿਕ ਤਬਦੀਲੀ 'ਚ ਸਾਡਾ ਵਿਸ਼ਵਾਸ ਅਟੱਲ ਹੋਣਾ ਅਤਿ ਜ਼ਰੂਰੀ ਹੈ। ਇਹ ਹੋਣੀ ਹੀ ਹੋਣੀ ਹੈ।"

"ਅੱਜ ਦਾ ਦੌਰ ਚਣੌਤੀਆਂ ਭਰਿਆ ਹੈ ਅਗਿਆਨਤਾ, ਅੰਧਵਿਸ਼ਵਾਸ, ਨਾ ਬਰਾਬਰੀ, ਫਿਰਕਾਪ੍ਰਸਤੀ ਤੇ ਫਾਸ਼ੀਵਾਦ ਜ਼ਿੰਦਗੀ ਤੇ ਸਮਾਜ ਦਾ ਰਾਹ ਰੋਕ ਰਹੇ ਹਨ ਗਿਆਨ, ਚੇਤਨਾ ਦੀ ਲੋਅ ਚੁਣੌਤੀਆਂ ਸਾਹਵੇਂ ਡਟਣ ਦੀ ਜਾਗ ਹੈ।"

"ਜੇ ਸੋਚ ਵਿਗਿਆਨਕ ਨਹੀਂ ਤਾਂ ਇਕੱਲੀ ਨਾਸਤਿਕਤਾ ਰਾਹ ਦਰਸਾਵਾ ਨਹੀਂ ਬਣਦੀ। ਚਾਰਵਾਕ/ ਲੋਕਾਇਤ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ, ਪਦਾਰਥਵਾਦੀ ਨਜ਼ਰੀਏ ਨੂੰ ਬੁਲੰਦ ਕਰਨਾ ਚਾਹੀਦਾ।"

ਮਹੱਤਵਪੂਰਨ ਜਾਪਦੀਆਂ ਕੁੱਝ ਲਾਇਨਾਂ ਦਾ ਹਵਾਲਾ ਦੇ ਕੇ ਮੈਂ ਦਰਸਾਉਣਾ ਚਾਹੁੰਦਾ ਹਾਂ ਕਿ ਮੈਗਜ਼ੀਨ ਦੇ ਅੰਦਰ ਹੋਰ ਵੀ ਬਹੁਤ ਕੁੱਝ ਪ੍ਰੇਰਨਾ ਤੇ ਉਤਸ਼ਾਹ ਦੇਣ ਲਾਇਕ ਸਮੱਗਰੀ ਪਈ ਹੈ ਅੰਦਰ ਵੜ੍ਹੋ, ਝਾਕੋ ਤੇ ਲੱਭ ਕੇ ਲਿਆਵੋ ਬੇਸ਼ਕੀਮਤੀ ਤੋਹਫ਼ੇ। ਇਹ ਵੀ ਸੁਝਾਅ ਹੈ ਕਿ ਪਦਾਰਥਵਾਦ ਬਾਰੇ ਲੜੀ ਸ਼ੁਰੂ ਕੀਤੀ ਜਾਵੇ।

**-ਅਜੀਤ ਪ੍ਰਦੇਸੀ (ਰੋਪੜ)**

# ਜੈਪੁਰ ਵਿਖੇ ਤਰਕਸ਼ੀਲਾਂ ਦੀ ਵਿਚਾਰ ਚਰਚਾ

**- ਜਸਵੰਤ ਮੋਹਾਲੀ**

ਰਾਜਸਥਾਨ ਪਲਿਸ ਦੇ ਆਈ ਜੀ. ਆਈ.ਪੀ.ਐਸ ਕਿਸ਼ਨ ਸਹਾਇ ਪਿਛਲੇ ਕੁੱਝ ਸਾਲਾਂ ਤੋਂ ਫੇਸਬੁਕ ਅਤੇ ਯੂਟਿਊਬ ਚੈਨਲ 'ਤੇ ਆਪਣੀ ਤਰਕਸ਼ੀਲ ਅਤੇ ਮਾਨਵਤਾਵਾਦੀ ਵਿਚਾਰਧਾਰਾ ਦੇ ਪ੍ਰਚਾਰ ਵਾਲੀਆਂ ਵੀਡੀਓ ਅਕਸਰ ਪਾਉਂਦੇ ਰਹਿੰਦੇ ਹਨ। ਉਨ੍ਹਾਂ ਦੇ ਫੇਸਬੁੱਕ ਪੇਜ ਦੇ ਫੋਲੋਅਰਜ਼ ਦੀ ਗਿਣਤੀ ਸਵਾ ਲੱਖ ਤੋਂ ਉਪਰ ਹੈ। ਉਹਨਾਂ ਵੱਲੋਂ ਦੋ ਦਿਨ ਦੀ ਵਿਚਾਰ ਚਰਚਾ 11 ਅਤੇ 12 ਜਨਵਰੀ 2025 ਨੂੰ ਜੈਪੁਰ ਵਿਖੇ ਰਖੀ ਗਈ ਜਿਸ ਵਿੱਚ ਤਰਕਸ਼ੀਲ ਸਸਾਇਟੀ ਪੰਜਾਬ ਦੇ ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਦੇ ਮੁਖੀ ਜਸਵੰਤ ਮੋਹਾਲੀ ਤੇ ਸਹਿਯੋਗੀ ਭੂਰਾ ਸਿੰਘ ਅਤੇ ਚੰਨਣ ਵਾਂਦਰ ਨੇ ਸ਼ਮੂਲੀਅਤ ਕੀਤੀ। ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਰਾਜੇਸ਼ ਪੇਗਾ, ਸੁਭਾਸ਼ ਤਿਤਰਮ, ਆਤਮਾ ਸਿੰਘ, ਉਨ੍ਹਾਂ ਦੀ ਪਤਨੀ ਅਤੇ ਕੁੱਝ ਹੋਰ ਸਾਥੀ ਵੀ ਹਾਜ਼ਰ ਸਨ। ਇਸ ਤੋਂ ਬਿਨ੍ਹਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ, ਬਿਹਾਰ, ਦਿੱਲੀ ਅਤੇ ਉੱਤਰਾਖੰਡ ਤੋਂ ਵੀ ਕਾਫੀ ਸਾਥੀ ਪਹੁੰਚੇ ਸਨ। ਆਉਣ ਵਾਲੇ ਬਹੁਤੇ ਸਾਥੀ ਕਿਸ਼ਨ ਸਹਾਇ ਦੀਆਂ ਸੋਸ਼ਲ ਮੀਡੀਆ 'ਤੇ ਪਾਈਆਂ ਵੀਡੀਓ ਦੇ ਫੋਲੋਆਰਜ ਸਨ ਸਟੇਜ 'ਤੇ ਲਗੇ ਬੈਨਰ 'ਤੇ ਸੰਸਥਾ ਦਾ ਨਾਂ "ਮਾਨਵਵਾਦੀ ਵਿਸ਼ਵ ਸਮਾਜ" ਲਿਖਿਆ ਹੋਇਆ ਸੀ ਪਹਿਲ ਦਿਨ ਪਹਿਲੇ ਸੈਸ਼ਨ ਵਿਚ ਸਾਰੇ ਸਾਥੀਆਂ ਨੇ ਆਪਣੀ ਜਾਣ ਪਛਾਣ ਕਰਵਾਈ ਠੰਡ ਅਤੇ ਬਾਰਿਸ਼ ਦੇ ਬਾਵਜੂਦ ਤਕਰੀਬਨ 300 ਤਰਕਸ਼ੀਲ, ਮਾਨਵਵਾਦੀ, ਨਾਸਤਿਕ, ਅੰਬੇਦਕਰਵਾਦੀ ਆਦਿ ਵਿਚਾਰਧਾਰਾ ਦੇ ਲੋਕ ਮੌਜੂਦ ਸਨ ਜਿਨਾਂ ਵਿੱਚੋਂ ਬਹੁਤੇ ਜੈਪੁਰ ਤੋਂ ਬਾਕੀ ਰਾਜਸਥਾਨ ਅਤੇ ਹੋਰ ਰਾਜਾਂ ਤੋਂ ਸਨ ਚੰਗੇ ਭਵਿੱਖ ਦੀ ਆਸ ਅਤੇ ਹੌਸਲਾ ਵਧਾਉਣ ਵਾਲੀ ਗੱਲ ਇਹ ਸੀ ਕਿ ਨੌਜਵਾਨ ਕਾਫੀ ਗਿਣਤੀ ਵਿੱਚ ਸਨ ਹਾਜ਼ਰ ਔਰਤਾਂ ਦੀ ਗਿਣਤੀ ਭਾਵੇਂ ਘੱਟ ਸੀ ਪਰ ਗੌਲਣਯੋਗ ਸੀ। ਖੁਸ਼ੀ ਦੀ ਗੱਲ ਇਹ ਵੀ ਸੀ ਕਿ ਨੌਜਵਾਨਾਂ ਅਤੇ ਔਰਤਾਂ ਨੇ ਜਦੋਂ ਮੰਚ ਤੋਂ ਆਪਣੇ ਵਿਚਾਰ ਰੱਖੇ ਤਾਂ ਉਹਨਾਂ ਵਿੱਚ ਸਵੈ ਭਰੋਸਾ ਅਤੇ ਪਰਪੱਕਤਾ ਝਲਕਦੀ ਸੀ। ਕਿਸ਼ਨ ਸਹਾਇ ਦੀ ਬੇਟੀ ਅਤੇ ਪ੍ਰਬੰਧਕ ਡਾਕਟਰ ਬਾਬੂ ਲਾਲ ਦੀ ਪਤਨੀ ਮੀਨਾ ਜੀ ਨੇ ਵੀ ਆਪਣੇ ਵਿਚਾਰ ਰੱਖੇ। ਅੰਬਾਲਾ ਤੋਂ ਮੈਡਮ ਰਜਿੰਦਰ ਕੌਰ ਨੇ ਵੀ ਪ੍ਰਭਾਵਸ਼ਾਲੀ ਗੱਲ ਕਹੀ, "ਸਾਨੂੰ ਆਪਣੇ ਪਰਿਵਾਰਾਂ ਸਮੇਤ ਪਹੁੰਚਣਾ ਚਾਹੀਦਾ ਹੈ ਤਾਂ ਕਿ ਸਾਡੇ ਪ੍ਰਵਾਰ ਨੂੰ ਵੀ ਇਸ ਕੰਮ ਦੀ ਮਹੱਤਤਾ ਦਾ ਅਹਿਸਾਸ ਹੋਵੇ"। ਇਸ ਵਿਚਾਰ ਚਰਚਾ ਦੀਆਂ ਤਿਨ ਗੱਲਾਂ ਵਿਚਾਰਨ ਅਤੇ ਅਮਲ ਵਿੱਚ ਲਿਆਉਣ ਯੋਗ ਸਨ - ਨੌਜਵਾਨਾਂ ਦੀ ਸ਼ਮੂਲੀਅਤ, ਔਰਤਾਂ ਦੀ ਸ਼ਮੂਲੀਅਤ ਅਤੇ ਫੇਸਬੁੱਕ ਲਾਈਵ ਤੇ ਵਡੀ ਗਿਣਤੀ ਵਿਚ ਜੁੜੇ ਸਾਥੀਆਂ ਦੀ ਗਿਣਤੀ। ਜੇ ਉੱਥੇ 300 ਸਾਥੀ ਹਾਜ਼ਰ ਸਨ ਤਾਂ ਸੋਸ਼ਲ ਮੀਡੀਆ ਰਾਹੀਂ ਇੱਕ ਅੰਦਾਜੇ ਮੁਤਾਬਕ 40 ਹਜ਼ਾਰ ਲੋਕਾਂ ਨੇ ਵੀਡੀਓ ਦੇਖੀਆਂ। ਜਸਵੰਤ ਮੋਹਾਲੀ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਜਾਣ-ਪਛਾਣ ਤੇ ਸੰਸਥਾ ਦੀਆਂ ਮਹਤੱਵਪੂਰਨ ਸਰਗਰਮੀਆਂ ਜਿਵੇਂ ਸਾਹਿਤ ਵੈਨ ਅਤੇ ਵਿਦਿਆਰਥੀ ਚੇਤਨਾ ਪ੍ਰੀਖਿਆ ਬਾਰੇ ਵਿਸਥਾਰ ਨਾਲ ਦੱਸਿਆ। ਸਾਥੀ ਭੂਰਾ ਸਿੰਘ ਜੀ ਨੇ ਭਾਰਤੀ ਇਤਿਹਾਸ ਦਾ ਹਵਾਲਾ ਦੇ ਕੇ ਦੱਸਿਆ ਕਿ ਕਿਸ ਤਰ੍ਹਾਂ ਜਾਤੀਆਂ ਵਿੱਚ ਵੰਡੇ ਹੋਣ ਕਰਕੇ ਸਾਡੇ ਸਮਾਜ ਨੂੰ ਬਾਹਰ ਆਏ ਹਮਲਾਵਰ ਲੁੱਟਦੇ ਰਹੇ। ਹੁਣ ਵੀ ਸਾਡੇ ਲੋਕਾਂ ਵਿੱਚ ਅੰਧ ਵਿਸ਼ਵਾਸ, ਧਾਰਮਿਕ ਆਸਥਾ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦਾ ਕੰਮ ਰਾਜਨੀਤਿਕ ਲੋਕਾਂ ਵੱਲੋਂ ਕੀਤਾ ਜਾਂਦਾ ਹੈ। ਯੂਟਿਊਬ ਚੈਨਲ Arpit Explains ਜਿਸਦੇ ਪੌਣੇ ਦੋ ਲਖ ਸਬਸਕ੍ਰਾਈਬਰਜ ਹਨ ਵਾਲੇ ਨੌਜਵਾਨ ਸਾਥੀ ਅਰਪਿਤ ਨੇ ਖਾਸ ਤੌਰ 'ਤੇ ਹਾਜ਼ਰੀ ਲਵਾਈ ਅਤੇ ਅੱਧਾ ਘੰਟਾ ਤਰਕਸ਼ੀਲ ਵਿਚਾਰਾਂ 'ਤੇ ਚਰਚਾ ਕੀਤੀ। ਇਸ ਮੌਕੇ ਬੋਲਦਿਆਂ ਹਰਿਆਣੇ ਤੋਂ ਸਾਥੀ ਸੁਭਾਸ਼ ਤਿਤ੍ਰਮ ਨੇ ਕਿਹਾ ਕਿ ਅੰਧ ਵਿਸ਼ਵਾਸ ਅਤੇ ਧਾਰਮਿਕ ਅਡੰਬਰਾਂ ਵਿੱਚ ਦੇਸ਼ ਦੀ ਬਹੁਤ ਜਿਆਦਾ ਕਿਰਤ ਸ਼ਕਤੀ ਵਿਅਰਥ ਚਲੀ ਜਾਂਦੀ ਹੈ ਇਸ ਲਈ ਵਿਗਿਆਨਕ ਸੋਚ ਨੂੰ ਸਮਾਜ ਵਿੱਚ ਫੈਲਾਉਣ ਵਾਸਤੇ 'ਤਰਕਸ਼ੀਲ' ਮੈਗਜੀਨ ਅਤੇ ਸਾਹਿਤ ਨੂੰ ਮਿਸ਼ਨ ਵਾਂਗ ਲੋਕਾਂ ਤੱਕ ਲਿਜਾਇਆ ਜਾਵੇ। ਉਨਾਂ ਨੇ ਚਮਤਕਾਰਾਂ ਦਾ ਦਾਅਵਾ ਕਰਨ ਵਾਲੇ ਬਾਬਿਆਂ ਨੂੰ ਕਰੋੜਾਂ ਰੁਪਏ ਦਾ ਇਨਾਮ ਜਿੱਤਣ ਲਈ ਵੰਗਾਰਿਆ। ਅਲਵਰ ਤੋਂ ਨਰਸਿੰਗ ਆਫਿਸਰ ਮਿਥਲੇਸ਼ ਮੀਨਾ ਨੇ ਕਿਹਾ ਕਿ ਕਿਸ਼ਨ ਸਹਾਇ ਜੀ ਦੀ ਆਵਾਜ਼ ਸੋਸ਼ਲ ਮੀਡੀਆ ਦੇ ਜਰੀਏ ਰਾਜਸਥਾਨ ਹੀ ਨਹੀਂ, ਦੂਜੇ ਸੂਬਿਆਂ ਦੇ ਵੀ ਪਿੰਡ ਪਿੰਡ ਤੱਕ ਪਹੁੰਚ ਰਹੀ ਹੈ। ਲੋਕ ਅੰਧ ਵਿਸ਼ਵਾਸਾਂ ਅਤੇ ਬਾਬਿਆਂ ਦੇ

ਚੱਕਰ ਵਿੱਚ ਫਸ ਕੇ ਆਪਣੇ ਤਨ ਮਨ ਅਤੇ ਤਨ ਦਾ ਸ਼ੋਸ਼ਣ ਕਰਾ ਰਹੇ ਹਨ। ਦਿਲੀ ਤੋਂ ਮੈਡਮ ਸਰਜ ਨੇ ਕਿਹਾ ਕਿ ਮੇਰੀਆਂ ਬਜ਼ੁਰਗ ਮੈਨੂੰ ਕਿਹਾ ਕਰਦੀਆਂ ਸਨ ਕਿ ਭਗਵਾਨ ਦਾ ਪ੍ਰਸ਼ਾਦ ਚੜਾਉਣ ਨਾਲ ਤੱਰਕੀ ਹੁੰਦੀ ਹੈ, ਪਰ ਮੈਂ ਸਮਝਦੀ ਹਾਂ ਕਿ ਜੇ ਮੈਂ ਮਿਹਨਤ ਨਾ ਕਰਦੀ ਤਾਂ ਅੱਜ ਅਸਿਸਟੈਂਟ ਪ੍ਰੋਫੈਸਰ ਨਾ ਹੁੰਦੀ ਉਨ੍ਹਾਂ ਦੀ ਬੇਟੀ ਨੌਵੀਂ ਜਮਾਤ ਦੀ ਵਿਦਿਆਰਥਣ ਸੁਹੀਨਾ ਬੈਨੀਵਾਲ ਨੇ ਕਿਹਾ ਕਿ ਸਹੀ ਗਲਤ ਦੀ ਪਛਾਣ ਤਰਕ ਨਾਲ ਹੁੰਦੀ ਹੈ ਨਾ ਕਿ ਇਸ ਲਈ ਕਿ ਕਿਸੇ ਧਾਰਮਿਕ ਆਗੂ ਨੇ ਕਿਹਾ ਹੈ। ਜੇ ਵਿਗਿਆਨ ਦੇ ਯੱਗ ਵਿੱਚ ਵੀ ਅਸੀਂ ਅੰਧ ਵਿਸ਼ਵਾਸ਼ਾਂ ਵਿੱਚ ਫਸੇ ਰਹੇ ਤਾਂ ਇੱਕ ਦਿਨ ਐਸਾ ਆਵੇਂਗਾ ਜਦੋਂ ਅਸੀਂ ਕਿਹਾ ਕਰਾਂਗੇ ਕਿ ਬਿੱਲੀ ਰਸਤਾ ਕੱਟ ਗਈ ਹੁਣ ਵਾਈਫਾਈ ਨਹੀਂ ਚੱਲੇਗਾ। ਸਾਥੀ ਸੁਭਾਸ਼ ਤਿਤਰਮ ਅਤੇ ਪੰਜਾਬ ਦੇ ਤਰਕਸ਼ੀਲ ਸਾਥੀਆਂ ਵੱਲੋਂ ਲਿਆਂਦਾ ਹਿੰਦੀ ਦਾ ਸਾਹਿਤ ਦੋ ਦਿਨਾਂ ਵਿੱਚ ਲਗ ਗਿਆ। ਕਿਸ਼ਨ ਸਹਾਇ ਜੀ ਵੱਲੋਂ ਕੀਤਾ ਗਿਆ ਉਪਰਾਲਾ ਸਲਾਹੁਣ ਯੋਗ ਹੈ। ਸਾਨੂੰ ਉਨ੍ਹਾਂ ਦੇ ਕਹੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਜੇਕਰ ਅਸੀਂ ਲਗਾਤਾਰ ਯਤਨ ਕਰਦੇ ਰਹੇ ਤਾਂ ਇਕ ਦਿਨ ਜ਼ਰੂਰ ਅੰਧਵਿਸ਼ਵਾਸ਼ ਮੁਕਤ, ਵਿਗਿਆਨਕ ਸੋਚ ਯੁਕਤ ਸਮਾਜ ਬਣ ਜਾਏਗਾ

ਰਿਪੋਰਟ ਜਸਵੰਤ ਮੋਹਾਲੀ

(ਮੁਖੀ ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ)

---

## ਜੋਧ ਪੁਰ ਕਾਨਫਰੰਸ

ਕਿਸ਼ਨ ਸਹਾਏ (ਆਈ.ਪੀ.ਐੱਸ. ਅਫ਼ਸਰ ਆਈ ਜੀ. ਜੈਪੁਰ ਰਾਜਸਥਾਨ) ਵੱਲੋਂ ਸ਼ੁਰੂ ਕੀਤੀ ਵਿਸ਼ਵ ਮਾਨਵਤਾਵਾਦੀ ਸਮਾਜ ਲਹਿਰ ਦੇ ਪ੍ਰੋਗਰਾਮਾਂ ਦੀ ਕੜੀ ਵਜੋਂ ਜੈਪੁਰ ਤੋਂ ਬਾਅਦ ਜੋਧਪੁਰ ਵਿਖੇ 15 ਫਰਵਰੀ ਨੂੰ ਯੁਗ ਪਰਿਵਰਤਨਕਾਰੀ, ਬਦਲਾਓ ਪ੍ਰੋਗਰਾਮ FDDI ਕਾਲਿਜ ਦੇ ਆਡੀਟੋਰਅਮ ਵਿੱਚ ਕਰਵਾਇਆ ਗਿਆ ਜਿਸ ਵਿੱਚ ਰਾਮ ਕੁਮਾਰ ਢਕੜਬਾ ਪਟਿਆਲਾ ਅਤੇ ਜੋਗਿੰਦਰ ਸਿੰਘ ਜ਼ਿਲੇਦਾਰ ਬਠਿੰਡਾ ਸ਼ਾਮਲ ਹੋਏ। ਪੰਜਾਬ, ਹਰਿਆਣਾ, ਰਾਜਸਥਾਨ ਅਤੇ ਯੂ.ਪੀ. ਤੋਂ 250 ਦੇ ਕਰੀਬ ਦੇ ਇਕੱਠ ਨੂੰ ਕਿਸ਼ਨ ਸਹਾਏ ਨੇ ਸੰਬੋਧਨ ਕੀਤਾ। ਆਈ. ਜੀ. ਕਿਸ਼ਨ ਸਹਾਏ ਨੇ ਕਿਹਾ ਕਿ ਉਸ ਨੇ ਕਈ ਬਾਬਿਆਂ ਨੂੰ ਫੜ੍ਹਿਆ ਹੈ ਤੇ ਉਨ੍ਹਾਂ ਦੇ ਚਮਤਕਾਰ ਦਾ ਪਰਦਾਫਾਸ਼ ਕੀਤਾ ਹੈ।

-ਰਾਮ ਕੁਮਾਰ ਢਕੜੱਬਾ

ਸਮਰਥਨ ਕਰਦਾ ਹੈ, ਤਾਂ ਸਮਾਜ ਵੀ ਇਸ ਤਰ੍ਹਾਂ ਸੋਚੇਗਾ।"

ਸੰ ਸਫ਼ਾ 23 ਦਾ ਬਾਕੀ

ਅਰਜਕ ਸੰਘ ਦੇ ਸਿਧਾਂਤ ਤੇ ਸਰੋਕਾਰ ਭਾਰਤੀ ਰਾਜ ਦਆਰਾ ਧਰਮ ਦੇ ਮਾਮਲਿਆਂ ਵਿੱਚ ਦਿੱਤੇ ਬੇਲੋੜੇ ਦਖਲ ਦਾ ਪੁਰਜ਼ੋਰ ਵਿਰੋਧ ਕਰਦੇ ਹਨ।

ਅਰਜਕ ਸੰਘ ਦੇ ਆਗੂ ਸ਼ਿਵ ਕੁਮਾਰ ਦਾ ਵਿਚਾਰ ਹੈ ਕਿ ਲੋਕ ਅੰਨ੍ਹੇਵਾਹ ਅਰਜਕ ਸੰਘ ਦਾ ਪਿੱਛਾ ਨਾ ਕਰਨ ਲੱਗ ਜਾਣ ਸਗੋਂ ਅਰਜਕ ਸੰਘ ਦੀ ਜੀਵਨ ਸ਼ੈਲੀ ਪ੍ਰਤੀ ਉਹਨਾਂ ਦਾ ਵਿਸ਼ਵਾਸ ਸਬੂਤ ਅਤੇ ਤਰਕਸ਼ੀਲਤਾ 'ਤੇ ਅਧਾਰਤ ਹੋਣਾ ਚਾਹੀਦਾ ਹੈ ਨਾ ਕਿ ਸਿਰਫ਼ ਮਾਨਤਾ ਦੇ ਤੌਰ ਤੇ ਹੀ ਹੋਣਾ ਚਾਹੀਦਾ ਹੈ ਅਰਜਕ ਸੰਘ ਦੇ ਪ੍ਰਮੁੱਖ ਆਦਰਸ਼ਾਂ ਵਿੱਚੋਂ ਇੱਕ ਹੈ ਪਹਿਲਾਂ ਸਮਝੋ, ਫਿਰ ਵਿਸ਼ਵਾਸ ਕਰੋ। ਸੋ ਅਰਜਕ ਸੰਘ ਇੱਕ ਤਰਕਸ਼ੀਲ ਸੰਗਠਨ ਹੈ ਅਤੇ ਵਿਗਿਆਨਕ ਚੇਤਨਾ ਦਾ ਹਾਮੀ ਹੈ। ਇਸ ਸੰਗਠਨ ਦੀ ਜੀਵਨ ਸ਼ੈਲੀ ਜਾਤ ਪਾਤ ਵਿਰੋਧੀ ਹੈ ਤੇ ਮਾਨਵਵਾਦੀ ਸਮਾਜਵਾਦੀ ਸਿਧਾਂਤਾਂ ਤੇ ਸਰੋਕਾਰਾਂ ਦੀ ਪੂਰਨ ਹਮਾਇਤੀ ਹੈ ਹਰ ਤਰਕਸ਼ੀਲ ਤੇ ਅਗਾਂਹਵਧੂ ਮਨੁੱਖ ਲਈ ਹਿੰਦੀ ਖੇਤਰ ਵਿੱਚ ਕੰਮ ਕਰਦੇ ਅਰਜਕ ਸੰਘ ਦੇ ਸਿਧਾਂਤ ਤੇ ਸਰੋਕਾਰ ਰਾਹ ਦਰਸੇਵੇਂ ਹਨ।

### ਹਵਾਲਾ ਸਰੋਤ

1 https //thewire in/society/arjak-sangh-anti-caste-atheist-humanists-in-hindi-heartland

2. Arjak Sangh, https /pa.wikipedia org

3 https /www.forwardpress in/2018/08/arjak parmparaen-dvij-parmparaen-ko-kharij-kar-rahe-bahujan/?amp

98559-91114

---

## ਉੱਘੇ ਨਾਸਤਿਕ ਆਗੂ ਗੋਰਾ ਦੀ ਪੁੱਤਰੀ ਡਾ. ਗੋਪਾਰਾਜੂ ਮਾਰੂ ਦਾ ਦੇਹਾਂਤ

ਨਾਸਤਿਕ ਕੇਂਦਰ (Atheist Centre) ਵਿਜੈਵਾੜਾ (ਆਂਧਰਾ ਪ੍ਰਦੇਸ਼) ਦੇ ਬਾਨੀ ਆਗੂ ਗੋਰਾ (ਗੋਪਾਰਾਜੂ ਰਾਮਾਚੰਦਰਾ ਰਾਓ) ਅਤੇ ਸਰਸਵਤੀ ਗੋਰਾ ਦੀ ਪੱਤਰੀ, ਉੱਘੀ ਔਰਤ ਰੋਗ ਮਾਹਿਰ ਅਤੇ ਸਮਾਜਿਕ ਕਾਰਕੁੰਨ ਡਾ. ਗੋਪਾਰਾਜੂ ਮਾਰੂ ਦਾ ਦੇਹਾਂਤ ਹੋ ਗਿਆ ਹੈ ਉਹ 80 ਸਾਲ ਦੇ ਸਨ। ਡਾ. ਮਾਰੂ ਦੀਆਂ ਮਰਨ ਉਪਰੰਤ ਅੱਖਾਂ Swetcha Gora Eye Bank ਨੂੰ ਪ੍ਰਦਾਨ ਕੀਤੀਆਂ ਗਈਆਂ ਹਨ। ਉਹ



ਨਾਸਤਿਕ ਆਗੂ ਗੋਰਾ ਵੱਲੋਂ ਲੋਕ ਹਿਤ ਵਿੱਚ ਵਿਜੈਵਾੜਾ ਵਿਖੇ ਚਲਾਈਆਂ ਜਾ ਰਹੀਆਂ ਸਾਰੀਆਂ ਸਮਾਜਿਕ, ਵਿੱਦਿਅਕ ਅਤੇ ਸਿਹਤ ਸੰਸਥਾਵਾਂ ਨਾਲ ਨੇੜਿਓਂ ਜੁੜੇ ਹੋਏ ਸਨ ਅਤੇ ਆਪਣੇ ਪਿਤਾ ਦੀ ਸੋਚ ਦੇ ਪੱਕੇ ਧਾਰਨੀ ਸਨ। ਉਹਨਾਂ ਦਾ ਜੀਵਨ ਲੋਕਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਸੀ

# ਅੰਤਰ-ਰਾਸ਼ਟਰੀ ਨਾਸਤਿਕ ਕਾਨਫ਼ਰੰਸ

12ਵੀਂ ਅੰਤਰ-ਰਾਸ਼ਟਰੀ ਨਾਸਤਿਕ ਕਾਨਫ਼ਰੰਸ ਐਥੀਸਟ ਸੈਂਟਰ, ਬੈਨਜ ਸਰਕਲ, ਵਿਜੇਵਾੜਾ (ਆਂਧਰਾਪ੍ਰਦੇਸ਼) 'ਚ 4-5 ਜਨਵਰੀ 2025 ਨੂੰ ਹੋਈ। ਕਾਨਫ਼ਰੰਸ ਦਾ ਮੁੱਖ ਵਿਸ਼ਾ ਸਾਕਾਰਾਤਮਕ ਨਾਸਤਿਕਵਾਦ (Positive Atheism) ਸੀ ਇਸ ਵਿੱਚ ਜ਼ਿੰਦਗੀ ਦਾ ਨਾਸਤਿਕ ਰਾਹ, ਅਲੋਚਨਾਤਮਿਕ ਚਿੰਤਨ, ਖੁੱਲ੍ਹੀ ਤਹਿਕੀਕਾਤ (Free Enquiry), ਸਮਾਜਿਕ ਤਬਦੀਲੀ ਵਿਸ਼ੇ ਵਿਚਾਰੇ ਗਏ। ਐਥੀਸਟ ਸੈਂਟਰ (ਨਾਸਤਿਕ ਕੇਂਦਰ) ਦੀ ਸਥਾਪਨਾ ਗੋਪਾਰਜੂ ਰਾਮਾਚੰਦਰਾ ਰਾਓ ਜੋ 'ਗੋਰਾ' ਨਾਂ 'ਤੇ ਪ੍ਰਸਿੱਧ ਹੋਏ ਅਤੇ ਉਸਦੀ ਜੀਵਨ ਸਾਥਣ ਸਰਸਵਤੀ ਗੋਰਾ ਦੁਆਰਾ 1940 ਵਿੱਚ ਕੀਤੀ ਗਈ ਸੀ। ਗੋਰਾ ਪਰਿਵਾਰ ਦਾ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਵੀ ਉੱਘਾ ਯੋਗਦਾਨ ਹੈ

ਗੋਰਾ ਦੀਆਂ ਕੁੱਝ ਪ੍ਰਸਿੱਧ ਅਖਾਣਾਂ ਇਸ ਤਰ੍ਹਾਂ ਹਨ

**"ਚੰਗਾ ਕਰਨ ਅਤੇ ਚੰਗਾ ਬਣਨ ਲਈ ਰੱਬ ਅਤੇ ਧਰਮ ਜ਼ਰੂਰੀ ਨਹੀਂ ਹਨ।"**

**"ਸਕਾਰਾਤਮਕ ਧਰਮ ਨਿਰਪੇਖਤਾ ਦਾ ਅਰਥ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਨਹੀਂ, ਬਲਕਿ ਸਾਰੇ ਧਾਰਮਿਕ ਵਿਸ਼ਵਾਸਾਂ ਨੂੰ ਨਿਕਾਰਨਾ ਹੈ। ਇਸ ਕਰਕੇ ਨਾਸਤਿਕਵਾਦ, ਇਖ਼ਲਾਕ ਦੇ ਅਧਾਰ ਨੂੰ ਅਖੌਤੀ ਰੱਬ ਤੋਂ ਬਦਲ ਕੇ ਸਮਾਜਿਕ ਜ਼ਿੰਦਗੀ ਦੇ ਅਧਾਰ 'ਤੇ ਖੜ੍ਹਾ ਕਰਦਾ ਹੈ। ਚੰਗਾ ਆਚਰਣ ਕਿਸੇ ਸਵਰਗ ਦਾ ਟਿਕਟ ਨਹੀਂ, ਬਲਕਿ ਇਹ ਸਮਾਜਿਕ ਜ਼ਰੂਰਤ ਹੈ।"**

ਗੋਰਾ ਨੇ ਭਾਰਤ ਵਿੱਚ ਘਿਨਾਉਣੀ ਹੱਦ ਤੱਕ ਪ੍ਰਚਲਿਤ ਰਹੀ ਛੂਆਛਾਤ ਦੀ ਰਵਾਇਤ ਦੇ ਖ਼ਿਲਾਫ਼ ਤਿੱਖਾ ਸੰਘਰਸ਼ ਕੀਤਾ। ਸਖ਼ਤ ਸਮਾਜਿਕ ਵਿਰੋਧਾਂ ਦੇ ਬਾਵਜੂਦ ਅੰਤਰ ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕੀਤਾ। ਉਸਦੇ ਆਪਣੇ ਪਰਿਵਾਰ ਵਿੱਚ ਵੀ ਅੰਤਰ ਜਾਤੀ ਵਿਆਹ ਹੋਏ। ਐਥੀਸਟ ਸੈਂਟਰ ਪਰਿਵਾਰ ਅਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਸਲਾਹ ਮਸ਼ਵਰਾ ਕੇਂਦਰ ਵੀ ਚਲਾਉਂਦਾ ਹੈ। ਇੱਥੇ ਇਕੱਲੀਆਂ ਔਰਤਾਂ ਲਈ ਕੰਮਕਾਜੀ ਹੋਸਟਲ (Working women's Hostel) ਹੈ। ਇਸ ਦੇ ਨਾਲ ਹੁਨਰ ਵਿਕਾਸ ਕੇਂਦਰ ਵੀ ਚੱਲ ਰਿਹਾ ਹੈ

ਅੰਧਵਿਸ਼ਵਾਸਾਂ ਦੇ ਖ਼ਾਤਮੇ ਲਈ ਵੀ ਯਤਨ ਕੀਤੇ। 1920 ਵਿੱਚ ਗਰਭਵਤੀ ਔਰਤਾਂ ਦੇ ਗ੍ਰਹਿਣ ਦੇਖਣ 'ਤੇ ਭੈੜੇ ਪ੍ਰਭਾਵ ਪੈਣ ਦੀ ਮਿੱਥ ਨੂੰ ਤੋੜਨ ਲਈ ਸਰਸਵਤੀ ਗੋਰਾ ਨੇ ਇਕੱਠ ਵਿਚ ਗ੍ਰਹਿਣ ਵੇਖਿਆ ਅਤੇ ਪ੍ਰਚਲਿਤ ਅੰਧਵਿਸ਼ਵਾਸ ਨੂੰ ਲਲਕਾਰਿਆ। 100 ਸਾਲ ਪਹਿਲਾਂ ਔਰਤਾਂ ਦਾ ਅੰਧਵਿਸਵਾਸ ਨੂੰ ਇਸ ਤਰ੍ਹਾਂ ਲਲਕਾਰਨਾ ਵੱਡੀ ਗੱਲ ਸੀ। ਇਸ ਪਰਿਵਾਰ ਨੇ ਡੈਣ ਪ੍ਰਥਾ ਅਤੇ ਜਾਦੂ ਟੂਣੇ ਖ਼ਿਲਾਫ਼ ਵੀ ਆਵਾਜ਼ ਉਠਾਈ। ਗੋਰਾ ਨੇ ਸਾਈਂ ਬਾਬੇ ਦੀ ਟਰਿੱਕ, ਹਵਾ ਵਿੱਚੋਂ ਭਬੂਤੀ ਜਾਂ ਜ਼ੰਜੀਰ ਪੈਦਾ ਕਰਨ ਨੂੰ ਵੀ ਨੰਗਾ ਕੀਤਾ ਸੀ। ਐਥੀਸਟ ਸੈਂਟਰ ਹੁਣ ਸਿਹਤ ਸਿੱਖਿਆ, ਸਮਾਜਿਕ ਤਣਾਅ ਸਮੇਂ ਮਾਰਚ, ਧਰਮ ਨਿਰਪੇਖਤਾ ਅਤੇ ਸੈਕਸ ਸਿੱਖਿਆ ਆਦਿ ਖੇਤਰਾਂ ਵਿੱਚ ਸਮਾਜਿਕ ਚੇਤਨਾ ਦਾ ਪਸਾਰਾ ਕਰ ਰਿਹਾ ਹੈ। ਵਿਗਿਆਨਕ ਮਾਹੌਲ 'ਚ ਪਾਲਣ-ਪੋਸ਼ਣ ਹੋਣ ਕਾਰਨ ਹੁਣ ਗੋਰਾ ਦੀ ਪੰਜਵੀਂ ਪੀੜ੍ਹੀ ਇਸ ਕਾਜ ਨੂੰ ਅੱਗੇ ਵਧਾ ਰਹੀ ਹੈ।

ਕਾਨਫਰੰਸ ਦੀ ਸ਼ੁਰੂਆਤ 4 ਜਨਵਰੀ ਨੂੰ ਸਵੇਰੇ ਵਸਾਵਿਆ ਮਹਿਲਾ ਮੰਡਲੀ ਦੇ ਸਮਾਜਿਕ ਅਤੇ ਧਰਮ ਨਿਰਪੱਖ ਕੰਮ ਦੀ ਫੋਟੋ ਪ੍ਰਦਰਸ਼ਨੀ ਦੇ ਉਦਘਾਟਨ ਨਾਲ ਹੋਈ ਉਸ ਤੋਂ ਬਾਅਦ ਮਹਿਲਾ ਮੰਡਲੀ ਨੇ ਬਹੁਤ ਹੀ ਕਲਾਤਮਿਕ ਨ੍ਰਿਤ ਰਾਹੀਂ ਸਭ ਦਾ ਸਵਾਗਤ ਕੀਤਾ। ਐਥੀਸਟ ਸੈਂਟਰ ਦੇ ਚੇਅਰਮੈਨ ਡਾ ਸਮਾਰਮ ਨੇ ਜੀ ਆਇਆਂ, ਵਿਕਾਸ ਗੋਰਾ ਨੇ ਕਾਨਫ਼ਰੰਸ ਦੇ ਮੁੱਖ ਵਿਸ਼ੇ ਬਾਰੇ ਗੱਲ ਰੱਖੀ ਅਤੇ ਹਰ ਆਗੂਆਂ ਨੇ ਸੰਬੋਧਤ ਕੀਤਾ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਸ਼ਵ ਕਾਂਤ ਜੀ ਨੇ ਗੱਲ ਰੱਖੀ। ਫਿਰ ਦੁਪਹਿਰ ਦੇ ਖਾਣੇ ਤੋਂ ਬਾਅਦ 2 ਸਮਾਂਤਰ ਸੈਸ਼ਨ ਚੱਲੇ ਇੱਕ ਵਿਸ਼ਾ ਸੀ "ਵਹਿਮਾਂ ਭਰਮਾਂ ਖਿਲਾਫ਼ ਲੜਾਈ ਲਈ, ਵਿਗਿਆਨਕ ਦ੍ਰਿਸ਼ਟੀਕੋਣ ਦੀ ਤਕੜਾਈ", ਇਸ ਦੀ ਪ੍ਰਧਾਨਗੀ ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਸਾਬਕਾ ਪ੍ਰਿੰਸੀਪਲ ਅਨਿਲ ਕੁਮਾਰ ਜੀ ਨੇ ਕੀਤੀ ਦੂਸਰਾ ਵਿਸ਼ਾ ਸੀ, "ਮਨੁੱਖੀ ਅਧਿਕਾਰ, ਧਰਮ ਨਿਰਪੇਖਤਾ ਅਤੇ ਨਾਸਤਿਕ ਕਦਰਾਂ-ਕੀਮਤਾਂ।" ਛੋਟੀ ਬਰੇਕ ਤੋਂ ਬਾਅਦ ਫਿਰ ਦੋ ਸਮਾਂਤਰ ਸੈਸ਼ਨ ਚੱਲੇ ਇੱਕ ਦਾ ਵਿਸ਼ਾ ਸੀ "ਧਰਮ ਨਿਰਪੇਖ ਸਮਾਜਿਕ ਕੰਮ", ਦੂਸਰੇ ਦਾ ਵਿਸ਼ਾ ਸੀ, "ਸਕਾਰਾਤਮਕ ਨਾਸਤਿਕਵਾਦ ਅਤੇ ਲੋਕਤੰਤਰ।" ਇਸ ਤੋਂ ਬਾਅਦ ਪਲੇਨਰੀ ਸੈਸ਼ਨ ਹੋਇਆ ਜਿਸ ਵਿੱਚ ਚਾਰੇ ਸੈਮੀਨਾਰਾਂ ਦੇ ਪ੍ਰਧਾਨਾਂ ਨੇ ਰਿਪੋਰਟ ਕੀਤੀ ਸ਼ਾਮ ਨੂੰ ਕਰਾਮਾਤਾਂ ਦਾ ਪਰਦਾਫਾਸ਼ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ

ਅਗਲੇ ਦਿਨ 5 ਜਨਵਰੀ ਦਾ ਪ੍ਰੋਗਰਾਮ ਜ਼ਿਆਦਾਤਰ ਨੌਜਵਾਨ ਕੇਂਦਰਤ ਸੀ। ਸ਼ੁਰੂਆਤ ਗੋਰਾ ਤਕਨੀਕ ਕੇਂਦਰ, ਧਰਮ ਨਿਰਪੇਖ ਸਮਾਜਿਕ ਕੰਮ ਦੀ ਫੋਟੋ ਪ੍ਰਦਰਸ਼ਨੀ ਨਾਲ ਹੋਈ

ਮੁੱਖ ਮਹਿਮਾਨ ਜੈ ਪ੍ਰਕਾਸ਼ ਨਰਾਇਣ ਆਈ. ਏ. ਐੱਸ. ਨੌਜਵਾਨ ਸੰਮੇਲਨ ਦੇ ਰੂਬਰੂ ਹੋਏ। ਵਿਸ਼ਾ ਸੀ "ਜਮਹੂਰੀ ਕਦਰਾਂ ਕੀਮਤਾਂ ਦੇ ਪਾਸਾਰ ਲਈ ਜਵਾਨੀ ਦਾ ਯੋਗਦਾਨ।" ਛੋਟੀ ਬਰੇਕ ਬਾਅਦ ਜਿਊਰੀ (Panel) ਸੈਸ਼ਨ ਚੱਲਿਆ। ਜਿਸ ਦਾ ਵਿਸ਼ਾ ਸੀ, "ਜਵਾਨੀ ਹੱਥ ਤਾਕਤ ਦੇਣਾ : ਅਲੋਚਨਾਤਮਿਕ ਸੋਚ ਦਾ ਸਮਾਜ ਦੇ ਤਰਕਸ਼ੀਲ ਅਧਾਰ ਦੀ ਸਿਰਜਣਾ ਵਿੱਚ ਯੋਗਦਾਨ।" ਇਸ ਜਿਊਰੀ ਵਿੱਚ ਪ੍ਰਿੰਸੀਪਲ ਅਨਿਲ ਕੁਮਾਰ ਜੀ ਬਹੁਤ ਹੀ ਖੂਬਸੂਰਤ ਢੰਗ ਨਾਲ ਇਸ ਵਿਸ਼ੇ 'ਤੇ ਬੋਲੇ।

ਦੁਪਹਿਰ ਦੇ ਖਾਣੇ ਤੋਂ ਬਾਅਦ ਡਿਜ਼ੀਟਲ ਮਾਧਿਅਮ ਦੀ ਉਸਾਰੂ ਵਰਤੋਂ ਲਈ ਅਲੋਚਨਾਤਮਿਕ ਸੋਚ ਅਤੇ ਤਰਕਸ਼ੀਲ ਕਾਰਜ 'ਤੇ ਵਿਚਾਰ-ਵਟਾਂਦਰਾ ਹੋਇਆ। ਇਸ ਉਪਰੰਤ ਦੋ ਸਮਾਂਤਰ ਸੈਸ਼ਨ ਚੱਲੇ। ਇੱਕ ਪਾਸੇ ਵਿਸ਼ਾ ਸੀ "ਮਨੁੱਖੀ ਅਤੇ ਨਾਸਤਿਕ ਕਾਰਜ, ਵਰਤਮਾਨ ਅਤੇ ਭਵਿੱਖ ਵਿੱਚ"। ਦੂਸਰੇ ਦਾ ਵਿਸ਼ਾ ਸੀ "ਅੱਤਵਾਦ ਅਤੇ ਸੁਪਨਵਾਦ ਨਾਲ ਨਜਿੱਠਣ ਲਈ ਜਵਾਨੀ ਦਾ ਰੋਲ।"

ਕਾਨਫਰੰਸ ਦੇ ਅੰਤਿਮ ਪੜਾਅ ਦੇ ਮੁੱਖ ਮਹਿਮਾਨ ਕੇਂਦਰੀ ਸਾਹਿਤਕ ਅਕੈਡਮੀ ਤੋਂ ਸਨਮਾਨਿਤ ਡਾ. ਦੇਵਰਾਜੂ ਮਹਾਰਾਜੂ ਸਨ। ਇਸ ਤੋਂ ਬਾਅਦ ਵਿਦੇਸ਼ਾਂ ਤੋਂ ਆਏ ਸੰਦੇਸ਼ ਪੜ੍ਹੇ ਗਏ। ਇਸ ਉਪਰੰਤ ਐਥੀਸਟ ਸੈਂਟਰ ਦੇ ਚੇਅਰਮੈਨ ਡਾ. ਸਮਾਰਮ ਨੇ ਸੰਬੋਧਨ ਕੀਤਾ। ਸਮੇਟਵੀਂ ਗੱਲ ਰਸ਼ਮੀ ਨੇ ਰੱਖੀ। ਵਿਕਾਸ ਗੋਰਾ ਨੇ ਕਾਨਫਰੰਸ ਦੇ ਮਤੇ ਰੱਖੇ। ਅੰਤ 'ਤੇ ਰਾਜਥਾ ਗੋਰਾ ਨੇ ਸਭਨਾਂ ਦਾ ਧੰਨਵਾਦ ਕੀਤਾ।

ਸੁਨਾਮ ਇਕਾਈ ਤੋਂ ਚਾਰ ਤਰਕਸ਼ੀਲ ਸਾਥੀ ਇਸ ਵਿੱਚ ਸ਼ਾਮਲ ਹੋਏ। ਸਾਬਕਾ ਵਿਦਿਆਰਥੀ ਆਗੂ ਰਾਮ ਸਰੂਪ ਢੈਪਈ ਜੀ ਨੇ ਵੀ ਸ਼ਮੂਲੀਅਤ ਕੀਤੀ। ਕਾਨਫਰੰਸ ਦਾ ਸਮੁੱਚਾ ਪ੍ਰਬੰਧ ਸੁਚੱਜਾ ਸੀ। ਦੱਖਣ ਦੇ ਲੋਕਾਂ ਦੀਆਂ ਕਲਾ ਵੰਨਗੀਆਂ ਚਕਾਚੌਂਧ ਕਰਦੀਆਂ ਰਹੀਆਂ। ਹਰ ਥਾਂ ਔਰਤਾਂ ਦਾ ਵਿਚਰਨ ਉਥੋਂ ਦੇ ਲੋਕਾਂ ਦੇ ਔਰਤਾਂ ਪ੍ਰਤੀ ਸਤਿਕਾਰ ਦੀ ਸਾਹਦੀ ਭਰਦਾ ਸੀ। ਕੁੱਲ ਮਿਲਾ ਕੇ ਇਹ ਕਾਨਫਰੰਸ ਯਾਦਗਾਰੀ ਹੋ ਨਿਬੜੀ।

-ਵਿਸ਼ਵ ਕਾਂਤ

# ਉੱਘੇ ਸਿੱਖਿਆ ਸ਼ਾਸਤਰੀ ਮਾ. ਟੋਡਰ ਮੱਲ ਵੱਲੋਂ ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਲਈ ਪ੍ਰਦਾਨ ਕਰਨ

ਉੱਘੇ ਸਿੱਖਿਆ ਸ਼ਾਸਤਰੀ ਮਾ. ਟੋਡਰ ਮੱਲ ਨੇ ਤਰਕਸ਼ੀਲ ਸੁਸਾਇਟੀ ਜ਼ੋਨ ਨਵਾਂਸ਼ਹਿਰ ਦੇ ਆਗੂਆਂ ਮਾ. ਜਗਦੀਸ਼ ਰਾਏ ਪੁਰ ਛੱਬਾ ਅਤੇ ਸੁਖਵਿੰਦਰ ਗੋਗਾ ਨੂੰ ਆਪਣੇ ਘਰ ਸੱਦ ਕੇ ਆਪਣੇ ਪਰਿਵਾਰਕ ਮੈਂਬਰਾਂ ਪਤਨੀ ਜਸਵੀਰ ਕੌਰ ਜੀ ਸੀ.ਐਚ.ਟੀ.,ਬੇਟੀ ਰਮਨਪ੍ਰੀਤ ਕੌਰ ਅਤੇ ਹੋਰ ਗੁਆਂਢੀਆਂ ਦੀ ਹਾਜ਼ਰੀ ਵਿੱਚ ਮਰਨ ਉਪਰੰਤ ਮ੍ਰਿਤਕ ਸਰੀਰ ਪ੍ਰਦਾਨ ਕਰਨ ਸਬੰਧੀ ਫ਼ਾਰਮ ਭਰ ਕੇ ਹਸਤਾਖਰ ਕਰਕੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਨੂੰ ਸੌਂਪਿਆ। ਉਹਨਾਂ ਦੇ ਇਸ ਫ਼ੈਸਲੇ ਸੰਬੰਧੀ ਪਰਿਵਾਰ ਨੇ ਪੂਰਨ ਸਹਿਮਤੀ ਪ੍ਰਗਟ ਕੀਤੀ। ਇੱਕ ਪੁੱਛੇ ਸਵਾਲ ਦੇ ਜਵਾਬ ਵਿੱਚ ਜਸਵੀਰ ਕੌਰ ਨੇ ਦੱਸਿਆ ਕਿ ਇਸ ਸਬੰਧੀ ਪ੍ਰੇਰਨਾ ਸਾਨੂੰ ਤਰਕਸ਼ੀਲ ਆਗੂ ਜਸਵੀਰ ਕੌਰ ਪਤਨੀ ਮਾ. ਜਗਦੀਸ਼ ਦੀ ਮੌਤ ਤੋਂ ਬਾਅਦ ਉਹਨਾਂ ਦਾ ਮ੍ਰਿਤਕ ਸਰੀਰ ਮੈਡੀਕਲ ਕਾਲਜ ਨੂੰ ਦਿੱਤੇ ਜਾਣ ਤੋਂ ਮਿਲੀ ਹੈ। ਮਾਸਟਰ ਟੋਡਰ ਮੱਲ ਨੇ ਕਿਹਾ ਕਿ ਮੇਰੇ ਪਿਤਾ ਗੁਰਮੇਲ ਰਾਮ ਜੀ ਇੱਕ ਚੰਗੀ ਲੋਕ ਪੱਖੀ ਉਸਾਰੂ ਸੋਚ ਰੱਖਦੇ ਸਨ। ਉਹ ਸਾਨੂੰ ਹਮੇਸ਼ਾ ਚੰਗੇ ਲੋਕ ਪੱਖੀ ਕੰਮ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਉਹਨਾਂ ਨੇ ਮੇਰਾ ਨਾਮ ਟੋਡਰ ਮੱਲ ਵੀ "ਦੀਵਾਨ ਟੋਡਰ ਮੱਲ" ਦੀ ਕੁਰਬਾਨੀ ਤੋਂ ਪ੍ਰੇਰਿਤ ਹੋ ਕੇ ਰੱਖਿਆ ਸੀ। ਮੈਂ ਚਾਹੁੰਦਾ ਹਾਂ ਕਿ ਮੇਰੇ ਮ੍ਰਿਤਕ ਸਰੀਰ 'ਤੇ ਮੈਡੀਕਲ ਕਾਲਜ ਦੇ ਵਿਦਿਆਰਥੀ ਨਵੀਆਂ ਖੋਜਾਂ ਕਰਨ ਜਿਨ੍ਹਾਂ ਨਾਲ ਬੇਸ਼ਕੀਮਤੀ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕੇ। ਮੇਰੀਆਂ ਅੱਖਾਂ ਕਿਸੇ ਲੋੜਵੰਦ ਨੂੰ ਲਗਾਈਆਂ ਜਾਣ ਤਾਂ ਜੋ ਉਹ ਦੁਨੀਆਂ ਦੇਖ ਸਕਣ ਅਤੇ ਉਹਨਾਂ ਦਾ ਜੀਵਨ ਰੋਸ਼ਨ ਹੋ ਸਕੇ। ਇਸ ਤੋਂ ਇਲਾਵਾ ਜੇ ਹੋ ਸਕੇ ਤਾਂ ਮੇਰਾ ਹਰ ਅੰਗ ਲੋੜਵੰਦਾਂ ਨੂੰ ਲਗਾਇਆ ਜਾਵੇ ਤਾਂ ਜੋ ਉਹਨਾਂ ਦੇ ਜੀਵਨ ਵਿੱਚ ਮੁੜ ਖੁਸ਼ੀਆਂ ਖੇੜੇ ਆ ਸਕਣ। ਇਸ ਮੌਕੇ ਉਹਨਾਂ ਦੇ ਮੁਹੱਲਾ ਵਾਸੀ ਮਾ.ਦੇਸ ਰਾਜ ਬੱਜੋਂ, ਐਸ ਐਸ ਅਜ਼ਾਦ, ਅਮਨਦੀਪ ਕੌਰ, ਸੁਖਜਿੰਦਰ ਸਿੰਘ ਸਰਾਂ, ਹਰੀ ਦਾਸ, ਹਰਜਿੰਦਰ ਕੌਰ, ਬਲਜਿੰਦਰ ਕੌਰ, ਜਗਦੀਸ਼ ਕੌਰ ਅਤੇ ਨਵਿਤਾ ਕੁਮਾਰੀ ਆਦਿ ਹਾਜ਼ਰ ਸਨ।



- ਮਾ. ਜਗਦੀਸ਼ ਰਾਏ ਪੁਰ ਛੱਬਾ

# ਪ੍ਰੰਪਰਾ ਅਤੇ ਆਸਥਾ ਦੇ ਵਹਿਣ ਵਿੱਚ ਵਹਿ ਗਿਆ ਸਾਫ ਪਾਣੀ ਮੰਗਣ ਦਾ ਹੱਕ

- ਜਸਵੰਤ ਮੋਹਾਲੀ



ਮੱਸਿਆ 'ਤੇ ਨਹਾਉਣ ਦਾ ਰਿਵਾਜ ਬਚਪਨ ਤੋਂ ਸੁਣਦੇ ਆਏ ਹਾਂ। ਇਸ ਵਿੱਚ ਸਾਰੇ ਧਰਮਾਂ ਵਾਲੇ ਹੀ ਸ਼ਾਮਲ ਹੁੰਦੇ ਸਨ। ਪਰ ਪਿਛਲੇ ਦਸ ਸਾਲਾਂ ਵਿੱਚ ਡੂੰਘੀ ਹੋਈ ਸਮਾਜਕ ਵੰਡ ਨੇ ਮੇਲਿਆਂ, ਦਿਨ-ਤਿਉਹਾਰਾਂ ਨੂੰ ਵੀ ਵੰਡ ਦਿੱਤਾ - ਹਿੰਦੂ ਤਿਉਹਾਰ, ਮੁਸਲਿਮ ਤਿਉਹਾਰ ਆਦਿ-ਆਦਿ। ਪ੍ਰਚਾਰਕ ਬਾਬੇ ਨਫ਼ਰਤ ਦੇ ਵਪਾਰੀ ਬਣ ਚੁੱਕੇ ਹਨ। ਬਾਗੇਸ਼ਵਰ 'ਬਾਬਾ' ਨੇ ਕਿਹਾ ਕਿ ਕੁੰਭ ਮੇਲੇ ਵਿੱਚ ਮੁਸਲਮਾਨਾਂ ਦਾ ਆਉਣਾ ਰੋਕਣਾ ਚਾਹੀਦਾ ਹੈ। ਕੁੰਭ ਹਿੰਦੂ ਤਿਉਹਾਰ ਹੈ। ਇਸ ਮਹਾਂਕੁੰਭ ਮੇਲੇ ਦੌਰਾਨ ਭਗਦੜ ਮੱਚ ਗਈ। ਪ੍ਰਸ਼ਾਸਨ ਕਹਿੰਦਾ ਹੈ ਕਿ ਮੌਤ ਤੀਹਾਂ ਦੀ ਹੋਈ, ਪਰ ਸ਼ਰਧਾਲੂਆਂ ਦੀ ਵੱਡੀ ਗਿਣਤੀ ਲਾਪਤਾ ਦੱਸੀ ਜਾ ਰਹੀ ਹੈ। ਹਰ ਰੋਜ਼ ਸੰਗਮ ਵਿੱਚ ਕਰੋੜਾਂ ਨਹਾਉਣ ਵਾਲਿਆਂ ਦੀ ਗਿਣਤੀ ਨਾਲੋਂ-ਨਾਲ ਦੱਸਣ ਵਾਲਾ ਪ੍ਰਸ਼ਾਸਨ ਪੰਜ ਦਿਨ ਤੱਕ ਮਰਨ ਵਾਲੇ ਤੀਹਾਂ ਦੀ ਸੂਚੀ ਜਾਰੀ ਨਾ ਕਰ ਸਕਿਆ। ਮਰਨ ਵਾਲਿਆਂ ਦੇ ਰਿਸ਼ਤੇਦਾਰ ਵਿਰਲਾਪ ਕਰ ਰਹੇ ਸਨ। ਆਸਥਾ ਵੱਡੀ ਸੀ, ਵਿਵਸਥਾ ਢਿੱਲੀ ਸੀ। ਲੋਕਾਂ ਵਿੱਚ ਪ੍ਰਸ਼ਾਸ਼ਨ ਦੀ ਨਾਕਾਮੀ ਪ੍ਰਤੀ ਰੋਸ ਸੁਭਾਵਿਕ ਸੀ। ਲੋਕ-ਰੋਸ ਦੇ ਗੁਬਾਰੇ ਵਿੱਚੋਂ ਹਵਾ ਕੱਢਣ ਲਈ ਹਿੰਦੂਆਂ ਦਾ ਆਪੇ ਬਣਿਆਂ ਠੇਕੇਦਾਰ ਬਾਬਾ ਫਿਰ ਮੈਦਾਨ ਵਿੱਚ ਉੱਤਰਿਆ। ਕਹਿੰਦਾ ਇਹ ਮਰੇ ਨਹੀਂ, ਇਨ੍ਹਾਂ ਨੂੰ 'ਮੋਕਸ਼' ਮਿਲ ਗਿਆ ਹੈ। ਭਗਦੜ ਕਾਰਣ 60 ਜ਼ਖਮੀ ਹੋਏ ਵੀ ਦੱਸੇ ਜਾਂਦੇ ਹਨ। ਹਸਪਤਾਲ ਵਿੱਚ ਦਾਖਲ ਹਨ ਅਤੇ ਬਾਬੇ ਦੀ ਮੰਨੀਏਂ ਤਾਂ 'ਪਾਪੀ' ਡਾਕਟਰਾਂ ਨੇ ਉਹਨਾਂ ਨੂੰ ਮੋਕਸ਼ ਤੋਂ ਉਰੇ ਖਿੱਚ ਲਿਆ ਹੈ। ਪਰ ਬਾਗੇਸ਼ਵਰ ਬਾਬਾ ਨੂੰ ਪੁੱਛਣਾ ਬਣਦਾ ਹੈ ਕਿ ਮਰਨ ਵਾਲੇ ਵੀ ਹਿੰਦੂ, ਉਨ੍ਹਾਂ ਨੂੰ ਕੁਚਲ ਕੇ ਲੰਘ ਜਾਣ ਵਾਲੇ ਵੀ ਹਿੰਦੂ, 'ਹਿੰਦੂ ਰੱਖਿਆ' ਦਾ ਦਾਅਵੇਦਾਰ ਪ੍ਰਸ਼ਾਸ਼ਨ ਵੀ ਹਿੰਦੂ, ਪੀੜਤ ਹੁਣ ਕਿਸ ਨੂੰ ਦੋਸ਼ ਦੇਵੇ। (ਫਿਰ ਦਿੱਲੀ ਰੇਲਵੇ ਸਟੇਸ਼ਨ 'ਤੇ ਵੀ ਭਗਦੜ ਵਿੱਚ 18 ਮੌਤਾਂ ਹੋਰ ਹੋ ਗਈਆਂ)

ਜੇ ਉਹ ਮਰਕੇ 'ਮੋਕਸ਼' ਪ੍ਰਾਪਤ ਕਰਨ ਆਏ ਹੁੰਦੇ ਤਾਂ ਦੂਜਿਆਂ ਨੂੰ ਕੁਚਲਣ ਦੀ ਜਗ੍ਹਾ ਉਹ ਖ਼ੁਦ ਕੁਚਲੇ ਜਾਣ ਨੂੰ ਤਰਜੀਹ ਦਿੰਦੇ। ਪਰ ਸਚਾਈ ਇਹ ਹੈ ਕਿ ਇਨ੍ਹਾਂ 'ਧਰਮੀ' ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਭੀੜ ਵਿੱਚੋਂ ਜ਼ਮੀਨ 'ਤੇ ਡਿੱਗ ਗਏ ਬੱਚਿਆਂ, ਔਰਤਾਂ, ਬਜ਼ੁਰਗਾਂ ਨੂੰ ਕੀੜੇ ਮਕੌੜਿਆਂ ਦੀ ਤਰ੍ਹਾਂ ਦਰੜ ਦਿੱਤਾ। ਏਨੀ ਦਰਦਨਾਕ ਮੌਤ!! ਕੀ ਏਥੋਂ ਇਹ ਸਾਬਤ ਨਹੀਂ ਹੁੰਦਾ ਕਿ ਦਿਆ, ਕਰੁਣਾ, ਇਨਸਾਨੀਅਤ ਦੀ ਧਰਮਾਂ ਵਿੱਚ ਕੋਈ ਥਾਂ ਨਹੀਂ ਰਹੀ ?

ਸਮਾਜ-ਅਮੀਰਾਂ ਤੇ ਗਰੀਬਾਂ ਵਿੱਚ ਵੰਡਿਆ ਹੋਇਆ ਹੈ। ਤੇ ਕੁੰਭ ਵੀ। ਇਸ਼ਨਾਨ ਕਰਨ ਲਈ ਦੋ ਤਰ੍ਹਾਂ ਦੇ ਪ੍ਰਬੰਧ ਹਨ। ਇਸ਼ਨਾਨ ਦੀਆਂ ਵੀਡੀਓਜ਼ ਵਿੱਚ ਵੀ.ਆਈ.ਪੀਜ਼. ਲਈ ਖਾਸ ਪ੍ਰਬੰਧ ਹਨ, ਪਰ ਆਮ ਜਨਤਾ 25 ਕਿ.ਮੀ. ਲੰਮਾ ਜਾਮ ਲੰਘ ਕੇ ਪ੍ਰਦੂਸ਼ਤ ਪਾਣੀ ਵਿੱਚ ਟੁੱਭੀ ਮਾਰਨ ਲਈ ਮਜ਼ਬੂਰ ਹੈ। ਸੰਗਮ ਤੱਕ ਜਾਣ ਅਤੇ ਟੁੱਭੀ ਨਹਾਉਣ ਲਈ ਹਜ਼ਾਰਾਂ ਰੁਪਏ ਲਏ ਜਾਣ ਦੀਆਂ ਖਬਰਾਂ ਹਨ। ਜਿੱਥੇ ਤੀਰਥਾਂ 'ਤੇ ਨਹਾਉਣ ਦੀ ਪ੍ਰੰਪਰਾ ਚਿਰਾਂ ਤੋਂ ਚੱਲੀ ਆ ਰਹੀ ਹੈ, ਉੱਥੇ ਸੂਫੀਆਂ ਸੰਤਾਂ ਨੇ ਤੀਰਥ ਨਾਹੁਣ 'ਤੇ ਇਹ ਕਹਿ ਕੇ ਸੁਆਲ ਵੀ ਕੀਤਾ ਹੈ - ਜੇ ਰੱਬ ਮਿਲਦਾ ਨਾਤ੍ਹਿਆਂ ਧੋਤ੍ਹਿਆਂ ਤਾਂ ਮਿਲਦਾ ਡੱਡੂਆਂ ਮੱਛੀਆਂ...

ਨਮਾਮਿ ਗੰਗੇ ਮਿਸ਼ਨ-2 ਲਈ 23 ਹਜ਼ਾਰ ਕ੍ਰੋੜ ਦਾ ਬਜਟ ਰੱਖਿਆ ਗਿਆ ਹੈ। ਯਾਦ ਕਰੋ ਜਦੋਂ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਸੀ ਕਿ ਲਗਦਾ ਹੈ 200 ਸਾਲ ਹੋਰ ਗੰਗਾ ਸਾਫ ਨਹੀਂ ਹੋਵੇਗੀ। ਆਸਥਾ ਆਪਣੀ ਜਗ੍ਹਾ ਹੈ ਪਰ 21ਵੀਂ ਸਦੀ ਦੇ ਧਾਰਮਿਕ ਸ਼ਰਧਾਲੂ ਨੂੰ 'ਆਪਣੀ' ਸਰਕਾਰ ਤੋਂ ਇਹ ਸੁਆਲ ਪੁੱਛਣਾ ਬਣਦਾ ਹੈ ਕਿ ਜਿਸ ਨਦੀ ਤੋਂ 11 ਰਾਜਾਂ ਦੇ 50 ਕਰੋੜ ਲੋਕ ਯਾਨਿ ਸਾਡੀ 40% ਆਬਾਦੀ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੀ ਹੈ (ਟਾਈਮਜ਼ ਆਫ ਇੰਡੀਆ) ਉਨ੍ਹਾਂ ਲਈ ਗੰਗਾ ਸਾਫ ਕਦੋਂ ਹੋਵੇਗੀ? ਪ੍ਰੰਪਰਾ ਤੇ ਆਸਥਾ ਦੇ ਵਹਿਣ ਵਿੱਚ ਸਾਫ ਪਾਣੀ ਮੰਗਣ ਦਾ ਹੱਕ ਵੀ ਵਹਿ ਨਾ ਜਾਂਦਾ ਹੋਵੇ।

ਸਾਰੀਆਂ ਨਦੀਆਂ ਪਹਾੜਾਂ ਦੇ ਗਲੇਸ਼ੀਅਰਾਂ ਤੋਂ ਸ਼ੀਸ਼ੇ ਵਰਗਾ ਪਾਣੀ ਲੈ ਕੇ ਨਿੱਕਲਦੀਆਂ ਹਨ। ਫਿਰ ਕਚਰਾ ਪਾਕੇ ਉਸਨੂੰ ਕਾਲਾ ਕਰਨ ਦਾ 'ਪਾਪ' ਕੌਣ ਕਰਦਾ ਹੈ? ਸ਼ਾਇਦ ਚਾਰ ਦਹਾਕੇ ਪਹਿਲਾਂ ਫਿਲਮ ਰਾਮ ਤੇਰੀ ਗੰਗਾ ਮੈਲੀ ਦਾ ਰਵਿੰਦਰ ਜੈਨ ਦਾ ਲਿਖਿਆ ਗੀਤ ਇਸਦਾ ਜਵਾਬ ਦੇ ਸਕੇ-

ਨਦੀ ਔਰ ਨਾਰੀ ਰਹੇ ਔਰੋਂ ਕਾ ਕਲੰਕ ਸਰ ਢੋਤੇ
ਰਾਮ ਤੇਰੀ ਗੰਗਾ ਮੈਲੀ ਹੋ ਗਈ ਪਾਪੀਓਂ ਕੇ ਪਾਪ ਧੋਤੇ ਧੋਤੇ।

ਅਸਲ 'ਪਾਪੀ' ਹਨ ਅਣਟਰੀਟਡ ਕਚਰਾ ਨਦੀਆਂ ਵਿੱਚ ਸੁੱਟਣ ਵਾਲੇ ਲਾਲਚੀ ਉਦਯੋਗਪਤੀ ਅਤੇ ਉਹ ਲੋਕ ਜੋ ਗੰਗਾ ਦੀ "ਗੰਗਾ ਮਈਆ" ਦੇ ਤੌਰ 'ਤੇ ਜਿੰਨੀ ਪੂਜਾ ਕਰਦੇ ਹਨ, ਇੱਕ ਦਰਿਆ ਦੇ ਤੌਰ 'ਤੇ ਓਨੀ ਹੀ ਬੇਕਦਰੀ ਕਰਦੇ ਹਨ। ਆਮ ਬੰਦਾ ਤਾਂ ਉਂਝ ਹੀ 'ਪਾਪ' ਧੋਂਦਾ ਫਿਰਦਾ ਹੈ।

98555-30721

ਅੱਜ ਕੱਲ੍ਹ ਭਾਰਤ ਵਿੱਚ ਇੱਕ ਹੋਰ ਕਿਸਮ ਦੇ ਪਖੰਡੀ ਪੈਦਾ ਹੋਏ ਹਨ। ਇਸ ਦੇਸ਼ ਦੇ 'ਬੁੱਧੀਮਾਨ' ਧੋਖੇਬਾਜ਼ਾਂ ਨੇ, ਘੱਟ ਮਿਹਨਤ ਨਾਲ ਵੱਧ ਧਨ ਇਕੱਠਾ ਕਰਨ ਦਾ ਢੰਗ ਲੱਭ ਲਿਆ ਹੈ। ਉਹ ਅਜਿਹੇ ਚੁਸਤ ਆਦਮੀ ਦੀ ਚੋਣ ਕਰਦੇ ਹਨ, ਜਿਹੜਾ ਹੱਥ ਦੀ ਸਫਾਈ ਦਾ ਮਾਹਿਰ ਹੋਵੇ ਅਤੇ ਉਸ ਨੂੰ 'ਅਵਤਾਰ' ਬਣਾ ਦਿੰਦੇ ਹਨ। ਅਜਿਹੇ 'ਦੇਵ-ਪੁਰਸ਼ਾਂ' ਦੇ ਚਮਤਕਾਰਾਂ ਅਤੇ ਗੈਬੀ ਸ਼ਕਤੀਆਂ ਬਾਰੇ ਅਨੇਕਾਂ 'ਪਰੀ'-ਕਹਾਣੀਆਂ ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪਦੀਆਂ ਹਨ। ਜਦੋਂ ਉਸ ਦਾ ਸਵਾਂਗ ਲੋਕਾਂ ਵਿੱਚ ਪ੍ਰਗਟ ਹੁੰਦਾ ਹੈ ਤਾਂ ਉਸਦੇ ਏਜੰਟ ਉਸਨੂੰ ਫੁੱਲ ਭੇਟਾ ਕਰਦੇ ਹਨ ਅਤੇ ਡੰਡਾਉਤ ਕਰਦੇ ਹਨ। ਕਿਉਂਕਿ ਬਹੁਤ ਸਾਰੇ ਸ਼ਰਧਾਲੂਆਂ ਨੂੰ ਦੂਸਰਿਆਂ ਦੀ ਨਕਲ ਕਰਨ ਦੀ ਆਦਤ ਹੁੰਦੀ ਹੈ, ਇਸ ਲਈ ਹਜ਼ਾਰਾਂ ਹੀ ਦਰਸ਼ਕ ਚਮਤਕਾਰ ਕਰਨ ਵਾਲੇ ਢੋਂਗੀ ਸਾਹਮਣੇ ਡੰਡਾਉਤ ਕਰਨ ਲੱਗ ਜਾਂਦੇ ਹਨ। ਇਸ ਨਾਲ ਲੱਖਾਂ ਰੁਪਏ ਇਕੱਠੇ ਹੋ ਜਾਂਦੇ ਹਨ ਅਤੇ ਅਜਿਹੇ ਮਦਾਰੀ ਤੇ ਉਹਨਾਂ ਦੇ ਚੇਲੇ ਪੈਸੈ ਵੰਡ ਲੈਂਦੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਇਹਨਾਂ ਫਰੇਬੀਆਂ ਵਿੱਚ ਇਸ ਦੇਸ਼ ਦੇ ਬਹੁਤ ਸਾਰੇ ਉੱਚ ਯੋਗਤਾ ਵਾਲੇ ਸਾਇੰਸਦਾਨ ਵੀ ਸ਼ਾਮਲ ਹਨ।



**ਡਾ. ਇਬਰਾਹਿਮ ਟੀ ਕਾਵੂਰ**

---

## ਆਰ.ਟੀ.ਆਈ. ਰਾਹੀਂ ਪੁੱਛਿਆ - ਸਰਸਵਤੀ ਦਾ ਜਨਮ ਕਦੋਂ ਹੋਇਆ ? ਉਹਨਾਂ ਦਾ ਸਿੱਖਿਆ ਵਿੱਚ ਕੀ ਯੋਗਦਾਨ ਹੈ ?

ਰਾਜਸਥਾਨ ਵਿੱਚ ਭੀਲਵਾੜਾ ਵਿਖੇ ਮੋਤੀ ਲਾਲ ਨਾਮ ਦੇ ਇੱਕ ਵਿਅਕਤੀ ਨੇ ਸਿੱਖਿਆ ਅਧਿਕਾਰੀਆਂ ਤੋਂ ਇਹ ਸੂਚਨਾ ਮੰਗੀ ਕਿ ਵਿੱਦਿਆ ਦੀ 'ਦੇਵੀ' ਮਾਂ ਸਰਸਵਤੀ ਦਾ ਸਿੱਖਿਆ ਦੇ ਖੇਤਰ ਵਿੱਚ ਕੀ ਯੋਗਦਾਨ ਹੈ ? ਉਹਨਾਂ ਦਾ ਜਨਮ ਕਿੱਥੇ ਹੋਇਆ ? ਕਿੱਥੇ ਉਹਨਾਂ ਨੇ ਪੜ੍ਹਾਈ ਕੀਤੀ ? ਕਿਹੜੀ-ਕਿਹੜੀ ਡਿਗਰੀ ਉਹਨਾਂ ਕੋਲ ਹੈ ? ਸਰਕਾਰੀ ਸਕੂਲਾਂ ਵਿੱਚ ਉਹਨਾਂ ਦੀ ਮੂਰਤੀ ਸਥਾਪਿਤ ਕੀਤੇ ਜਾਣ ਪਿੱਛੇ ਕੀ ਉਦੇਸ਼ ਹੈ ?

ਬ੍ਰਹਮਾ ਰਾਮ ਚੌਧਰੀ, ਡੀ.ਈ.ਓ. ਭੀਲਵਾੜਾ ਨੇ ਇਸ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ-ਫਿਲਹਾਲ ਇਸ ਤਰ੍ਹਾਂ ਦੀ ਸੂਚਨਾ ਦਫਤਰ ਵਿੱਚ ਮੌਜੂਦ ਨਹੀਂ ਹੈ। ਜੋ ਵੀ ਹੋਵੇਗਾ, ਸਮੇਂ 'ਤੇ ਬੇਨਤੀ ਕਰਤਾ ਨੂੰ ਦੱਸ ਦਿੱਤਾ ਜਾਵੇਗਾ।

ਇਹ ਸੂਚਨਾ 2022 ਵਿੱਚ ਉੱਥੋਂ ਦੇ ਸਕੂਲਾਂ ਵਿੱਚ ਸਰਸਵਤੀ ਦੀਆਂ ਮੂਰਤੀਆਂ ਲਗਾਏ ਜਾਣ 'ਤੇ ਪੁੱਛੀ ਗਈ ਸੀ।

---

## ਕੁੰਭ ਮੇਲੇ ਦੇ ਪਾਣੀ ਵਿੱਚ ਵੱਡੀ ਮਾਤਰਾ ਵਿੱਚ FCC (ਬੈਕਟੀਰੀਆ) ਦੀ ਮੌਜੂਦਗੀ : ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (CPCB) ਵੱਲੋਂ ਕੌਮੀ ਗਰੀਨ ਟ੍ਰਿਬਿਊਨਨ (NGT) ਨੂੰ ਪੇਸ਼ ਕੀਤੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ, "ਪ੍ਰਯਾਗਰਾਜ ਵਿੱਚ ਮਹਾਂਕੁੰਭ ਦੇ ਦੌਰਾਨ, ਜਿਸ ਦਰਿਆ ਦੇ ਪਾਣੀ ਵਿੱਚ ਲੋਕ 'ਪਵਿੱਤਰ ਡੁਬਕੀ' ਲਗਾਉਂਦੇ ਹਨ, ਉਸ ਵਿੱਚ ਫੇਕਲ ਕੋਲੀਫ਼ਾਰਮ (Faecal Coliform) (ਇਹ ਬੈਕਟੀਰੀਆ ਗਰਮ ਖੂਨ ਵਾਲੇ ਜਾਨਵਰਾਂ ਦੀਆਂ ਅੰਤੜੀਆਂ ਵਿੱਚ ਪਾਇਆ ਜਾਂਦਾ ਹੈ। ਇਹ ਬੈਕਟੀਰੀਆ ਉਹਨਾਂ ਦੇ ਮਲ ਵਿੱਚ ਵੀ ਪਾਇਆ ਜਾਂਦਾ ਹੈ) ਦੀ ਬਹੁਤ ਵੱਡੀ ਮਾਤਰਾ ਵਿੱਚ ਮੌਜੂਦਗੀ ਹੈ। ਇਹ ਰਿਪੋਰਟ (CPCB) ਵੱਲੋਂ 3 ਫਰਵਰੀ ਨੂੰ ਗਰੀਨ ਕੋਰਟ ਵਿੱਚ ਜਮ੍ਹਾਂ ਕਰਵਾਈ ਗਈ ਹੈ।

NGT ਦਾ ਇੱਕ ਪ੍ਰਮੁੱਖ ਬੈਂਚ ਚੇਅਰਪਰਸਨ ਜਸਟਿਸ ਪ੍ਰਕਾਸ਼ ਸ਼੍ਰੀਵਾਸਤਵ, ਜੁਡੀਸ਼ੀਅਲ ਮੈਂਬਰ ਜਸਟਿਸ ਸੁਧੀਰ ਅਗਰਵਾਲ ਅਤੇ ਮਾਹਿਰ ਮੈਂਬਰ ਏ. ਸੈਨਥਿਲ ਪ੍ਰਯਾਗਰਾਜ ਵਿਚਲੇ ਗੰਗਾ ਅਤੇ ਯਮੁਨਾ ਦਰਿਆਵਾਂ ਦੇ ਪਾਣੀ ਦੀ ਗੁਣਾਤਮਕਤਾ ਬਾਰੇ ਇੱਕ ਪਟੀਸ਼ਨ ਦੀ ਸੁਣਵਾਈ ਕਰ ਰਿਹਾ ਹੈ।

ਜਿੱਥੋਂ ਤੱਕ ਉੱਤਰ ਪ੍ਰਦੇਸ਼ ਕੰਟਰੋਲ ਬੋਰਡ ਦਾ ਸੰਬੰਧ ਹੈ, ਉਸ ਨੇ ਟ੍ਰਿਬਿਊਨਲ ਦੇ 23 ਦਸੰਬਰ 2024 ਦੇ ਹੁਕਮ ਦੇ ਪੈਰ੍ਹਾ 19(VIII) ਵਿੱਚ ਦਿੱਤੀ ਡਾਇਰੈਕਸ਼ਨ ਸੰਬੰਧੀ ਕੋਈ ਵਿਸਥਾਰਤ ਕਾਰਜ ਰਿਪੋਰਟ ਉਸ ਅੱਗੇ ਪੇਸ਼ ਨਹੀਂ ਕੀਤੀ।



ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ 23 ਵੇਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਸਮਾਗਮ ਨੂੰ ਸੰਬੋਧਨ ਕਰਦੇ ਹੋਏ



ਸਮਾਗਮ ਦੇ ਮੁੱਖ ਬੁਲਾਰੇ ਅਮੋਲਕ ਸਿੰਘ ਨੂੰ ਸਨਮਾਨਿਤ ਕੀਤੇ ਜਾਣ ਦੀ ਝਲਕ



ਸਮਾਗਮ ਵਿੱਚ ਹਾਜ਼ਰ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਦੇ ਤਰਕਸ਼ੀਲ ਕਾਰਕੁੰਨ

If undelivered please return to :

**Tarksheel**

Tarksheel Bhawan, Tarksheel Chowk,
Sanghera ByPass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ..............................................................

..............................................................

..............................................................